nbt.india
एकः सूते सकलम्



# ਬਾਬੇ ਬੋਲਦੇ

ਜਸਵੰਤ ਸਿੰਘ ਜ਼ਫ਼ਰ

# ਬਾਬੇ ਬੋਲਦੇ

ਵਿਆਪਕ ਪ੍ਰਕਾਸ਼ਨ

# ਬਾਬੇ ਬੋਲਦੇ

ਜਸਵੰਤ ਸਿੰਘ ਜ਼ਫ਼ਰ

nbt.india
एकः सूते सकलम्
ਨੈਸ਼ਨਲ ਬੁੱਕ ਟਰੱਸਟ, ਇੰਡੀਆ

ਸ੍ਰੀ ਰਾਜੀਵ ਗਾਂਧੀ-ਸੰਤ ਹਰਚੰਦ ਸਿੰਘ ਲੌਂਗੋਵਾਲ ਸਮਝੌਤੇ ਤਹਿਤ ਸਥਾਪਿਤ ਵਿਸ਼ੇਸ਼ ਪੰਜਾਬੀ ਸੈੱਲ 'ਚ ਪ੍ਰਕਾਸ਼ਿਤ ਮੂਲ ਪੰਜਾਬੀ ਪੁਸਤਕ।

ISBN 978-93-5743-843-8

2024 (ਸ਼ੱਕ ਸੰਮਤ 1946)
ਮੂਲ © ਜਸਵੰਤ ਸਿੰਘ ਜ਼ਫ਼ਰ
Babe Bolde *(Punjabi Original)*
**₹ 180.00**
ਨਿਰਦੇਸ਼ਕ, ਨੈਸ਼ਨਲ ਬੁੱਕ ਟਰੱਸਟ, ਇੰਡੀਆ
ਨਹਿਰੂ ਭਵਨ, 5 ਇੰਸਟੀਚਿਊਸ਼ਨਲ ਏਰੀਆ, ਫੇਜ਼-II,
ਵਸੰਤ ਕੁੰਜ, ਨਵੀਂ ਦਿੱਲੀ-110070 ਵੱਲੋਂ ਪ੍ਰਕਾਸ਼ਿਤ
www.nbtindia.gov.in

# ਤਤਕਰਾ


ਕੁਦਰਤਿ ਕਵਣ ਕਹਾ ਵੀਚਾਰੁ 1

ਗੁਰੂ ਨਾਨਕ ਬਾਣੀ ਅਤੇ ਚੌਗਿਰਦਾ ਬੋਧ 11

ਗੁਰਮਤਿ ਦੇ ਪਹਿਲੇ ਸਿਧਾਂਤਕਾਰ : ਭਗਤ ਨਾਮਦੇਵ ਜੀ 18

ਸਤਿ ਭਾਖੈ ਰਵਿਦਾਸ 29

ਕਬੀਰ ਸਤਿਗੁਰ ਸੂਰਮੇ 37

ਗੁਰੂ ਨਾਨਕ ਬੁੱਢੇ ਨਹੀਂ ਸਨ 47

ਗੁਰਮਤਿ ਵਿਚ ਸਮਾਜ ਦਾ ਸਰੂਪ 57

ਕੁਦਰਤੀ ਵਾਤਾਵਰਨ ਅਤੇ ਗੁਰੂ ਗੋਬਿੰਦ ਸਿੰਘ 66

ਬਦਲਾ ਕਿ ਬਖ਼ਸ਼ਿੰਦਗੀ 72

ਭਗਤ ਸਿੰਘ ਦੇ ਅਸਲ ਨੂੰ ਤਲਾਸ਼ਦਿਆਂ 78

ਪ੍ਰੋ. ਪੂਰਨ ਸਿੰਘ ਅਤੇ ਪੰਜਾਬ 93

ਦਰੀਆਵਾ ਸਿਉ ਦੋਸਤੀ 99

ਸਾਵੇ ਪੱਤਰ ਵਾਲੇ ਮੋਹਨ ਸਿੰਘ ਦਾ ਰੱਬ 106

ਜਿਹਨਾਂ ਤੋਂ ਪੰਥ ਨੂੰ ਵਿਛੋੜਿਆ ਨਹੀਂ ਗਿਆ 114

# ਕੁਦਰਤਿ ਕਵਣ ਕਹਾ ਵੀਚਾਰੁ

ਇਸ ਲੇਖ ਦਾ ਮਨੋਰਥ ਜਿਥੇ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਤੋਂ ਅਖੀਰ ਤੱਕ ਵੱਖ ਵੱਖ ਰਾਗਾਂ ਵਿਚ ਫੈਲੀ ਬਾਣੀ ਦੇ ਹਵਾਲੇ ਨਾਲ ਗੁਰੂ ਨਾਨਕ ਦੀ ਦ੍ਰਿਸ਼ਟੀ ਤੋਂ ਪ੍ਰਸਤੁਤ ਹੋਏ ਕੁਦਰਤ ਦੀ ਧਾਰਨਾ ਜਾਂ ਸੰਕਲਪ ਨੂੰ ਸਮਝਣ ਦਾ ਯਤਨ ਕਰਨਾ ਹੈ ਉਥੇ ਕੁਦਰਤ ਸਬੰਧੀ ਮਨੁੱਖੀ ਸੋਚ ਵਿਚ ਇਤਿਹਾਸਕ ਤੌਰ ਤੇ ਆਈ ਉਸ ਤਬਦੀਲੀ ਦੀ ਪ੍ਰਕਿਰਿਆ ਨੂੰ ਸਮਝਣਾ ਹੈ ਜਿਸ ਦੇ ਨਤੀਜੇ ਵਜੋਂ ਮਨੁੱਖ 'ਵਿਕਾਸ' ਦੀ ਅਜਿਹੀ ਦਿਸ਼ਾ ਵਿਚ ਤੁਰਨ ਲੱਗਾ ਕਿ ਇਸ ਨੇ ਉਸ ਵਾਤਾਵਰਣ ਨੂੰ ਹੀ ਨਸ਼ਟ ਕਰਨਾ ਸ਼ੁਰੂ ਕਰ ਦਿੱਤਾ ਜਿਸ ਦੇ ਨਾਲ ਅਤੇ ਜਿਸ ਦੇ ਕਾਰਨ ਮਨੁੱਖ ਜਾਤੀ ਨੇ ਹੋਂਦ ਗ੍ਰਹਿਣ ਕੀਤੀ ਸੀ। ਸਿਰਲੇਖ ਲਈ ਚੁਣੀ ਗਈ ਸਤਰ 'ਕੁਦਰਤਿ ਕਵਣ ਕਹਾ ਵੀਚਾਰੁ' ਦਾ ਸਬੰਧ ਗੁਰੂ ਗਰੰਥ ਸਾਹਿਬ ਦੀ ਪਹਿਲੀ ਅਤੇ ਗੁਰੂ ਨਾਨਕ ਦੀ ਸਭ ਤੋਂ ਵੱਧ ਪੜ੍ਹੀ ਜਾਣ ਵਾਲੀ ਜਪੁ ਬਾਣੀ ਦੀ ਸੋਲ੍ਹਵੀਂ ਤੋਂ ਲੈ ਕੇ ਉਨ੍ਹੀਵੀਂ ਪਾਉੜੀ ਤੱਕ ਨਾਲ ਹੈ। ਸੋਲ੍ਹਵੀਂ ਪਾਉੜੀ ਵਿਚ "ਜੇ ਕੋ ਕਹੈ ਕਰੈ ਵੀਚਾਰੁ, ਕਰਤੇ ਕੈ ਕਰਣੈ ਨਾਹੀ ਸੁਮਾਰੁ" ਨਾਲ ਗੁਰੂ ਨਾਨਕ ਸਾਹਿਬ ਕਾਦਰ ਦੀ ਕੁਦਰਤ ਦੀ ਵਿਸ਼ਾਲਤਾ ਅਤੇ ਬੇਅੰਤਤਾ ਨੂੰ ਗਾਉਣਾ ਸ਼ੁਰੂ ਕਰਦੇ ਹਨ। ਇਹ ਵੀ ਇਤਫ਼ਾਕ ਹੈ ਕਿ "ਕੁਦਰਤਿ ਕਵਣ ਕਹਾ ਵੀਚਾਰੁ" ਦੀ ਪੰਕਤੀ ਜਦ ਪਹਿਲੀ ਵਾਰ ਸੋਲ੍ਹਵੀਂ ਪਾਉੜੀ ਦੇ ਅਖੀਰ 'ਤੇ ਸਥਾਈ ਜਾਂ ਦੁਹਰਾਓ ਵਾਲੀ ਸਤਰ ਦੇ ਤੌਰ 'ਤੇ ਦਰਜ ਹੁੰਦੀ ਹੈ ਤਾਂ ਉਸ ਤੋਂ ਪਹਿਲਾਂ ਦਰਿਆਵਾਂ ਦਾ ਜਿਕਰ ਆਉਂਦਾ ਹੈ:

ਕੀਤਾ ਪਸਾਉ ਏਕੋ ਕਵਾਉ॥ ਤਿਸ ਤੇ ਹੋਏ ਲਖ ਦਰੀਆਉ॥
ਕੁਦਰਤਿ ਕਵਣ ਕਹਾ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ॥
ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥

(3, ਜਪੁ, ਮ.1)

ਲੱਖਾਂ ਦਰਿਆਵਾਂ ਨੂੰ ਕੁਦਰਤ ਦੀ ਸਵੈ ਉਤਪਤੀ ਕਹਿਣ ਤੋਂ ਬਾਅਦ ਆਪ ਸਤਾਰਵੀਂ ਪਾਉੜੀ ਵਿਚ ਇਸ ਬੇਅੰਤਤਾ ਦੇ ਹੋਰ ਹਿੱਸਿਆਂ ਅਤੇ ਓਦਾਹਰਣਾਂ ਵਜੋਂ ਅਸੰਖ ਜਪਾਂ, ਤਪਾਂ, ਪੂਜਾ-ਪਾਠਾਂ, ਜੋਗਾਂ, ਮੌਨਾਂ, ਗਿਆਨ, ਧਿਆਨ, ਵਿਚਾਰਾਂ ਆਦਿ ਸਰਗਰਮੀਆਂ ਦੇ ਨਾਲ-ਨਾਲ ਅਸੰਖ ਭਗਤਾਂ, ਪ੍ਰੇਮੀਆਂ, ਉਦਾਸੀਆਂ, ਦਾਨੀਆਂ, ਧਿਆਨੀਆਂ, ਸੂਰਬੀਰਾਂ ਆਦਿ ਦੀ ਗੱਲ ਕਰਦੇ ਹਨ:

ਅਸੰਖ ਜਪ ਅਸੰਖ ਭਾਉ॥ ਅਸੰਖ ਪੂਜਾ ਅਸੰਖ ਤਪ ਤਾਉ॥

ਅਸੰਖ ਗਰੰਥ ਮੁਖਿ ਵੇਦ ਪਾਠ॥ ਅਸੰਖ ਜੋਗ ਮਨਿ ਰਹਹਿ ਉਦਾਸ॥
ਅਸੰਖ ਭਗਤ ਗੁਣ ਗਿਆਨ ਵੀਚਾਰ॥ ਅਸੰਖ ਸਤੀ ਅਸੰਖ ਦਾਤਾਰ॥
ਅਸੰਖ ਸੂਰ ਮੁਹ ਭਖ ਸਾਰ॥ ਅਸੰਖ ਮੋਨਿ ਲਿਵ ਲਾਇ ਤਾਰ॥
ਕੁਦਰਤਿ ਕਵਣ ਕਹਾ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ॥

(3, ਜਪੁ, ਮ.1)

ਗੁਰੂ ਸਾਹਿਬ ਦਾ ਧਿਆਨ ਇਸ ਅਨੰਤਤਾ ਜਾਂ ਵਿਸ਼ਾਲਤਾ ਦੇ ਦੂਸਰੇ ਪੱਖ ਵੱਲ ਵੀ ਜਾਂਦਾ ਹੈ। ਅਠਾਰ੍ਹਵੀਂ ਪਾਉੜੀ ਮੁਤਾਬਕ ਉਪਰੋਕਤ ਸਾਰਿਆਂ ਦੇ ਨਾਲ ਨਾਲ ਅਣਗਿਣਤ ਮੂਰਖ, ਚੋਰ, ਹਰਾਮਖੋਰ, ਜਾਬਰ, ਜ਼ਾਲਮ, ਹਤਿਆਰੇ, ਪਾਪੀ, ਝੂਠੇ, ਨਿੰਦਕ, ਮਲੇਛ ਆਦਿ ਵੀ ਤਾਂ ਕੁਦਰਤ ਦੀ ਬੇਅੰਤਤਾ ਦਾ ਹੀ ਹਿੱਸਾ ਹਨ ਜਿਹਨਾਂ ਨੂੰ ਨੈਤਿਕਤਾ ਦੇ ਹਿਸਾਬ ਨਾਲ ਅਸੀਂ ਨੀਚ ਜਾਂ ਬੁਰੇ ਵਿਚਾਰਦੇ ਜਾਂ ਖਿਆਲ ਕਰਦੇ ਹਾਂ:

ਅਸੰਖ ਮੂਰਖ ਅੰਧ ਘੋਰ॥ ਅਸੰਖ ਚੋਰ ਹਰਾਮਖੋਰ॥
ਅਸੰਖ ਅਮਰ ਕਰਿ ਜਾਹਿ ਜੋਰ॥
ਅਸੰਖ ਗਲਵਢ ਹਤਿਆ ਕਮਾਹਿ॥ ਅਸੰਖ ਪਾਪੀ ਪਾਪੁ ਕਰਿ ਜਾਹਿ॥
ਅਸੰਖ ਕੂੜਿਆਰ ਕੂੜੇ ਫਿਰਾਹਿ॥ ਅਸੰਖ ਮਲੇਛ ਮਲੁ ਭਖਿ ਖਾਹਿ॥
ਅਸੰਖ ਨਿੰਦਕ ਸਿਰਿ ਕਰਹਿ ਭਾਰੁ॥ ਨਾਨਕੁ ਨੀਚੁ ਕਹੈ ਵੀਚਾਰੁ॥

(4, ਜਪੁ, ਮ.1)

ਉਨ੍ਹੀਵੀਂ ਪਾਉੜੀ ਵਿਚ ਸਭ ਕਾਸੇ ਨੂੰ ਕੁਦਰਤਿ ਕਹਿ ਕੇ ਪਾਉੜੀ ਨੂੰ ਸਮਾਪਤ ਕਰਦੇ ਹੋਏ ਗੁਰੂ ਸਾਹਿਬ ਆਖਦੇ ਹਨ ਕਿ ਸ੍ਰਿਸ਼ਟੀ ਦਾ ਸਾਰਾ ਕੁਝ ਨਾਮ ਤੋਂ ਪੈਦਾ ਹੋਇਆ ਹੈ ਅਤੇ ਕੋਈ ਥਾਂ ਨਾਮ ਤੋਂ ਬਾਹਰਾ ਨਹੀਂ ਹੈ:

ਜੇਤਾ ਕੀਤਾ ਤੇਤਾ ਨਾਉ॥ ਵਿਣੁ ਨਾਵੈ ਨਾਹੀ ਕੋ ਥਾਉ॥
ਕੁਦਰਤਿ ਕਵਣ ਕਹਾ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ॥
ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥

(4, ਜਪੁ, ਮ.1)

ਗੁਰੂ ਨਾਨਕ ਦੇ ਸ਼ਬਦਾਂ ਵਿਚ ਕੁਦਰਤ ਸਮੁੱਚੀ ਸ੍ਰਿਸ਼ਟੀ, ਇਸ ਦੇ ਸਾਰੇ ਅੰਗਾਂ, ਰੰਗਾਂ, ਢੰਗਾਂ, ਜੀਵਾਂ, ਧਰਤੀਆਂ, ਅਸਮਾਨਾਂ, ਵਰਤਾਰਿਆਂ, ਸਰਗਰਮੀਆਂ, ਅਨੁਭਵਾਂ, ਵਿਚਾਰਾਂ ਆਦਿ ਦੇ ਏਕਾਕ੍ਰਿਤ ਸਮੁੱਚ ਦੇ ਨਾਲ ਨਾਲ ਇਸ ਦੀ ਸਵੈ ਸਥਾਪਤ ਅਤੇ ਸਵੈ ਸੰਚਾਲਤ ਰਚਨਾਤਮਿਕ ਸ਼ਕਤੀ ਨੂੰ ਕਿਹਾ ਗਿਆ ਹੈ:

ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ॥
ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ॥
ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵਿਚਾਰੁ॥

ਕੁਦਰਤਿ ਖਾਣਾ ਪੀਣਾ ਪੈਨ੍ਣੁ ਕੁਦਰਤਿ ਸਰਬ ਪਿਆਰੁ॥
ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ॥
ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ॥
ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ॥
ਸਭ ਤੇਰੀ ਕੁਦਰਤਿ ਤੂ ਕਾਦਿਰੁ ਕਰਤਾ ਪਾਕੀ ਨਾਈ ਪਾਕਿ॥
ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ॥ (464, ਆਸਾ ਮ. 1)

ਇੰਜ ਕੁਦਰਤ ਤਾਂ ਇਕ ਸੰਗਠਿਤ ਇਕਾਈ ਹੈ ਪਰ ਸਾਡੀ ਹਉਮੈ ਜਾਂ ਦੁਰਾਂਡੇ ਭਰੀ ਸੋਚ ਕਾਰਨ ਕੁਦਰਤ ਦਾ ਇਹ ਸਾਰਾ ਕੁਝ ਵੱਖਰਾ ਵੱਖਰਾ ਜਾਂ ਵੰਡਿਆ ਹੋਇਆ ਲਗਦਾ ਹੈ। ਨਾਮ ਨਾਲ ਇਹ ਸਾਰਾ ਕੁਝ ਏਕਤਾਮਈ ਸਹਿਹੋਂਦ ਵਿਚ ਬੱਝਾ ਹੋਣ ਦਾ ਅਹਿਸਾਸ ਹੁੰਦਾ ਹੈ। ਸ਼ਬਦ ਦੁਆਰਾ ਨਾਮ ਦੀ ਸਮਝ ਨਾਲ ਕੁਦਰਤ ਜਾਂ ਸ੍ਰਿਸ਼ਟੀ ਦੀ ਹੁਕਮ ਵਿਚ ਬੱਝੀ ਹੋਈ ਸਮੁੱਚੀ ਅਪਰ ਅਪਾਰਤਾ ਦੀ ਸੋਝੀ ਹੁੰਦੀ ਹੈ:

ਜਿਨਿ ਜਗੁ ਸਿਰਜਿ ਸਮਾਇਆ ਸੋ ਸਾਹਿਬੁ ਕੁਦਰਤਿ ਜਾਣੋਵਾ॥
ਸਚੜਾ ਦੂਰਿ ਨ ਭਾਲੀਐ ਘਟਿ ਘਟਿ ਸਬਦੁ ਪਛਾਣੋਵਾ॥
(581, ਵਡਹੰਸ ਮ.1)

ਕੁਦਰਤਿ ਦੇਖਿ ਰਹੇ ਮਨੁ ਮਾਨਿਆ॥ ਗੁਰ ਸਬਦੀ ਸਭੁ ਬ੍ਰਹਮੁ ਪਛਾਨਿਆ॥
ਨਾਨਕ ਆਤਮ ਰਾਮੁ ਸਬਾਇਆ ਗੁਰ ਸਤਿਗੁਰ ਅਲਖੁ ਲਖਾਇਆ॥
(1043, ਮਾਰੂ ਮ.1)

ਇਸ ਕੁਦਰਤ ਭਾਵ ਸ੍ਰਿਸ਼ਟੀ ਦੀ ਰਚਨਾ ਜਾਂ ਆਰੰਭਤਾ ਬਾਰੇ ਗੁਰੂ ਨਾਨਕ ਦਾ ਕਹਿਣਾ ਹੈ :

ਸੁੰਨ ਕਲਾ ਅਪਰੰਪਰਿ ਧਾਰੀ॥ ਆਪਿ ਨਿਰਾਲਮੁ ਅਪਰ ਅਪਾਰੀ॥
ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨੁ ਉਪਾਇਦਾ॥
(1037, ਮਾਰੂ ਮ.1)

ਸ੍ਰਿਸ਼ਟੀ ਦੀ ਉਤਪਤੀ ਤੋਂ ਬਾਅਦ ਧਰਤੀ ਉਪਰ ਜੀਵਨ ਦੇ ਰੌਣਕ ਮੇਲੇ ਦੀ ਆਰੰਭਤਾ, ਵਿਕਾਸ ਅਤੇ ਇਸ ਦੀ ਇਕਮਿਕਤਾ ਭਰੀ ਇਕਸੁਰਤਾ ਬਾਰੇ ਬਾਬੇ ਦਾ ਕਥਨ ਹੈ:

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥
(19, ਸਿਰੀਰਾਗੁ ਮ.1)

ਜਦੋਂ ਪੰਦਰਵੀਂ ਸਦੀ ਦੇ ਅੰਤ ਅਤੇ ਸੋਹਲਵੀਂ ਸਦੀ ਦੇ ਆਰੰਭ ਵਿਚ ਪੱਛਮ ਵਿਚ ਕੁਦਰਤ ਦੇ ਵਰਤਾਰਿਆਂ ਤੇ ਭੇਦਾਂ ਨੂੰ ਜਾਨਣ ਲਈ 'ਵਿਗਿਆਨਕ ਢੰਗ' ਅਪਣਾਏ

ਜਾਣ ਲੱਗੇ ਸਨ, ਥਿਊਰੀ ਨੂੰ ਨਾਲੋ-ਨਾਲ ਪ੍ਰਯੋਗਸ਼ਾਲਾ ਦੇ ਤਜ਼ਰਬੇ ਦੀ ਕਸਵੱਟੀ ਤੇ ਪਰਖਿਆ ਜਾਣ ਲੱਗਾ ਸੀ, ਨਤੀਜੇ ਗਣਿਤ ਦੀ ਸਹਾਇਤਾ ਨਾਲ ਸੂਤਰਬੱਧ ਕੀਤੇ ਜਾਣ ਲੱਗੇ ਸਨ ਉਹ ਸਮੇਂ ਗੁਰੂ ਨਾਨਕ ਸਾਹਿਬ ਪੂਰਬ ਦੀ ਧਰਤੀ ਨੂੰ ਪੈਰੀਂ ਗਾਹੁੰਦੇ ਹੋਏ ਕੁਦਰਤ ਦੀ ਸੁੰਦਰਤਾ, ਬੇਅੰਤਤਾ, ਗਤੀਸ਼ੀਲਤਾ, ਸਜੀਵਤਾ, ਸਵੈ ਸੰਚਾਲਕਤਾ ਅਤੇ ਵੰਨਸੁਵੰਤਾ ਦੀ ਅੰਤਰੀਵ ਏਕਤਾ ਨੂੰ ਗਾ ਰਹੇ ਸਨ:

ਕੇਤੀਆ ਤੇਰੀਆ ਕੁਦਰਤੀ ਕੇਵਡ ਤੇਰੀ ਦਾਤਿ॥
ਕੇਤੇ ਤੇਰੇ ਜੀਅ ਜੰਤ ਸਿਫਤਿ ਕਰਹਿ ਦਿਨੁ ਰਾਤਿ॥ (18, ਸਿਰੀਰਾਗੁ ਮ.1)

ਆਪੇ ਵੇਖੈ ਸੁਣੇ ਆਪੇ ਹੀ ਕੁਦਰਤਿ ਕਰੇ ਜਹਾਨੁ॥
ਜੋ ਤਿਸੁ ਭਾਵੈ ਨਾਨਕਾ ਹੁਕਮੁ ਸੋਈ ਪਰਵਾਨੁ॥ (25, ਸਿਰੀਰਾਗੁ ਮ.1)

ਕੁਦਰਤਿ ਕਰਿ ਕੈ ਵਸਿਆ ਸੋਇ॥
ਵਖਤੁ ਵੀਚਾਰੇ ਸੁ ਬੰਦਾ ਹੋਇ॥
ਕੁਦਰਤਿ ਹੈ ਕੀਮਤਿ ਨਹੀ ਪਾਇ॥
ਜਾ ਕੀਮਤਿ ਪਾਇ ਤ ਕਹੀ ਨ ਜਾਇ॥ (84, ਸਿਰੀਰਾਗੁ ਮ.1)

ਤੁਧੁ ਸਿਰਜੀ ਮੇਦਨੀ ਦੁਖੁ ਸੁਖੁ ਦੇਵਣਹਾਰੋ॥
ਨਾਰੀ ਪੁਰਖ ਸਿਰਜਿਐ ਬਿਖੁ ਮਾਇਆ ਮੋਹੁ ਪਿਆਰੋ॥
ਖਾਣੀ ਬਾਣੀ ਤੇਰੀਆ ਦੇਹਿ ਜੀਆ ਆਧਾਰੋ॥
ਕੁਦਰਤਿ ਤਖਤੁ ਰਚਾਇਆ ਸਚਿ ਨਿਬੇੜਣਹਾਰੋ॥
(580, ਵਡਹੰਸੁ ਦਖਣੀ ਮ.1)

ਜਹ ਜਹ ਦੇਖਾ ਤਹ ਜੋਤਿ ਤੁਮਾਰੀ ਤੇਰਾ ਰੂਪੁ ਕਿਨੇਹਾ॥
ਇਕਤੁ ਰੂਪਿ ਫਿਰਹਿ ਪਰਛੰਨਾ ਕੋਇ ਨ ਕਿਸ ਹੀ ਜੇਹਾ॥
(596, ਸੋਰਠਿ ਮ.1)

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥
(663,ਧਨਾਸਰੀ ਮ.1)

ਆਪੇ ਭਵਰਾ ਫੂਲ ਬੇਲਿ॥ ਆਪੇ ਸੰਗਤਿ ਮੀਤ ਮੇਲਿ॥
ਐਸੀ ਭਵਰਾ ਬਾਸੁ ਲੇ॥ ਤਰਵਰ ਫੂਲੇ ਬਨ ਹਰੇ॥ (1190, ਬਸੰਤੁ ਮ.1)

ਜਦ ਸਤਾਰਵੀਂ ਸਦੀ ਦੇ ਆਰੰਭ ਵਿਚ ਪੱਛਮ ਦੇ ਵਿਗਿਆਨ ਨੇ ਮਾਦੇ (ਪਦਾਰਥ), ਊਰਜਾ ਅਤੇ ਜਾਨ (ਪ੍ਰਾਣ) ਨੂੰ ਇੱਕ ਦੂਸਰੇ ਤੋਂ ਪੂਰੀ ਤਰ੍ਹਾਂ ਨਿਖੇੜ ਕੇ ਪੇਸ਼ ਕਰਨਾ ਸ਼ੁਰੂ ਕੀਤਾ ਤਾਂ ਕਾਰਟੇਜ਼ਨੀ ਨਿਖੇੜ ਕਾਰਨ ਸਭ ਚੀਜ਼ਾਂ ਬੇਜਾਨ ਅਤੇ ਵਿਯੋਗਿਤ ਨਜ਼ਰ

ਆਉਣੀਆਂ ਸ਼ੁਰੂ ਹੋਣ ਲੱਗੀਆਂ। ਇਸ ਪੱਛਮੀ ਜਾਂ ਵਿਗਿਆਨਕ ਦ੍ਰਿਸ਼ਟੀ ਨੇ ਕੁਦਰਤ (ਸ੍ਰਿਸ਼ਟੀ) ਦੀ ਹਰ ਰਚਨਾ ਨੂੰ ਇਕ ਬੇਜਾਨ ਵਸਤੂ ਜਾਂ ਗਣਿਤ ਦੇ ਇਕ ਸੁਤੰਤਰ ਅੰਕ ਵਾਂਗ ਤਸੱਵਰ ਕਰਨਾ ਸ਼ੁਰੂ ਕੀਤਾ ਅਤੇ ਪੂਰੀ ਸ੍ਰਿਸ਼ਟੀ ਨੂੰ ਇਹਨਾਂ ਵਸਤਾਂ / ਅੰਕਾਂ ਦਾ ਜੋੜ। ਅਜਿਹੀ ਮਕਾਨਕੀ ਸਮਝ ਹੀ ਸਤਾਰ੍ਹਵੀਂ ਸਦੀ ਦੇ ਅੱਧ ਵਿਚ ਨਿਊਟਨ ਦੀ ਕਲਾਸੀਕਲ ਮਕੈਨਿਕਸ ਦਾ ਅਧਾਰ ਬਣੀ। ਇਸ ਸਤਾਰਵੀਂ ਸਦੀ ਦੇ ਆਰੰਭ ਵਿਚ ਹੀ ਇਧਰ ਗੁਰੂ ਨਾਨਕ ਦੀ ਬਾਣੀ ਉਹਨਾਂ ਦੇ ਲੜੀਵਾਰ ਚਾਰ ਉਤਰਾਧਿਕਾਰੀ "ਨਾਨਕ ਸਾਇਰਾਂ" ਅਤੇ ਹੋਰ ਭਗਤਾਂ ਮਹਾਂਪੁਰਖਾਂ ਦੀ ਬਾਣੀ ਸਮੇਤ ਆਦਿ ਸ੍ਰੀ ਗਰੰਥ ਸਹਿਬ ਦੇ ਰੂਪ ਵਿਚ ਸੰਪਾਦਤ ਹੋ ਰਹੀ ਸੀ। ਇਸ ਬਾਣੀ ਰਾਹੀਂ ਕੁਦਰਤ ਦੀ ਮਹਾਨਤਾ, ਵਿਸ਼ਾਲਤਾ, ਪਾਲਣਹਾਰਤਾ, ਇਕਮਿਕਤਾ ਅਤੇ ਇਕਸੁਰਤਾ ਪ੍ਰਤੀ ਬਲਿਹਾਰਤਾ ਦੇ ਸੁਰ ਛਿੜੇ। ਕੁਦਰਤ ਨੂੰ ਕਰਤੇ ਦੀ ਖੇਡ ਮੰਨਿਆਂ ਅਤੇ ਇਸ ਨੂੰ ਕਰਤੇ ਦਾ ਹੁਕਮ, ਕਰਤੇ ਦਾ ਪ੍ਰਗਟਾਅ ਅਤੇ ਕਰਤੇ ਦਾ ਆਪਾ ਵੀ ਕਿਹਾ ਗਿਆ:

ਤੁਧੁ ਸੰਸਾਰੁ ਉਪਾਇਆ॥ ਸਿਰੇ ਸਿਰਿ ਧੰਧੇ ਲਾਇਆ॥
ਵੇਖਹਿ ਕੀਤਾ ਆਪਣਾ ਕਰਿ ਕੁਦਰਤਿ ਪਾਸਾ ਢਾਲਿ ਜੀਉ॥
(71, ਸਿਰੀਰਾਗ, ਮ.1)

ਆਪੇ ਕੁਦਰਤਿ ਸਾਜਿ ਕੈ ਆਪੇ ਕਰੇ ਬੀਚਾਰੁ॥
ਇਕਿ ਖੋਟੇ ਇਕਿ ਖਰੇ ਆਪੇ ਪਰਖਣਹਾਰੁ॥ (143, ਮਾਝ ਮ.1)

ਕਹਣਾ ਹੈ ਕਿਛੁ ਕਹਣੁ ਨ ਜਾਇ॥
ਤਉ ਕੁਦਰਤਿ ਕੀਮਤਿ ਨਹੀ ਪਾਇ॥ (151, ਗਉੜੀ ਮ.1)

ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥ (463, ਆਸਾ ਮ.1)

ਸਚੀ ਤੇਰੀ ਸਿਫਤਿ ਸਚੀ ਸਾਲਾਹ॥
ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ॥ (463, ਆਸਾ ਮ.1)

ਜੋ ਦੀਸੈ ਸੋ ਆਪੇ ਆਪਿ॥
ਆਪਿ ਉਪਾਇ ਆਪੇ ਘਟ ਥਾਪਿ॥ (931, ਰਾਮਕਲੀ ਦਖਣੀ ਮ.1)

ਆਪੇ ਕੁਦਰਤਿ ਕਰੇ ਸਾਜਿ॥
ਸਚੁ ਆਪਿ ਨਿਬੇੜੇ ਰਾਜੁ ਰਾਜਿ॥ (1170, ਬਸੰਤੁ ਮ.1)

ਨਿਊਟਨ ਵਲੋਂ ਬ੍ਰਹਿਮੰਡੀ ਪਿੰਡਾਂ ਦੀ ਉਤਪਤੀ ਸਬੰਧੀ ਦਿੱਤੇ ਵਿਚਾਰ ਤੋਂ ਮਗਰੋਂ ਬ੍ਰਹਿਮੰਡ ਨੂੰ ਅਟੱਲ ਅਤੇ ਅਚੱਲ ਸਪੇਸ ਵਜੋਂ ਤਸਲੀਮ ਕੀਤਾ ਜਾਣ ਲੱਗਾ। ਹਰ ਕੁਦਰਤੀ ਤਬਦੀਲੀ ਨੂੰ ਕੇਵਲ ਕਿਸੇ ਬਾਹਰੀ ਸ਼ਕਤੀ ਦਾ ਨਤੀਜਾ ਸਮਝਿਆ ਜਾਣ ਲੱਗਾ ਅਤੇ ਪ੍ਰਮਾਤਮਾਂ ਨੂੰ ਵੀ ਕੁਦਰਤੀ ਨਿਯਮਾਂ ਦੀ ਪਾਲਣਾ ਕਰਵਾਉਣ ਵਾਲੀ ਇਕ

ਬਾਹਰੀ ਸ਼ਕਤੀ ਹੀ ਆਖਿਆ ਜਾਣ ਲੱਗਾ ਭਾਵ ਕਰਤੇ ਅਤੇ ਕਾਰਜ ਨੂੰ ਵੱਖਰਾ ਵੱਖਰਾ ਮੰਨਿਆਂ ਗਿਆ। ਮਾਦੇ ਨੂੰ ਅਮਰ ਸਮਝਿਆ ਗਿਆ।

ਅਜਿਹੀ ਵਿਸ਼ਵ ਦ੍ਰਿਸ਼ਟੀ ਦਾ ਕੇਵਲ ਵਿਗਿਆਨ ਦੇ ਖੇਤਰ ਵਿਚ ਹੀ ਬੋਲ ਬਾਲਾ ਨਹੀਂ ਹੋਇਆ ਸਗੋਂ ਇਸ ਨੇ ਬੜੀ ਤੇਜ਼ੀ ਨਾਲ ਮਨੁੱਖੀ ਵਿਹਾਰ ਅਤੇ ਸੱਭਿਆਚਾਰ ਨੂੰ ਆਪਣੇ ਅਮਰ ਵੇਲੀ ਪ੍ਰਭਾਵ ਹੇਠ ਲਿਆਉਣਾ ਸ਼ੁਰੂ ਕਰ ਦਿੱਤਾ। ਸਭ ਕਾਸੇ ਨੂੰ ਖੰਡ-ਖੰਡ ਕਰਕੇ ਸਮਝਿਆ ਜਾਣ ਲੱਗਾ। ਸਰੀਰ ਨੂੰ ਵੀ ਇਕ ਇਕਾਈ ਦੀ ਥਾਂ ਵੱਖ ਵੱਖ ਅੰਗਾਂ ਦੇ ਜੋੜ ਵਜੋਂ ਦੇਖਿਆ ਜਾਣ ਲੱਗਾ। ਕਾਰਟੇਜ਼ਨੀ ਨਿਖੇੜਵਾਦ ਅਤੇ ਮਕਾਨਕੀ ਵਿਸ਼ਵ ਦ੍ਰਿਸ਼ਟੀ ਕਾਰਨ ਮਨੁੱਖ ਤਕਨੀਕੀ ਅਤੇ ਸਨਅਤੀ ਤਰੱਕੀ ਦੇ ਰਸਤੇ ਤੇ ਤਾਂ ਬੜੀ ਤੇਜ਼ੀ ਨਾਲ ਦੌੜਨ ਲੱਗਾ, ਪਰ ਕੁਦਰਤ, ਵਾਤਾਵਰਣ, ਦੂਸਰੇ ਮਨੁੱਖਾਂ ਅਤੇ ਦੂਸਰੇ ਜੀਵਾਂ ਨਾਲ ਇਸ ਦੇ ਸਬੰਧਾਂ ਵਿਚ ਖਤਰਨਾਕ ਵਿਗਾੜ ਪੈਦਾ ਹੋ ਗਿਆ। ਮਨੁੱਖ ਲਈ 'ਮੈਂ', 'ਕੁਦਰਤ' ਅਤੇ 'ਰੱਬ' ਪੂਰੀ ਤਰ੍ਹਾਂ ਅਲਹਿਦਾ ਅਲਹਿਦਾ ਗੱਲਾਂ ਹੋ ਗਈਆਂ। ਮਨੁੱਖੀ ਭਾਈਚਾਰਾ ਨਸਲਾਂ, ਕੌਮਾਂ, ਫਿਰਕਿਆਂ ਆਦਿ ਦੀ ਪਹਿਲਾਂ ਨਾਲੋਂ ਵਧੇਰੇ ਕੱਟੜ ਵੰਡ ਦਾ ਸ਼ਿਕਾਰ ਹੋਇਆ। ਕੁਦਰਤ, ਧਰਤੀ, ਹਵਾ, ਪਾਣੀ ਬੇਜਾਨ ਚੀਜ਼ਾਂ ਸਮਝੀਆਂ ਜਾਣ ਲੱਗੀਆਂ। ਮਨੁੱਖ ਆਪਣੇ ਆਪ ਨੂੰ ਸ੍ਰਿਸ਼ਟੀ ਦਾ ਇਕ ਛੋਟਾ ਜਿਹਾ ਅੰਗ ਸਮਝਣ ਦੀ ਬਜਾਏ ਇਸ ਦਾ ਮਾਲਕ ਸਮਝਣ ਲੱਗਾ। ਇਹ ਧਰਤੀ ਦਾ ਪੁੱਤਰ ਨਾ ਰਿਹਾ ਸਗੋਂ ਹੁਕਮਰਾਨ ਬਣ ਗਿਆ। ਕੁਦਰਤੀ ਸਾਧਨਾਂ ਅਤੇ ਸਰੋਤਾਂ ਦੀ ਲੁੱਟ ਅਤੇ ਸ਼ੋਸ਼ਣ ਦੀ ਅੰਨ੍ਹੀਂ ਹੋੜ ਲੱਗੀ। ਕਲਿਆਣ ਅਤੇ ਆਨੰਦ ਦੀ ਬਜਾਏ ਮੁਨਾਫ਼ਾ ਅਤੇ ਉਪਭੋਗਤਾ ਮਨੁੱਖੀ ਸਰਗਰਮੀ ਦਾ ਲਾਜ਼ਮੀ ਅੰਗ ਬਣ ਗਿਆ।

ਇਸ 'ਅਧੁਨਿਕ' ਜਾਂ 'ਵਿਗਿਆਨਕ ਸੋਚ' ਨੇ ਅਜਿਹੀ ਸਨਅਤੀ ਸਰਗਰਮੀ ਨੂੰ ਜਨਮ ਦਿੱਤਾ ਜਿਸ ਵਿਚ ਸੇਵਾ, ਤਿਆਗ, ਆਜ਼ਾਦੀ, ਕੁਰਬਾਨੀ, ਹਮਦਰਦੀ, ਸਬਰ, ਦਾਨ, ਮੁਹੱਬਤ, ਮਮਤਾ ਆਦਿ ਲਈ ਕੋਈ ਸਥਾਨ ਨਹੀਂ ਸਗੋਂ ਲਾਲਚ, ਖ਼ੁਦਗਰਜ਼ੀ, ਚਾਪਲੂਸੀ, ਸ਼ੋਸ਼ਨ, ਮੁਕਾਬਲੇਬਾਜ਼ੀ, ਧੋਖੇਬਾਜ਼ੀ ਅਤੇ ਮੌਕਾਪ੍ਰਸਤੀ ਦੀ ਪ੍ਰਧਾਨਤਾ ਹੋਈ। ਦਰਿਆ ਜੋ ਪਹਿਲਾਂ 'ਪਾਣੀ ਜੀਓ ਹੈ' ਪ੍ਰਦਾਨ ਕਰਦੇ ਸਨ ਅਤੇ ਧਰਤੀ ਲਈ ਉਸੇ ਤਰ੍ਹਾਂ ਸਨ ਜਿਵੇਂ ਸਾਡੇ ਜਿਸਮ ਵਿਚ ਲਹੂ ਦੀਆਂ ਨਾੜਾਂ ਹਨ, ਸਨਅਤੀ ਬਚਖੁਚ ਤੇ ਗੰਦਗੀ ਨੂੰ ਸਾਂਭਣ ਵਾਲੇ ਕੂੜਾਦਾਨ ਬਣ ਗਏ। ਪਹਿਲਾਂ ਯੂਰਪ ਦੇ ਸਨਅਤੀ ਮੁਲਕਾਂ ਦੇ ਬਹੁਤ ਸਾਰੇ ਦਰਿਆ ਝੀਲਾਂ ਆਦਿ ਗੰਦਲੇ ਹੋਣੇ ਸ਼ੁਰੂ ਹੋ ਕੇ ਅਖੀਰੀ Dead ਹੋ ਗਏ। ਸਮੁੱਚਾ ਵਾਤਾਵਰਣ ਜੀਵਨ ਦੇ ਪ੍ਰਤੀਕੂਲ ਹੋਣ ਲੱਗਾ। ਸਮੇਂ ਦੇ ਕੁਝ ਵਕਫ਼ੇ ਬਾਅਦ 'ਵਿਕਾਸ' ਦੀ ਉਸੇ ਤਰਜ਼ 'ਤੇ ਅਸੀਂ ਵੀ ਗਾਉਣਾ ਸ਼ੁਰੂ ਕੀਤਾ ਤਾਂ ਸਾਡੇ ਵਾਤਾਵਰਣ ਖਾਸ ਕਰ ਦਰਿਆਵਾਂ ਦਾ ਓਹੀ ਹਾਲ ਹੋਣ ਲੱਗਾ। ਖੇਤੀਬਾੜੀ, ਪਸ਼ੂ ਪਾਲਣ ਅਤੇ ਸੈਰ ਸਪਾਟੇ ਵਰਗੀਆਂ ਕੁਦਰਤ ਨਾਲ ਸਹਿਯੋਗ, ਸੰਵਾਦ ਅਤੇ ਮੁਹੱਬਤ ਵਧਾਉਣ ਵਾਲੀਆਂ ਮਨੁੱਖੀ ਸਰਗਰਮੀਆਂ ਵੀ ਕੁਦਰਤ ਦਾ ਸ਼ੋਸ਼ਣ ਕਰਨ ਵਾਲੇ 'ਲਾਹੇਵੰਦ' ਧੰਦਿਆਂ ਵਿਚ ਤਬਦੀਲ ਹੋ ਗਈਆਂ।

ਸ਼ੁਕਰ ਦੀ ਗੱਲ ਇਹ ਹੈ ਕਿ ਕਾਰਟੇਜ਼ਨੀ ਨਿਖੇੜਵਾਦ ਅਤੇ ਕਲਾਸੀਕਲ ਮਕੈਨਿਕਸ ਦੀਆਂ ਧਾਰਨਾਵਾਂ ਨੂੰ ਵਿਗਿਆਨ ਦੇ ਖੇਤਰ ਵਿਚ ਵੀਹਵੀਂ ਸਦੀ ਦੇ ਆਰੰਭ ਵਿਚ ਠੱਲ ਪੈਣੀ ਸ਼ੁਰੂ ਹੋ ਗਈ ਜਦ ਆਇਨਸਟਾਈਨ ਨੇ ਐਲਾਨ ਕੀਤਾ ਕਿ ਮਾਦਾ (ਪਦਾਰਥ) ਅਤੇ ਊਰਜਾ (ਸ਼ਕਤੀ) ਅਸਲੋਂ ਹੀ ਵੱਖਰੀਆਂ ਵੱਖਰੀਆਂ ਖੇਡਾਂ ਨਹੀਂ ਸਗੋਂ ਊਰਜਾ ਮਾਦੇ ਵਿਚ ਵਟ ਸਕਦੀ ਹੈ ਮਾਦਾ ਊਰਜਾ ਵਿਚ ਵਲੀਨ ਹੋ ਸਕਦਾ ਹੈ। ਐਕਸ-ਰੇਅਜ਼ ਦੀ ਪਛਾਣ ਅਤੇ ਰੇਡੀਓ ਐਕਟਿਵਟੀ ਦੇ ਗਿਆਨ ਨੇ ਵੀ ਸਿੱਧ ਕੀਤਾ ਕਿ ਮਾਦਾ ਅਮਰ ਨਹੀਂ ਹੈ, ਇਹ ਊਰਜਾ ਵਿਚ ਤਬਦੀਲ ਹੁੰਦਾ ਹੈ ਅਤੇ ਜਿਹਨਾਂ ਨੂੰ ਮੂਲ ਤੱਤ (Elements) ਕਿਹਾ ਜਾਂਦਾ ਹੈ ਉਹ ਵੀ ਦੂਸਰੇ ਤੱਤਾਂ ਵਿਚ ਵਟ ਸਕਦੇ ਹਨ। ਇਸ ਤਰ੍ਹਾਂ ਵਿਗਿਆਨ ਆਪਣੇ ਕਾਰਟੇਜ਼ਨੀ ਨਿਖੇੜਵਾਦੀ ਖਾਸੇ ਅਤੇ ਨਿਊਟਨ ਦੀ ਕਲਾਸੀਕਲ ਮਕੈਨਿਕਸ ਵਾਲੇ ਆਧਾਰ ਤੋਂ ਵਿੱਥ ਸਥਾਪਤ ਕਰਦਾ ਹੈ ਅਤੇ ਇਸ ਦੀ ਸੁਰ ਗੁਰੂ ਨਾਨਕ ਬਾਣੀ ਦੀਆਂ ਅੰਤਰ ਦ੍ਰਿਸ਼ਟੀਆਂ ਨਾਲ ਨਾਲ ਆ ਮਿਲਣ ਲੱਗੇ:

ਢਵੈ ਢਾਹਿ ਉਸਾਰੈ ਆਪੇ ਜਿਉ ਤਿਸੁ ਭਾਵੈ ਤਿਵੈ ਕਰੇ॥ (433, ਆਸਾ ਮ.1)

ਆਪੇ ਦੇਖਿ ਦਿਖਾਵੈ ਆਪੇ॥ ਆਪੇ ਥਾਪਿ ਉਥਾਪੇ ਆਪੇ॥
ਆਪੇ ਜੋੜਿ ਵਿਛੋੜੇ ਕਰਤਾ ਆਪੇ ਮਾਰਿ ਜੀਵਾਇਦਾ॥

(1034, ਮਾਰੂ ਦਖਣੀ ਮ.1)

ਨਿਊਟਨ ਦੇ ਗਰੂਤਾ ਅਤੇ ਗਤੀ ਦੇ ਨਿਯਮਾਂ ਦੀ ਪ੍ਰਮਾਣੂੰ (ਪਦਾਰਥ) ਦੀ ਅੰਦਰੂਨੀ ਬਣਤਰ ਅਤੇ ਵਿਹਾਰ ਤੱਕ ਪਹੁੰਚ ਨਹੀਂ ਸੀ। ਵੀਹਵੀਂ ਸਦੀ ਵਿਚ ਵਿਗਿਆਨ ਇਸ ਦਿਸ਼ਾ ਵੱਲ ਕਦਮ ਪੁੱਟਣ ਲੱਗਾ। ਰੁਥਰਫੋਰਡ ਦੇ ਪ੍ਰਯੋਗਾਂ ਨੇ ਸਿੱਧ ਕੀਤਾ ਕਿ ਤੱਤ ਦੀ ਸਭ ਤੋਂ ਛੋਟੀ ਇਕਾਈ ਪ੍ਰਮਾਣੂੰ ਦੇ ਕੇਂਦਰ ਵਿਚ ਭਾਰੀ ਨਿਊਕਲੀਅਸ ਹੁੰਦਾ ਹੈ ਜਿਸ ਦੇ ਦੁਆਲੇ ਹਲਕੇ ਇਲੈਕਟ੍ਰੋਨ ਉਸੇ ਤਰ੍ਹਾਂ ਘੇਰਿਆਂ ਵਿਚ ਗਤੀਸ਼ੀਲ ਹਨ ਜਿਵੇਂ ਸੂਰਜ ਦੁਆਲੇ ਗ੍ਰਹਿ ਘੁੰਮਦੇ ਹਨ:

ਜੋ ਬ੍ਰਹਿਮੰਡਿ ਖੰਡਿ ਸੋ ਜਾਣਹੁ॥ ਗੁਰਮੁਖਿ ਬੂਝਹੁ ਸਬਦਿ ਪਛਾਣਹੁ॥
ਘਟਿ ਘਟਿ ਭੋਗੇ ਭੋਗਣਹਾਰਾ ਰਹੈ ਅਤੀਤੁ ਸਬਾਇਆ॥

(1041, ਮਾਰੂ ਮ.1)

ਫਿਰ ਪਤਾ ਲੱਗਾ ਕਿ ਨਿਊਕਲੀਅਸ ਦੋ ਤਰ੍ਹਾਂ ਦੇ ਕਣਾਂ (ਪਰੋਟਾਨ ਅਤੇ ਨਿਊਟ੍ਰਾਨ) ਦੀ ਬਣੀ ਹੋਈ ਹੈ ਅਤੇ ਇੰਜ ਪ੍ਰਮਾਣੂੰ ਕੁੱਲ ਤਿੰਨ ਕਿਸਮ ਦੇ ਮੂਲ ਕਣਾਂ ਦਾ ਬਣਿਆਂ ਹੋਇਆ ਹੈ। ਇਹ ਸਮਝ 1930 ਤੱਕ ਹੀ ਕਾਇਮ ਰਹੀ। 1935 ਤੱਕ 6 ਕਿਸਮ ਦੇ ਮੂਲ ਕਣਾਂ ਦੀ ਪਛਾਣ ਕਰ ਲਈ ਗਈ। ਹੁਣ ਇਹਨਾਂ ਦੀ ਗਿਣਤੀ ਸੈਂਕੜਿਆਂ ਵਿਚ ਹੈ ਅਤੇ ਹਰ ਸਾਲ ਇਸ ਗਿਣਤੀ ਵਿਚ ਵਾਧਾ ਹੋ ਰਿਹਾ ਹੈ। ਹੁਣ ਵਿਗਿਆਨੀ ਇਹਨਾਂ ਸਾਰਿਆਂ ਵਿਚੋਂ ਕਿਸੇ ਨੂੰ ਵੀ ਮੂਲ ਕਣ ਨਹੀਂ ਮੰਨਦੇ ਕਿਉਂਕਿ ਇਹ ਕਣ ਆਪਣੇ ਆਪ

ਇਕ ਦੂਸਰੇ ਨਾਲ ਜੁੜਦੇ, ਟੁੱਟਦੇ ਅਤੇ ਵਟਦੇ ਰਹਿੰਦੇ ਹਨ। ਇਸ ਤਰ੍ਹਾਂ ਵਿਗਿਆਨ ਨੂੰ ਮਾਦੇ ਦੀ ਛੋਟੀ ਤੋਂ ਛੋਟੀ ਇਕਾਈ ਦੀ ਗਹਿਰਾਈ (ਪਾਤਾਲ) ਦੇ ਅੰਦਰ ਵੀ ਬਾਹਰੀ ਬ੍ਰਹਿਮੰਡ ਜਿੰਨੀ ਬੇਅੰਤਤਾ ਦੇ ਦਰਸ਼ਨ ਹੋਣ ਲੱਗਦੇ ਹਨ:

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥ (5, ਜਪੁ, ਮ.1)

ਵਿਰਲੇ ਕਉ ਗੁਰਿ ਸਬਦੁ ਸੁਣਾਇਆ॥
ਕਰਿ ਕਰਿ ਦੇਖੈ ਹੁਕਮੁ ਸਬਾਇਆ॥
ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ॥

(1036, ਮਾਰੂ ਮ.1)

ਪ੍ਰਮਾਣੂ ਦੇ ਅੰਦਰ ਘੁੰਮਣ ਵਾਲੇ ਇਲੈਕਟ੍ਰੋਨ ਦਾ ਵਤੀਰਾ ਸਥਾਈ ਜਾਂ ਇਕ ਸਾਰ ਨਹੀਂ ਰਹਿੰਦਾ, ਇਹ ਕਦੀ ਮਾਦੀ ਕਣ ਵਾਂਗ ਹੁੰਦਾ ਹੈ ਅਤੇ ਕਦੀ ਊਰਜਾਈ ਤਰੰਗ ਵਾਂਗ। ਕੁਅੰਟਮ ਥਿਊਰੀ ਮੁਤਾਬਕ ਇਲੈਕਟ੍ਰੋਨ ਦਾ ਇਹ ਦੋਹਰਾ ਵਰਤਾਰਾ ਦੇਖਣ ਵਾਲੇ ਦੀ ਦ੍ਰਿਸ਼ਟੀ ਤੇ ਹੀ ਨਿਰਭਰ ਕਰਦਾ ਹੈ ਭਾਵ ਕਾਰਜ ਅਤੇ ਦਰਸ਼ਕ ਨੂੰ ਨਿਖੇੜਨਾ ਅਸੰਭਵ ਹੈ। ਇਸ ਤਰ੍ਹਾਂ ਵਿਗਿਆਨਕ ਤਰਕ ਪਦਾਰਥ ਦੀ ਅਮਰ ਹੋਂਦ ਦੀ ਬਜਾਏ 'ਵਾਪਰਨ ਵਾਲੇ' ਅਤੇ 'ਦੇਖਣ ਵਾਲੇ' ਦਰਮਿਆਨ ਏਕਤਾ ਦੀ ਅਮਰਤਾ ਨੂੰ ਸਮਝ ਲੈਂਦਾ ਹੈ। ਕਰਤਾ, ਕਿਰਤ ਅਤੇ ਦਰਸ਼ਕ ਵੱਖੋ ਵੱਖਰੇ ਨਹੀ ਰਹਿੰਦੇ ਜਿਵੇਂ ਕਿ ਬਾਬੇ ਦੀ ਬਾਣੀ ਨੇ ਬਾਤ ਪਾਈ ਸੀ:

ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ॥

(6, ਜਪੁ, ਮ.1)

ਕਰਿ ਕਰਿ ਵੇਖੈ ਸਿਰਜਣਹਾਰੁ॥
ਨਾਨਕ ਸਚੇ ਕੀ ਸਾਚੀ ਕਾਰ॥ (7, ਜਪੁ, ਮ.1)

ਆਪੇ ਸਬਦੁ ਆਪੇ ਨੀਸਾਨੁ॥ ਆਪੇ ਸੁਰਤਾ ਆਪੇ ਜਾਨੁ॥
ਆਪੇ ਕਰਿ ਕਰਿ ਵੇਖੈ ਤਾਣੁ॥ ਤੂ ਦਾਤਾ ਨਾਮੁ ਪਰਵਾਣੁ॥

(795, ਬਿਲਾਵਲੁ ਮ.1)

ਅਮਾਵਸਿਆ ਚੰਦੁ ਗੁਪਤੁ ਗੈਣਾਰਿ॥ ਬੂਝਹੁ ਗਿਆਨੀ ਸਬਦੁ ਬੀਚਾਰਿ॥
ਸਸੀਅਰੁ ਗਗਨਿ ਜੋਤਿ ਤਿਹੁ ਲੋਈ॥ ਕਰਿ ਕਰਿ ਵੇਖੈ ਕਰਤਾ ਸੋਈ॥

(840, ਬਿਲਾਵਲੁ ਮ.1)

ਤੂ ਕਰਿ ਕਰਿ ਦੇਖਹਿ ਕਰਣਹਾਰੁ॥
ਜੋਤਿ ਜੀਅ ਅਸੰਖ ਦੇਇ ਅਧਾਰੁ॥ (1190, ਬਸੰਤੁ ਮ.1)

ਆਇਨਸਟਾਈਨ ਮੁਤਾਬਕ ਪ੍ਰਮਾਣੂੰ ਅੰਦਰਲੇ ਕਿਸੇ ਕਣ ਦੀ ਮੌਜੂਦਗੀ, ਸਥਿਤੀ, ਗਤੀ, ਅਤੇ ਊਰਜਾ ਆਦਿ ਨੂੰ ਦੂਸਰੇ ਕਣਾਂ ਤੋਂ ਵੀ ਵਖਰਿਆ ਕੇ ਦੇਖਣ ਜਾਂ ਗਿਣਨ-

ਮਿਣਨ ਬਾਰੇ ਸੋਚਿਆ ਨਹੀਂ ਜਾ ਸਕਦਾ। ਇਸ ਤਰ੍ਹਾਂ ਵਿਗਿਆਨ ਗੁਰਬਾਣੀ ਦੀ ਕੁਦਰਤ ਪ੍ਰਤੀ ਸਮਝ ਦਾ ਧਾਰਨੀ ਬਣਦਾ ਹੈ ਜਿਸ ਮੁਤਾਬਕ ਪੂਰੀ ਸ੍ਰਿਸ਼ਟੀ ਵੱਖ ਵੱਖ, ਵਸਤਾਂ, ਜੀਵਾਂ, ਧਰਤੀਆਂ, ਅਸਮਾਨਾਂ, ਸ਼ਕਤੀਆਂ, ਵਰਤਾਰਿਆਂ, ਸਰਗਰਮੀਆਂ, ਅਨੁਭਵਾਂ, ਵਿਚਾਰਾਂ ਆਦਿ ਦਾ ਹਿਸਾਬੀ ਜੋੜ ਨਹੀਂ ਸਗੋਂ ਸਭ ਕਾਸੇ ਦੀ ਅੰਤਰ-ਸਬੰਧਤ ਸਹਿ-ਹੋਂਦ ਹੈ:

ਸਭ ਤੇਰੀ ਕੁਦਰਤਿ ਤੂ ਸਿਰਿ ਸਿਰਿ ਦਾਤਾ ਸਭੁ ਤੇਰੋ ਕਾਰਣੁ ਕੀਨਾ ਹੇ॥

(1028, ਮਾਰੂ ਮ.1)

ਕੁਦਰਤਿ ਕਰਨੈਹਾਰ ਅਪਾਰਾ॥ ਕੀਤੇ ਕਾ ਨਾਹੀ ਕਿਹੁ ਚਾਰਾ॥
ਜੀਅ ਉਪਾਇ ਰਿਜਕੁ ਦੇ ਆਪੇ ਸਿਰਿ ਸਿਰਿ ਹੁਕਮੁ ਚਲਾਇਆ॥

(1042, ਮਾਰੂ ਮ.1)

ਅੰਤਰ-ਸਬੰਧਤ ਜੀਵਨ ਬੁਣਤੀ ਵਿਚ ਕਿਸੇ ਵੀ ਜੀਵ ਦੀ ਦੂਸਰੇ ਸਭ ਜੀਵਾਂ ਬਗੈਰ ਹੋਂਦ ਸੰਭਵ ਨਹੀਂ ਹੈ। ਅੱਗੋਂ ਸਾਰੇ ਜੀਵਾਂ ਦੇ ਭੋਜਨ ਦਾ ਮੂਲ ਸਰੋਤ ਬਨਸਪਤੀ ਹੈ। ਇਹਨਾਂ ਦੇ ਸਾਹਾਂ ਲਈ ਲੋੜੀਂਦੀ ਸਾਰੀ ਦੀ ਸਾਰੀ ਆਕਸੀਜਨ ਵੀ ਇਨ੍ਹਾਂ ਰੁੱਖਾਂ ਵੇਲਾਂ ਬੂਟਿਆਂ ਰਾਂਹੀਂ ਪੈਦਾ ਕੀਤੀ ਜਾ ਰਹੀ ਹੈ। ਬਨਸਪਤੀ ਦੇ ਨਸ਼ਟ ਹੋਣ ਨਾਲ ਧਰਤੀ ਦਾ ਸਮੁੱਚਾ ਜੀਵਨ ਸੰਤੁਲਨ ਵਿਗੜ ਜਾਂਦਾ ਹੈ। ਰੁੱਖ ਤੋਂ ਜੀਵਾਂ ਦੀਆਂ ਕੇਵਲ ਖੁਰਾਕੀ ਅਤੇ ਸੁਆਸੀ ਲੋੜਾਂ ਹੀ ਪੂਰੀਆਂ ਨਹੀਂ ਹੁੰਦੀਆਂ ਸਗੋਂ ਇਹ ਜੀਵਾਂ ਦੇ ਤਨਾਂ ਮਨਾਂ ਨੂੰ ਠੰਡਕ ਪਹੁੰਚਾਉਣ ਲਈ ਲੋੜੀਂਦੇ ਆਰਾਮ ਘਰਾਂ ਦੇ ਰੂਪ ਵਿਚ ਵੀ ਸਥਾਪਤ ਹਨ:

ਜਾ ਕੇ ਰੁਖ ਬਿਰਖ ਆਰਾਉ॥ ਜੇਹੀ ਧਾਤੁ ਤੇਹਾ ਤਿਨ ਨਾਉ॥
ਫੂਲੁ ਭਾਉ ਫਲੁ ਲਿਖਿਆ ਪਾਇ॥ ਆਪਿ ਬੀਜਿ ਆਪੇ ਹੀ ਖਾਇ॥

(25, ਸਿਰੀਰਾਗੁ ਮ.1)

ਹੁਣ ਤੱਕ ਅਸੀਂ ਦੇਖਿਆ ਹੈ ਕਿ ਗੁਰੂ ਨਾਨਕ ਅਨੁਸਾਰ ਵਿਚਾਰਨ ਜਾਂ ਤਸੱਵਰ ਕਰਨ ਲਈ ਕੁਦਰਤ ਸਭ ਤੋਂ ਵਿਸ਼ਾਲ ਵਿਸ਼ਾ ਹੈ। ਸਾਡਾ ਵਾਤਾਵਰਣ ਇਸ ਦਾ ਇਕ ਨਿੱਕਾ ਜਿਹਾ ਭਾਗ ਹੈ ਜਿਸ ਵਾਤਾਵਰਣ ਦੇ ਅਸੀਂ ਨਿੱਕੇ ਜਹੇ ਭਾਗ ਹਾਂ। ਪੰਦਰਵੀਂ ਜਾਂ ਸੋਲ੍ਹਵੀਂ ਸਦੀ ਵਿਚ ਭਾਵ ਗੁਰੂ ਨਾਨਕ ਬਾਣੀ ਰਚੇ ਜਾਣ ਸਮੇਂ ਸਾਡੇ ਵਾਤਾਵਰਣ ਨੂੰ ਕੋਈ ਖਰਾਬੀ ਜਾਂ ਚੁਣੌਤੀ ਦਰਪੇਸ਼ ਨਹੀਂ ਸੀ। ਸਾਡਾ ਪੌਣ-ਪਾਣੀ ਅਤੇ ਇਹਨਾਂ ਦੇ ਸਰੋਤ ਸੁਰੱਖਿਅਤ ਸਨ। ਜੀਵਨ ਦੀਆਂ ਮੁੱਢਲੀਆਂ ਲੋੜਾਂ ਕੁੱਲੀ (ਮਕਾਨ), ਗੁੱਲੀ (ਰੋਟੀ) ਅਤੇ ਜੁੱਲੀ (ਕੱਪੜੇ) ਮੰਨੀਆਂ ਜਾਂਦੀਆਂ ਸਨ ਜਦ ਕਿ ਮਕਾਨਾਂ ਤੋਂ ਬਿਨਾਂ ਅਜੇ ਵੀ ਬਹੁਤ ਸਾਰੇ ਲੋਕ ਜੀਅ ਲੈਂਦੇ ਹਨ, ਆਦਿ ਮਾਨਵ ਕੱਪੜਿਆਂ ਤੋਂ ਬਗੈਰ ਹੀ ਰਹਿੰਦਾ ਸੀ, ਭੋਜਨ ਤੋਂ ਬਿਨਾਂ ਬੰਦਾ ਕਈ ਹਫਤੇ ਜਿੰਦਾ ਰਹਿ ਸਕਦਾ ਹੈ। ਪਰ ਪਾਣੀ ਬਿਨਾਂ ਬੰਦਾ ਇੱਕ ਦੋ ਦਿਨ ਹੀ ਬਚ ਸਕਦਾ ਹੈ ਅਤੇ ਸਾਹ ਲੈਣ ਤੋਂ ਬਿਨਾਂ ਇਕ ਦੋ

ਘੰਟੇ ਹੀ। ਫਿਰ ਵੀ ਹਵਾ ਅਤੇ ਪਾਣੀ ਨੂੰ ਜੀਵਨ ਦੀਆਂ ਲੋੜਾਂ ਨਹੀਂ ਕਿਹਾ ਜਾਂਦਾ ਸੀ। ਇਹਨਾਂ ਨੂੰ ਤਾਂ ਜੀਵਨ ਦਾ ਉਪਲਭਦ ਹਿੱਸਾ ਹੀ ਸਮਝਿਆ ਜਾਂਦਾ ਸੀ। ਇਹ ਵਸਤਾਂ ਨਹੀਂ ਸਗੋਂ ਜੀਵਨ ਹਾਲਤਾਂ ਸਨ ਜੋ ਜੀਵਨ ਦਾ ਕੁਦਰਤੀ ਭਾਗ ਸਨ। ਪਰ ਅਸੀਂ ਪੱਛਮ ਦੀ ਪੈੜ ਵਿਚ ਪੈਰ ਧਰਦਿਆਂ ਕੁਦਰਤ ਸਬੰਧੀ ਆਪਣੀ ਦ੍ਰਿਸ਼ਟੀ ਨੂੰ ਦੂਸ਼ਤ ਕਰਕੇ ਆਪਣੇ ਜੀਵਨ ਹਾਲਤਾਂ ਨੂੰ ਤੇਜ਼ੀ ਨਾਲ ਨਸ਼ਟ ਕਰ ਲਿਆ। ਉਪਰੋਕਤ ਚਰਚਾ ਰਾਹੀਂ ਅਸੀਂ ਦੇਖਿਆ ਹੈ ਕਿ ਪੱਛਮ ਤਾਂ ਆਪਣੀ ਵਿਗਿਆਨਕ ਸੋਚ ਦਾ ਚੱਕਰ ਕੱਟ ਕੇ ਗੁਰੂ ਨਾਨਕ ਨੂੰ ਜਾਣੇ ਜਾਂ ਸੁਣੇ ਬਿਨਾ ਉਸ ਆਨੇ ਵਾਲੀ ਥਾਂ ਪਹੁੰਚ ਗਿਆ ਹੈ ਜਿਥੇ ਖੜ੍ਹ ਕੇ ਗੁਰੂ ਨਾਨਕ ਆਖਦੇ ਹਨ:

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥ (8, ਸਲੋਕੁ)

ਪੱਛਮੀ ਜਾਂ 'ਵਿਕਸਤ' ਦੇਸ਼ਾਂ ਨੇ ਆਪਣੀ ਧਰਤੀ ਨੂੰ ਹਰਾ ਭਰਾ ਰੱਖਣਾ ਆਪਣੇ ਜ਼ਰੂਰੀ ਕੰਮਾਂ ਵਿਚ ਸ਼ਾਮਲ ਕੀਤਾ ਹੈ। ਵਾਤਾਵਰਣ ਦੀ ਸੁਰੱਖਿਆ ਨੂੰ ਹਰ ਤਰ੍ਹਾਂ ਦੇ ਵਿਕਾਸ ਨਾਲੋਂ ਜ਼ਿਆਦਾ ਜ਼ਰੂਰੀ ਸਮਿਝਆ ਜਾਂਦਾ ਹੈ। ਉਹਨਾਂ ਆਪਣੇ ਮਰ ਚੁੱਕੇ ਦਰਿਆਵਾਂ ਅਤੇ ਝੀਲਾਂ ਨੂੰ ਪੁਨਰ ਸੁਰਜੀਤ ਕਰ ਲਿਆ ਹੈ। ਗੁਰੂ ਨਾਨਕ ਨੂੰ ਸਾਡੇ ਪੱਥਰ ਚੱਟ ਕੇ ਮੁੜਨ ਦੀ ਉਡੀਕ ਹੈ।ਅਸੀਂ ਅਜੇ ਗੁਰੂ ਨਾਨਕ ਨੂੰ ਸੁਣਨਾ, ਸਮਝਣਾ ਅਤੇ ਮੰਨਣਾ ਸ਼ੁਰੂ ਕਰਨਾ ਹੈ।

# ਗੁਰੂ ਨਾਨਕ ਬਾਣੀ ਅਤੇ ਚੌਗਿਰਦਾ ਬੋਧ

ਗੁਰੂ ਨਾਨਕ ਬਾਣੀ ਵਿਚ ਪ੍ਰਸਤੁਤ ਬ੍ਰਹਿਮੰਡੀ ਚੇਤਨਾ, ਚੌਗਿਰਦਾ ਬੋਧ ਅਤੇ ਸਵੈ ਸੋਝੀ ਇਕ ਦੂਸਰੇ ਵਿਚ ਰਚੇ ਮਿਚੇ ਜਾਂ ਘੁਲੇ ਮਿਲੇ ਹਨ। ਇਕ ਹੀ ਚਿੰਤਨ-ਵਿਸ਼ੇ ਦੇ ਪਾਸਾਰ ਹਨ। ਸਾਡਾ ਚੌਗਿਰਦਾ ਸਮੁੱਚੀ ਸ੍ਰਿਸ਼ਟੀ ਦਾ ਨਿੱਕਾ ਜਿਹਾ ਪਰ ਅਨਿਖੜਵਾਂ ਭਾਗ ਹੈ ਅਤੇ ਅੱਗੋਂ ਮਨੁੱਖ ਵੀ ਇਸ ਚੌਗਿਰਦੇ 'ਤੇ ਨਿਰਭਰ ਅਤੇ ਇਸ ਦਾ ਨਿੱਕਾ ਜਿਹਾ ਅੰਗ ਹੈ:

ਜੋ ਬ੍ਰਹਮੰਡਿ ਖੰਡਿ ਸੋ ਜਾਣਹੁ॥
ਗੁਰਮੁਖਿ ਬੂਝਹੁ ਸਬਦਿ ਪਛਾਣਹੁ॥ (1041, ਮ. 1)

ਬਾਈਬਲ ਅਨੁਸਾਰ ਪ੍ਰਮਾਤਮਾ ਨੇ ਪਹਿਲਾਂ ਸਭ ਤਰ੍ਹਾਂ ਦੇ ਜੀਵ ਜੰਤੂਆਂ ਦਾ ਇਕ-ਇਕ ਨਰ-ਮਾਦਾ ਜੋੜਾ ਧਰਤੀ 'ਤੇ ਭੇਜਿਆ ਸੀ। ਮਨੁੱਖਾਂ ਦੀ ਉਤਪਤੀ ਬਾਬੇ ਆਦਮ ਅਤੇ ਬੇਬੇ ਹੱਵਾ ਦੇ ਆਦਿ ਜੋੜੇ ਤੋਂ ਆਰੰਭ ਹੋਈ ਦੱਸੀ ਗਈ ਹੈ। ਪਰ ਗੁਰੂ ਨਾਨਕ ਅਨੁਸਾਰ ਧਰਤੀ 'ਤੇ ਸਹਿਜੇ-ਸਹਿਜੇ ਵਿਕਸਤ ਹੋਈਆਂ ਜੀਵਨ ਹਾਲਤਾਂ ਕਾਰਨ ਜੀਵਨ ਦਾ ਰੌਣਕ ਮੇਲਾ ਬਣਿਆਂ ਹੈ:

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥ (19, ਮ. 1)

ਆਦਿ-ਸ਼ਕਤੀ ਤੋਂ ਪੌਣ ਭਾਵ ਵੱਖ-ਵੱਖ ਗੈਸਾਂ ਬਣੀਆਂ। ਕੁਝ ਗੈਸਾਂ ਦੀ ਆਪਸੀ ਕਿਰਿਆ ਨਾਲ ਪਾਣੀ ਬਣਿਆਂ। ਪਾਣੀ ਕਾਰਨ ਹੀ ਸਾਰੀ ਬਨਸਪਤੀ ਹੋਂਦ ਵਿਚ ਆਈ। ਫਿਰ ਅਣਗਿਣਤ ਭਾਂਤ ਦੇ ਜੀਵ-ਜੰਤੂ ਪੈਦਾ ਹੋਣ ਅਤੇ ਵਿਕਸਤ ਹੋਣ ਲੱਗੇ। ਧਰਤੀ 'ਤੇ ਜੀਵਨ ਦਾ ਮੁੱਢ ਪਾਣੀ ਕਾਰਨ ਬੱਝਾ ਹੈ:

ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥ (472, ਮ. 1)

ਜੀਵਨ ਦਾ ਕੇਵਲ ਮੁੱਢ ਹੀ ਪਾਣੀ ਨਾਲ ਨਹੀਂ ਬੱਝਾ ਸਗੋਂ ਧਰਤੀ 'ਤੇ ਜੀਵਨ ਹੋਂਦ ਤਦ ਤੱਕ ਬਰਕਰਾਰ ਹੈ ਜਦ ਤੱਕ ਇਥੇ ਪਾਣੀ ਹੈ। ਦੂਸਰੇ ਗ੍ਰਹਿਆਂ ਜਾਂ ਉਪਗ੍ਰਹਿਆਂ 'ਤੇ ਜੀਵਨ ਸੰਭਾਵਨਾਵਾਂ ਦਾ ਪਤਾ ਪਾਉਣ ਲਈ ਪਹਿਲਾਂ ਉਥੇ ਪਾਣੀ ਦੀ ਹੋਂਦ ਦੀ ਸੰਭਾਵਨਾ ਦਾ ਪਤਾ ਲਾਇਆ ਜਾਂਦਾ ਹੈ। ਜੀਵਾਂ ਦੀ ਉਤਪਤੀ ਸਵਰਗ ਤੋਂ ਧਰਤੀ 'ਤੇ ਲਿਆ ਕੇ ਰੱਖੇ ਮੁਢਲੇ ਨਰ-ਮਾਦਾ ਜੋੜਿਆਂ ਨਾਲ ਨਹੀਂ ਸਗੋਂ ਜੀਵਨ ਅਨੁਕੂਲ ਹਾਲਤਾਂ

ਵਿਚ ਮਿੱਟੀ ਅਤੇ ਪਾਣੀ ਦੇ ਸੰਜੋਗ ਨਾਲ ਹੋਈ ਹੈ। ਧਰਤੀ ਨੂੰ ਗੁਰੂ ਨਾਨਕ ਨੇ ਸਮੁੱਚੇ ਜੀਵਨ ਪਸਾਰੇ ਦੀ ਮਾਂ ਅਤੇ ਪਾਣੀ ਨੂੰ ਪਿਓ ਕਿਹਾ ਹੈ:

ਪਾਣੀ ਪਿਤਾ ਜਗਤ ਕਾ ਫਿਰਿ ਪਾਣੀ ਸਭੁ ਖਾਇ॥ (1240, ਮ. 1)

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥ (8, ਮ. 1)

ਮਾਤਾ ਦੇ ਅੰਡੇ ਦਾ ਅਤੇ ਪਿਤਾ ਦੇ ਬਿੰਦ ਦਾ ਚੋਖਾ ਭਾਗ ਪਾਣੀ ਹੀ ਹੁੰਦਾ ਹੈ ਅਤੇ ਦੋਵਾਂ ਦੇ ਸੰਯੋਗ ਨਾਲ ਬਣਨ ਵਾਲਾ ਮੁੱਢਲਾ ਭਰੂਣ ਵੀ ਪਾਣੀ ਕਾਰਨ ਤਰਲ ਰੂਪ ਹੁੰਦਾ ਹੈ। ਸਾਡੇ ਸਰੀਰ ਦਾ 60-70 ਫ਼ੀਸਦੀ ਭਾਗ ਪਾਣੀ ਹੈ। ਸਾਡੀ ਵਰਤੋਂ ਵਿਚ ਆਉਂਦੀਆਂ ਬਹੁਤੀਆਂ ਫਸਲਾਂ ਵਾਂਗ ਮਨੁੱਖ ਵੀ ਪਾਣੀ ਨਾਲ ਹੀ ਪੈਦਾ ਹੁੰਦਾ, ਪਲਦਾ ਅਤੇ ਜਿਉਂਦਾ ਰਹਿੰਦਾ ਹੈ। ਮਨੁੱਖੀ ਸਰੀਰ ਦੇ ਆਪਣੇ ਚੌਗਿਰਦੇ ਨਾਲ ਸਬੰਧ ਨੂੰ ਸਹੀ ਤਰ੍ਹਾਂ ਨਾ ਸਮਝਣ ਵਾਲੇ ਪਾਂਡੇ ਨੂੰ ਗੁਰੂ ਨਾਨਕ ਦੱਸਦੇ ਹਨ:

ਪਾਂਡੇ ਤੂ ਜਾਣੈ ਹੀ ਨਾਹੀ ਕਿਥਹੁ ਮਾਸੁ ਉਪੰਨਾ॥
ਤੋਇਅਹੁ ਅੰਨੁ ਕਮਾਦੁ ਕਪਾਹਾਂ ਤੋਇਅਹੁ ਤ੍ਰਿਭਵਣੁ ਗੰਨਾ॥ (1290, ਮ. 1)

ਤੋਆ ਭਾਵ ਪਾਣੀ, ਤੋਇਅਹੁ ਭਾਵ ਪਾਣੀ ਤੋਂ। ਨਾਨਕ ਬਾਣੀ ਵਿਚ ਪਾਣੀ ਕਹਿੰਦਾ ਹੈ ਕਿ ਜਿਥੇ ਮਨੁੱਖ ਲਈ ਬਹੁਤ ਸਾਰੇ ਗੁਣਕਾਰੀ ਜਾਂ ਲਾਭਦਾਇਕ ਰਸ ਜਾਂ ਤਰਲ ਪਦਾਰਥ ਮੇਰੇ ਤੋਂ ਬਣੇ ਹਨ ਉਥੇ ਵਿਕਾਰ ਪੈਦਾ ਕਰਨ ਵਲੇ ਰਸਾਂ ਦਾ ਆਧਾਰ-ਪਦਾਰਥ ਵੀ ਮੈਂ ਪਾਣੀ ਹੀ ਹਾਂ:

ਤੋਆ ਆਖੈ ਹਉ ਬਹੁ ਬਿਧਿ ਹਛਾ ਤੋਐ ਬਹੁਤੁ ਬਿਕਾਰਾ॥ (1290, ਮ. 1)

ਪਾਣੀ ਨਾਲ ਜੀਵਨ ਦੇ ਅਜਿਹੇ ਰਿਸ਼ਤੇ ਕਾਰਨ ਹੀ ਵੱਖ-ਵੱਖ ਸੱਭਿਆਤਾਵਾਂ ਅਤੇ ਵੱਡੇ-ਵੱਡੇ ਨਗਰਾਂ ਦਾ ਜਨਮ ਤੇ ਵਿਕਾਸ ਦਰਿਆਵਾਂ ਜਾਂ ਹੋਰ ਕੁਦਰਤੀ ਜਲ ਭੰਡਾਰਾਂ ਦੇ ਕਿਨਾਰਿਆਂ ’ਤੇ ਹੋਇਆ। ਜਿਹਨਾਂ ਖਿੱਤਿਆਂ ਵਿਚ ਸ਼ਹਿਰਾਂ ਦੀ ਗੰਦਗੀ ਅਤੇ ਸਨਅਤ ਦੀ ਜ਼ਹਿਰੀਲੀ ਰਹਿੰਦ ਖੂੰਹਦ ਨਾਲ ਦਰਿਆ ਮਰ ਰਹੇ ਹਨ ਜਾਂ ਮਰ ਗਏ ਹਨ ਉਥੇ ਧਰਤੀ ਹੇਠਲਾ ਪਾਣੀ ਵੀ ਪੀਣਯੋਗ ਨਹੀਂ ਰਿਹਾ ਹੈ। ਜੀਵਾਂ ਦੀਆਂ ਅਣਗਿਣਤ ਪ੍ਰਜਾਤੀਆਂ ਖਤਮ ਹੋ ਗਈਆਂ ਹਨ, ਮਨੁੱਖ ਭਿਆਨਕ ਅਤੇ ਮਾਰੂ ਰੋਗਾਂ ਦਾ ਸ਼ਿਕਾਰ ਹੋ ਰਹੇ ਹਨ। ਇਸ ਦੀ ਸਭ ਤੋਂ ਉਘੜਵੀਂ ਮਿਸਾਲ ਗੁਰੂ ਨਾਨਕ ਦੀ ਚਰਨ ਛੋਹ ਪ੍ਰਾਪਤ ਲੁਧਿਆਣੇ ਦਾ ਬੁੱਢਾ ਦਰਿਆ ਹੈ।

ਧਰਤੀ ਉਤੇ ਜੀਵਾਂ ਦੇ ਪੈਦਾ ਹੋਣ ਤੋਂ ਪਹਿਲਾਂ ਹਰਾ ਭਰਾ ਚੌਗਿਰਦਾ ਹੋਂਦ ਵਿਚ ਆਇਆ। ਹਰੀ ਭਰੀ ਬਨਸਪਤੀ ਦੇ ਪੱਤਿਆਂ ਦੇ ਫੋਟੋ ਸਿੰਥੇਸਜ਼ ਨਾਲ ਪੈਦਾ ਹੋਣ ਵਾਲੀ ਆਕਸੀਜਨ ਮਨੁੱਖਾਂ ਅਤੇ ਹੋਰ ਪ੍ਰਾਣੀਆਂ ਦੇ ਸਾਹ ਲੈਣ ਲਈ ਮੁਹੱਈਆ ਹੋਣ ਲੱਗੀ। ਦੂਜੇ ਲਫ਼ਜ਼ਾਂ ਵਿਚ ਰੁੱਖਾਂ, ਵੇਲਾਂ, ਬੂਟਿਆਂ ਦੀ ਹਰਿਆਵਲ ਸਾਡੇ ਪ੍ਰਾਣਾਂ ਦਾ

ਸਬੱਬ ਹੈ। ਇਸੇ ਲਈ ਗੁਰੂ ਨਾਨਕ ਧਰਤੀ ਉਤਲੇ ਸਮੁੱਚੇ ਜੀਵਨ ਦੇ ਪੈਦਾ ਹੋਣ ਨੂੰ ਹਰਿਆ ਹੋਣਾ ਆਖਦੇ ਹਨ। ਸਰੀਰਾਂ ਅਤੇ ਮਨਾਂ ਦੀ ਨਿਰੋਈ ਸਿਹਤ ਲਈ ਵੀ ਹਰਿਆਵਲ ਦਾ ਚਿੰਨ੍ਹ ਵਰਤਦੇ ਹਨ:

ਸੋਈ ਮਉਲਾ ਜਿਨਿ ਜਗੁ ਮਉਲਿਆ ਹਰਿਆ ਕੀਆ ਸੰਸਾਰੋ॥
ਆਬ ਖਾਕੁ ਜਿਨਿ ਬੰਧਿ ਰਹਾਈ ਧੰਨੁ ਸਿਰਜਣਹਾਰੋ॥ (24, ਮ. 1)

ਨਾਨਕ ਸਿਫਤੀ ਰਤਿਆ ਮਨੁ ਤਨੁ ਹਰਿਆ ਹੋਇ॥ (1240, ਮ. 1)

ਇਸ ਤਰ੍ਹਾਂ ਗੁਰੂ ਨਾਨਕ ਚੌਗਿਰਦੇ ਬਾਰੇ ਪਹਿਲਾ ਬੋਧ ਇਹ ਕਰਾਉਂਦੇ ਹਨ ਕਿ ਮਨੁੱਖ ਧਰਤੀ ਦਾ ਮਾਲਕ ਨਹੀਂ ਸਗੋਂ ਧਰਤੀ ਦੀ ਸੰਤਾਨ ਹੈ। ਇਸ ਹਿਸਾਬ ਨਾਲ ਬਾਕੀ ਜੀਵ ਜੰਤੂ ਮਨੁੱਖ ਦੇ ਗੁਲਾਮ ਨਹੀਂ ਸਗੋਂ ਸਹਾਇਕ ਹਨ ਜਾਂ ਭੈਣ ਭਾਈ ਹਨ। ਹੋਰ ਜੀਵਾਂ ਵਾਂਗ ਮਨੁੱਖ ਵੀ ਚੌਗਿਰਦੇ ਦੀਆਂ ਜੀਵਨ ਅਨੁਕੂਲ ਹਾਲਤਾਂ ਦੀ ਉਪਜ ਹੈ। ਮਨੁੱਖੀ ਹੋਂਦ ਧਰਤੀ ਦੇ ਢੁੱਕਵੇਂ ਤਾਪਮਾਨ ਅਤੇ ਇਸ ਦੇ ਜਲਵਾਯੂ ਕਾਰਨ ਹੈ। ਅਸੀਂ ਆਪਣੇ ਚੌਗਿਰਦੇ ਜਾਂ ਵਾਤਾਵਰਣ ਨਾਲੋਂ ਵੱਖਰੇ ਨਹੀਂ ਸਗੋਂ ਇਸ ਨਾਲ ਸਾਡੀ ਸਹਿਹੋਂਦ ਹੈ। ਚੌਗਿਰਦੇ ਦੀਆਂ ਜੀਵਨ ਹਾਲਤਾਂ ਵਿਚ ਵਿਗਾੜ ਪਾਉਣ ਦਾ ਮਤਲਬ ਹੈ ਜੀਵਨ ਹੋਂਦ ਲਈ ਖ਼ਤਰਾ ਪੈਦਾ ਕਰਨਾ। ਪੌਣ ਪਾਣੀ ਦੇ ਰੋਗੀ ਹੋਣ ਨਾਲ ਸਾਰੇ ਜੀਵ ਰੋਗੀ ਹੋ ਜਾਂਦੇ ਹਨ:

ਪਉਣੁ ਪਾਣੀ ਬੈਸੰਤਰੁ ਰੋਗੀ ਰੋਗੀ ਧਰਤਿ ਸਭੋਗੀ॥
ਮਾਤ ਪਿਤਾ ਮਾਇਆ ਦੇਹ ਸਿ ਰੋਗੀ ਰੋਗੀ ਕੁਟੰਬ ਸੰਜੋਗੀ॥ (1153, ਮ. 1)

ਸਾਡੀਆਂ ਖੁਰਾਕੀ ਅਤੇ ਹੋਰ ਸਾਰੀਆਂ ਭੌਤਿਕ ਲੋੜਾਂ ਦੀ ਪੂਰਤੀ ਦਾ ਸੋਮਾ ਧਰਤੀ ਹੈ। ਮਨੁੱਖ ਨੂੰ ਸਾਰੇ ਪਦਾਰਥ ਧਰਤੀ ਤੋਂ ਪ੍ਰਾਪਤ ਹੁੰਦੇ ਹਨ। ਜਨਮ ਤੋਂ ਪਹਿਲਾਂ ਮਨੁੱਖ ਦਾ ਸਰੀਰ ਮਾਂ ਦੁਆਰਾ ਖਾਧੀ ਧਰਤੀ ਤੋਂ ਸਿੱਧੇ ਜਾਂ ਅਸਿੱਧੇ ਰੂਪ ਵਿਚ ਪੈਦਾ ਹੋਈ ਖੁਰਾਕ, ਪੀਣ ਵਾਲੇ ਪਾਣੀ ਅਤੇ ਸਾਹਾਂ ਨਾਲ ਹਵਾ 'ਚੋਂ ਰੁੱਖਾਂ ਦੁਆਰਾ ਛੱਡੀ ਆਕਸੀਜਨ ਲੈਣ ਨਾਲ ਬਣਦਾ ਹੈ। ਭਾਵ ਮਨੁੱਖੀ ਸਰੀਰ ਸਿਹਤਮੰਦ ਚੌਗਿਰਦੇ ਦੀ ਸੰਤੁਲਤ ਭਾਗੀਦਾਰੀ ਨਾਲ ਹੋਂਦ ਗ੍ਰਹਿਣ ਕਰਦਾ ਹੈ। ਜਨਮ ਤੋਂ ਬਾਅਦ ਵੀ ਮਨੁੱਖੀ ਸਰੀਰ ਭੋਜਨ, ਹਵਾ ਤੇ ਪਾਣੀ ਅਰਥਾਤ ਆਪਣੇ ਚੌਗਿਰਦੇ ਦੇ ਆਸਰੇ ਵਿਕਸਤ ਹੁੰਦਾ ਅਤੇ ਬਣਿਆਂ ਰਹਿੰਦਾ ਹੈ। ਪਰ ਸਨਅਤੀਕਰਨ, ਪੂੰਜੀਵਾਦ ਅਤੇ ਉਪਭੋਗਤਾਵਾਦ ਦੇ ਰਲੇਵੇਂ ਜਾਂ ਸਾਂਝੇ ਪ੍ਰਭਾਵ ਕਾਰਨ ਮਨੁੱਖ ਕੁਦਰਤ ਦੀ ਸਾਊ ਸੰਤਾਨ ਬਣ ਕੇ ਇਸ ਦੀਆਂ ਵਿਸ਼ਾਲ ਬਰਕਤਾਂ ਨੂੰ ਖਾਣ ਖਰਚਣ ਅਤੇ ਮਾਨਣ ਦੀ ਬਜਾਏ ਹਾਬੜਿਆਂ ਜਾਂ ਹਲ਼ਕਿਆਂ ਵਾਂਗ ਮੁਕਾਉਣ ਅਤੇ ਨਸ਼ਟ ਕਰਨ ਲੱਗਾ ਹੋਇਆ ਹੈ। ਇਹ ਧਰਤੀ ਦੀ ਪੈਦਾਵਾਰ ਨਾਲ ਸਬਰ ਨਾ ਕਰਦਾ ਹੋਇਆ ਧਰਤੀ ਨੂੰ ਹੀ ਖਾਣ ਲੱਗਾ ਹੈ। ਵਿਕਾਸ ਨਾਂ ਦੀ ਇਸ ਦੌੜ ਨਾਲ ਆਪਣੇ ਲਈ ਵੱਡੇ ਪੱਧਰ ਤੇ ਬਿਮਾਰੀਆਂ, ਬੇਚੈਨੀਆਂ,

ਪਰੇਸ਼ਾਨੀਆਂ ਆਦਿ ਸਹੇੜ ਰਿਹਾ ਹੈ। ਇਸ ਸਥਿਤੀ ਪ੍ਰਥਾਏ ਗੁਰੂ ਨਾਨਕ ਦਾ ਕਥਨ ਬਹੁਤ ਢੁੱਕਵਾਂ ਅਤੇ ਦਿਲਚਸਪ ਹੈ। ਆਪ ਆਖਦੇ ਹਨ ਕਿ ਸ੍ਰਿਸ਼ਟੀ ਦੇ ਹੋਰ ਪਸਾਰਿਆਂ ਅਤੇ ਵਰਤਾਰਿਆਂ ਵਾਂਗ ਹਰ ਘਰ ਦਾ ਚੁੱਲ੍ਹਾ ਵੀ ਕੁਦਰਤੀ ਨਿਯਮਾਂ ਦੀ ਪਹਿਰੇਦਾਰੀ ਅਧੀਨ ਬਲ਼ਦਾ ਹੈ:

ਘਰਿ ਘਰਿ ਲਸਕਰੁ ਪਾਵਕੁ ਤੇਰਾ ਧਰਮੁ ਕਰੇ ਸਿਕਦਾਰੀ॥ (1190, ਮ. 1)

ਧਰਤੀ ਈਸ਼ਵਰ ਜਾਂ ਕੁਦਰਤ ਵਲੋਂ ਆਪਣੇ ਸਭ ਜੀਵਾਂ ਨੂੰ ਇਕੋ ਵਾਰੀ ਵਿਚ ਬਖਸ਼ੀ ਵਿਸ਼ਾਲ ਦੇਗ ਭਾਵ ਭੋਜਨ ਨਾਲ ਭਰੇ ਬਰਤਣ ਵਾਂਗ ਮਿਲੀ ਹੈ:

ਧਰਤੀ ਦੇਗ ਮਿਲੈ ਇਕ ਵੇਰਾ ਭਾਗੁ ਤੇਰਾ ਭੰਡਾਰੀ॥

ਪਰ ਕੁਦਰਤ ਦੀਆਂ ਦਾਤਾਂ ਨੂੰ ਖਾਣ ਖਰਚਣ ਵਾਲਾ ਮਨੁੱਖ ਸਬਰ ਸੰਤੋਖ ਵਲੋਂ ਕੋਰਾ ਹੈ, ਖਾ ਕੇ ਰੱਜਣ ਦੀ ਬਜਾਏ ਉਸ ਦੀ ਭੁੱਖ ਅੱਗੇ ਤੋਂ ਅੱਗੇ ਵਧਦੀ ਹੀ ਰਹਿੰਦੀ ਹੈ। ਮਨੁੱਖ ਦੀ ਮੰਗਤਿਆਂ ਵਾਲੀ ਅਜਿਹੀ ਬਿਰਤੀ ਉਸ ਨੂੰ ਖੁਆਰ ਕਰ ਰਹੀ ਹੈ:

ਨਾ ਸਾਬੂਰੁ ਹੋਵੈ ਫਿਰਿ ਮੰਗੈ ਨਾਰਦੁ ਕਰੇ ਖੁਆਰੀ॥

ਇੰਜ ਮਨੁੱਖ ਲਾਲਚ ਦੀ ਹਨੇਰੀ ਕੈਦ ਵਿਚ ਬੰਦ ਹੋ ਗਿਆ ਹੈ ਅਤੇ ਉਸਦੇ ਪੈਰੀਂ ਔਗੁਣਾਂ ਦੀਆਂ ਜੰਜੀਰਾਂ ਪੈ ਗਈਆਂ ਹਨ:

ਲਬੁ ਅਧੇਰਾ ਬੰਦੀਖਾਨਾ ਅਉਗਣ ਪੈਰਿ ਲੁਹਾਰੀ॥ (1191, ਮ. 1)

ਗੁਰੂ ਨਾਨਕ ਜਿਥੇ ਮਨੁੱਖ ਨੂੰ ਆਪਣੇ ਚੌਗਿਰਦੇ ਦੀ ਉਪਜ ਅਤੇ ਅੰਗ ਮੰਨਦੇ ਹਨ ਉਥੇ ਹੋਰ ਸਭ ਕਾਸੇ ਦੇ ਨਾਲ ਨਾਲ ਚੌਗਿਰਦੇ ਦੇ ਸਾਰੇ ਅੰਗਾਂ ਭਾਵ ਪੌਣ, ਪਾਣੀ, ਧਰਤੀ, ਅਗਨੀ ਆਦਿ ਨੂੰ ਕੁਦਰਤ ਆਖਦੇ ਹਨ। ਇਹਨਾਂ ਸਾਰੇ ਅੰਗਾਂ ਜਾਂ ਸਮੁੱਚੀ ਕੁਦਰਤ ਦਾ ਮਾਲਕ ਮਨੁੱਖ ਨਹੀਂ ਸਗੋਂ ਉਹ ਕਰਤਾਰ ਹੈ ਜਿਸ ਨੇ ਇਸ ਨੂੰ ਸਿਰਜਿਆ ਹੈ। ਇਹ ਅੰਗ ਉਸ ਦੇ ਅਟੱਲ ਨਿਯਮਾਂ ਦੇ ਤਹਿਤ ਬਣਦੇ, ਮਿਲਦੇ, ਜੁੜਦੇ, ਵਟਦੇ, ਟੁੱਟਦੇ, ਵਿਗਸਦੇ ਅਤੇ ਬਿਨਸਦੇ ਹਨ। ਗੁਰੂ ਨਾਨਕ ਨੂੰ ਸਾਰਾ ਚੌਗਿਰਦਾ ਨਿਰਧਾਰਤ ਆਰਡਰ ਤਹਿਤ ਗਤੀਸ਼ੀਲ ਦਿਖਾਈ ਦਿੰਦਾ ਹੈ:

ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ॥
ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥
ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ॥ (464, ਮ. 1)

ਇਸ ਕੁਦਰਤ ਦਾ ਕਰਤਾ ਪ੍ਰਭੂ ਇਸ ਵਿਚ ਰਸਿਆ ਵਸਿਆ ਹੋਇਆ ਹੈ, ਕੁਦਰਤ ਕਰਤੇ ਦਾ ਆਪਾ ਹੈ।

ਕੁਦਰਤਿ ਕਰਿ ਕੈ ਵਸਿਆ ਸੋਇ॥ (83, ਮ. 1)

ਦੂਜੇ ਸ਼ਬਦਾਂ ਵਿਚ ਕੁਦਰਤ ਅਦਿੱਖ ਪ੍ਰਭੂ ਦਾ ਦਿਖਾਈ ਦਿੰਦਾ ਰੂਪ ਹੈ:

ਆਪਿ ਅਲੇਖੁ ਕੁਦਰਤਿ ਹੈ ਦੇਖਾ॥ (1042, ਮ. 1)

ਇਸ ਲਈ ਆਪ ਇਸ ਕੁਦਰਤ ਦੀ ਬੇਅੰਤਤਾ, ਵਿਸ਼ਾਲਤਾ, ਵੰਨ-ਸੁਵੰਨਤਾ, ਇਕਸੁਰਤਾ, ਅਨਮੋਲਤਾ, ਪਾਲਣਹਾਰਤਾ, ਸਵੈ ਸੰਚਾਲਕਤਾ ਆਦਿ ਪ੍ਰਤੀ ਵਾਰ ਵਾਰ ਵਿਸਮਾਦੀ ਅਸਚਰਜਤਾ ਅਤੇ ਬਲਿਹਾਰਤਾ ਦਾ ਪ੍ਰਗਟਾਵਾ ਕਰਦੇ ਹਨ।

**ਬੇਅੰਤਤਾ**:

ਕੁਦਰਤਿ ਕਵਣ ਕਹਾ ਵੀਚਾਰੁ॥
ਵਾਰਿਆ ਨ ਜਾਵਾ ਏਕ ਵਾਰ॥ (3, ਮ. 1)

ਬਲਿਹਾਰੀ ਕੁਦਰਤਿ ਵਸਿਆ॥
ਤੇਰਾ ਅੰਤੁ ਨ ਜਾਈ ਲਖਿਆ॥ (469, ਮ. 1)

**ਵੰਨ-ਸੁਵੰਨਤਾ**:

ਇਕਤੁ ਰੂਪਿ ਫਿਰਹਿ ਪਰਛੰਨਾ ਕੋਇ ਨ ਕਿਸ ਹੀ ਜੇਹਾ॥ (596, ਮ. 1)

ਕੇਤੇ ਤੇਰੇ ਰੂਪ ਰੰਗ ਕੇਤੇ ਜਾਤਿ ਅਜਾਤਿ॥ (18, ਮ. 1)

**ਇਕਸੁਰਤਾ**:

ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ॥
ਏਕੁ ਪੁਰਬੁ ਮੈ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ॥ (596, ਮ. 1)

**ਸਵੈ-ਸੰਚਾਲਕਤਾ**:

ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ॥ (53, ਮ. 1)

**ਅਨਮੋਲਤਾ**:

ਕੁਦਰਤਿ ਹੈ ਕੀਮਤਿ ਨਹੀ ਪਾਇ॥
ਜਾ ਕੀਮਤਿ ਪਾਇ ਤ ਕਹੀ ਨ ਜਾਇ॥ (84, ਮ. 1)

ਕਹਣਾ ਹੈ ਕਿਛੁ ਕਹਣੁ ਨ ਜਾਇ॥
ਤਉ ਕੁਦਰਤਿ ਕੀਮਤਿ ਨਹੀ ਪਾਇ॥ (151, ਮ. 1)

ਗੁਰੂ ਨਾਨਕ ਵਿਚਾਰਧਾਰਾ ਮਨੁੱਖਾਂ ਦੇ ਚੌਗਿਰਦੇ ਨਾਲ ਜਿਸ ਤਰ੍ਹਾਂ ਦੇ ਨੇੜਤਾ ਅਤੇ ਇਕਸੁਰਤਾ ਭਰੇ ਸਬੰਧਾਂ 'ਤੇ ਜ਼ੋਰ ਦਿੰਦੀ ਹੈ ਗੁਰੂ ਨਾਨਕ ਦੇ ਚੌਗਿਰਦੇ ਨਾਲ ਬਿਲਕੁਲ ਓਹੋ ਜਿਹੇ ਆਪਣੇ ਸਬੰਧਾਂ ਦੇ ਪ੍ਰਮਾਣ ਉਹਨਾਂ ਦੀ ਰਚਨਾ ਵਿਚ ਥਾਂ ਪੁਰ ਥਾਂ ਮਿਲਦੇ ਹਨ। ਉਹ ਆਪਣੇ ਚਿੰਤਨ ਦਾ ਪ੍ਰਗਟਾਵਾ ਜਾਂ ਸੰਚਾਰ ਆਪਣੇ ਨੇੜਲੇ ਚੌਗਿਰਦੇ ਦੀਆਂ

ਉਦਾਹਰਣਾ ਨਾਲ ਕਰਦੇ ਹਨ :

ਕੋਕਿਲ ਹੋਵਾ ਅੰਬਿ ਬਸਾ ਸਹਜਿ ਸਬਦ ਬੀਚਾਰੁ॥
ਸਹਜਿ ਸੁਭਾਇ ਮੇਰਾ ਸਹੁ ਮਿਲੈ ਦਰਸਨਿ ਰੂਪਿ ਅਪਾਰੁ॥
ਮਛੁਲੀ ਹੋਵਾ ਜਲਿ ਬਸਾ ਜੀਅ ਜੰਤ ਸਭਿ ਸਾਰਿ॥
ਉਰਵਾਰਿ ਪਾਰਿ ਮੇਰਾ ਸਹੁ ਵਸੈ ਹਉ ਮਿਲਉਗੀ ਬਾਹ ਪਸਾਰਿ॥
ਨਾਗਨਿ ਹੋਵਾ ਧਰ ਵਸਾ ਸਬਦੁ ਵਸੈ ਭਉ ਜਾਇ॥
ਨਾਨਕ ਸਦਾ ਸੋਹਾਗਣੀ ਜਿਨ ਜੋਤੀ ਜੋਤਿ ਸਮਾਇ॥ (157, ਮ. 1)

ਗੁਰਮੁਖਿ ਨਿਰਮਲ ਰਹਹਿ ਪਿਆਰੇ॥
ਜਿਉ ਜਲ ਅੰਭ ਊਪਰਿ ਕਮਲ ਨਿਰਾਰੇ॥ (353, ਮ. 1)

ਚੌਗਿਰਦੇ ਦਾ ਹਰ ਦ੍ਰਿਸ਼ ਗੁਰੂ ਨਾਨਕ ਦੀਆਂ ਖੁੱਲ੍ਹੀਆਂ ਅੱਖਾਂ ਥਾਣੀਂ ਉਹਨਾਂ ਅੰਦਰ ਲੰਘ ਕੇ ਉਹਨਾਂ ਦੇ ਚਿੱਤ ਵਿਚ ਕਿੰਨਾ ਗਹਿਰਾ ਵਸਿਆ ਰਸਿਆ ਹੈ ਇਸ ਦਾ ਅਨੁਮਾਨ ਉਹਨਾਂ ਦੀ ਤੁਖਾਰੀ ਰਾਗ ਵਿਚ ਉਚਾਰੀ ਬਾਣੀ ਬਾਹਰਾਮਹਾ ਤੋਂ ਲਾਇਆ ਜਾ ਸਕਦਾ ਹੈ। ਆਪ ਚੌਗਿਰਦੇ ਵਿਚ ਵਸੀ ਦਿੱਬਤਾ ਦਾ ਬੋਧ ਕਰਾਉਂਦੇ ਹਨ। ਗੁਰੂ ਗਰੰਥ ਸਾਹਿਬ ਦੇ ਪੰਨਾ 1107 ਤੋਂ 1109 ਤੱਕ ਦਰਜ ਇਸ ਬਾਣੀ ਵਿਚ ਰੁੱਖਾਂ, ਟਾਹਣੀਆਂ, ਫੁੱਲਾਂ, ਪੱਤਿਆਂ, ਪਸ਼ੂ, ਪੰਛੀਆਂ, ਕੀੜੇ ਮਕੌੜਿਆਂ, ਬੱਦਲਾਂ, ਗਰਮੀ, ਸਰਦੀ, ਬਾਰਿਸ਼ ਅਤੇ ਹੋਰ ਭੂ-ਦ੍ਰਿਸ਼ਾਂ ਦਾ ਭਰਪੂਰ ਚਿਤਰਨ ਹੋਇਆ ਹੈ:

ਬਾਬੀਹਾ ਪ੍ਰਿਉ ਬੋਲੇ ਕੋਕਿਲ ਬਾਣੀਆ॥ (1107, ਮ. 1)

ਨਾਨਕ ਪ੍ਰਿਉ ਪ੍ਰਿਉ ਚਵੈ ਬਬੀਹਾ ਕੋਕਿਲ ਸਬਦਿ ਸੁਹਾਵੈ॥
ਬਰਸੈ ਅੰਮ੍ਰਿਤ ਧਾਰ ਬੂੰਦ ਸੁਹਾਵਣੀ॥
ਉਨਵਿ ਘਨ ਛਾਏ ਬਰਸੁ ਸੁਭਾਏ ਮਨਿ ਤਨਿ ਪ੍ਰੇਮੁ ਸੁਖਾਵੈ॥
ਚੇਤੁ ਬਸੰਤੁ ਭਲਾ ਭਵਰ ਸੁਹਾਵੜੇ॥
ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ॥
ਕੋਕਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ॥
ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ॥
ਵੈਸਾਖੁ ਭਲਾ ਸਾਖਾ ਵੇਸ ਕਰੇ॥
ਥਲ ਤਾਪਹਿ ਸਰ ਭਾਰ ਸਾ ਧਨ ਬਿਨਉ ਕਰੈ॥
ਆਸਾੜੁ ਭਲਾ ਸੂਰਜੁ ਗਗਨਿ ਤਪੈ॥
ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ॥
ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ॥
ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ॥

ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ॥
ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ॥
ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ॥
ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ॥
ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹ ਸਿ ਫੁਲੇ॥
ਦਹ ਦਿਸਿ ਸਾਖ ਹਰੀ ਹਰੀਆਵਲ ਸਹਜਿ ਪਕੈ ਸੋ ਮੀਠਾ॥ (1109, ਮ. 1)

ਵਾਤਾਵਰਣ ਦਾ ਪਲੀਤ ਹੋਣਾ ਸਾਡੇ ਲਈ ਬਹੁਤ ਗੰਭੀਰ ਮਸਲਾ ਹੈ। ਇਹ ਮਸਲਾ ਮਨੁੱਖ ਦੇ ਕੁਦਰਤ ਨਾਲ ਸਬੰਧਾਂ ਨੂੰ ਦਰੁਸਤ ਕਰਨ ਨਾਲ ਹੀ ਨਜਿੱਠਿਆ ਜਾਣਾ ਹੈ। ਮਨੁੱਖ ਜਾਤੀ ਦੇ ਹੰਢਣਸਾਰ ਵਿਸਮਾਦੀ ਵਿਗਾਸ ਲਈ ਇਸ ਦਾ ਆਪਣੇ ਚੌਗਿਰਦੇ ਜਾਂ ਕੁਦਰਤ ਨਾਲ ਕਿਸ ਤਰ੍ਹਾਂ ਦਾ ਸਬੰਧ ਹੋਵੇ ਗੁਰੂ ਨਾਨਕ ਬਾਣੀ ਇਸ ਦਾ ਭਰਵਾਂ ਬੋਧ ਕਰਾਉਂਦੀ ਹੈ।

# ਗੁਰਮਤਿ ਦੇ ਪਹਿਲੇ ਸਿਧਾਂਤਕਾਰ : ਭਗਤ ਨਾਮਦੇਵ ਜੀ

ਮਹਾਰਾਸ਼ਟਰ ਅਤੇ ਪੰਜਾਬ ਭੁਗੋਲਿਕ ਤੌਰ 'ਤੇ ਇਕ ਦੂਸਰੇ ਤੋਂ ਫਾਸਲੇ 'ਤੇ ਹਨ ਪਰ ਇਹਨਾਂ ਦੇ ਨੇੜਤਾ ਵਾਲੇ ਸਬੰਧ ਬੜੇ ਪੁਰਾਣੇ ਅਤੇ ਕਈ ਪੱਧਰਾਂ ਦੇ ਹਨ। 19 ਸਾਲ ਦੀ ਉਮਰ ਵਿਚ ਸ਼ਹੀਦ ਹੋਣ ਵਾਲੇ ਗਦਰ ਲਹਿਰ ਦੇ ਸੂਰਬੀਰ ਸ਼ਹੀਦ ਕਰਤਾਰ ਸਿੰਘ ਸਰਾਭਾ ਨਾਲ ਫਾਂਸੀ ਲੱਗਣ ਵਾਲਿਆਂ ਵਿਚ ਮਹਾਰਾਸ਼ਟਰ ਦੇ ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ ਵੀ ਸ਼ਾਮਲ ਸਨ। ਪੰਜਾਬ ਦੇ ਮਹਾਂ-ਨਾਇਕ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ ਨਾਲ 23 ਮਾਰਚ 1931 ਨੂੰ ਫਾਂਸੀ ਦਾ ਰੱਸਾ ਚੁੰਮਣ ਵੇਲੇ ਮਰਾਠੀ ਸਪੂਤ ਸ਼ਹੀਦ ਰਾਜਗੁਰੂ ਵੀ ਉਹਨਾਂ ਦੇ ਨਾਲ ਸਨ। ਗੁਰੂ ਨਾਨਕ ਤੋਂ ਦੋ ਸਦੀਆਂ ਬਾਅਦ ਪ੍ਰਗਟ ਹੋਏ ਗੋਬਿੰਦ ਸਿੰਘ ਜੀ ਦਾ ਵਿਚਰਨ ਸਥਾਨ ਮੁੱਖ ਤੌਰ ਤੇ ਪੰਜਾਬ ਰਿਹਾ ਪਰ ਆਖਰੀ ਸਮੇਂ ਉਹ ਮਹਾਰਾਸ਼ਟਰ ਵਿਚ ਨੰਦੇੜ ਵਿਖੇ ਰਹੇ। ਇਸ ਤੋਂ ਉਲਟ ਗੁਰੂ ਨਾਨਕ ਤੋਂ ਦੋ ਸਦੀਆਂ ਪਹਿਲਾਂ ਭਗਤ ਨਾਮਦੇਵ ਜੀ ਮਹਾਰਾਸ਼ਟਰ ਵਿਚ ਨਰਸੀ ਬਾਹਮਣੀ ਦੇ ਸਥਾਨ ਤੇ ਪੈਦਾ ਹੋਏ, ਉਹ ਮਗਰਲੀ ਉਮਰੇ ਪੰਜਾਬ ਵਿਚ ਵਿਚਰੇ। ਆਪ ਦਾ ਚਲਾਣਾ ਪੰਜਾਬ ਦੇ ਜ਼ਿਲਾ ਗੁਰਦਾਸਪੁਰ ਵਿਚ ਘੁਮਾਣ ਦੇ ਸਥਾਨ ਤੇ ਹੋਇਆ। ਪੰਜਾਬ ਤੋਂ ਉਹਨਾਂ ਦੇ ਸ਼ਰਧਾਲੂ ਨਰਸੀ ਬਾਹਮਣੀ ਜਾਂਦੇ ਹਨ ਅਤੇ ਮਹਾਰਾਸ਼ਟਰ ਤੋਂ ਉਹਨਾਂ ਦੇ ਸ਼ਰਧਾਲੂ ਘੁਮਾਣ ਦੀ ਯਾਤਰਾ ਲਈ ਆਉਂਦੇ ਹਨ।

ਗੁਰੂ ਨਾਨਕ ਨੇ ਆਪਣੀਆਂ ਚਾਰ ਮਹਾਨ ਯਾਤਰਾਵਾਂ (ਉਦਾਸੀਆਂ) ਦੌਰਾਨ ਦੱਖਣੀ ਏਸ਼ੀਆਂ ਦੇ ਵੱਖ ਵੱਖ ਸਥਾਨਾਂ ਤੋਂ ਬਹੁਤ ਸਾਰੇ ਸੰਤਾਂ ਭਗਤਾਂ ਦੀ ਬਾਣੀ ਇਕੱਠੀ ਕੀਤੀ।ਦੂਜੀ ਉਦਾਸੀ ਦੌਰਾਨ ਭਾਵ ਦੱਖਣ ਦਿਸ਼ਾ ਵਿਚ ਲੰਕਾ ਵੱਲ ਜਾਣ ਸਮੇਂ ਆਪ ਮਹਾਰਾਸ਼ਟਰ ਵਿਚੋਂ ਗੁਜ਼ਰੇ ਸਨ।ਇਸ ਯਾਤਰਾ ਦੌਰਾਨ ਉਹਨਾਂ ਮਹਾਰਾਸ਼ਟਰ ਵਾਸੀ ਭਗਤ ਤ੍ਰੈਲੋਚਨ ਜੀ ਅਤੇ ਭਗਤ ਪਰਮਾਨੰਦ ਜੀ ਦੀ ਬਾਣੀ ਹਾਸਲ ਕੀਤੀ। ਕਿਉਂਕਿ ਭਗਤ ਨਾਮਦੇਵ ਜੀ ਜੀਵਨ ਦੇ ਮਗਰਲੇ ਸਮੇਂ ਪੰਜਾਬ ਵਿਚ ਵਿਚਰੇ ਸਨ ਸੋ ਇਸ ਗੱਲ ਦੀ ਕਾਫੀ ਸੰਭਾਵਨਾ ਹੈ ਕਿ ਗੁਰੂ ਸਾਹਿਬ ਨੂੰ ਉਹਨਾਂ ਦੀ ਬਾਣੀ ਪੰਜਾਬ ਵਿਚੋਂ ਹੀ ਮਿਲ ਗਈ ਹੋਵੇ।ਭਗਤ ਜੀ ਦੀ ਚੋਖੀ ਬਾਣੀ ਪੰਜਾਬ ਦੀ ਧਰਤੀ 'ਤੇ ਸੰਪਾਦਤ ਹੋਏ ਗੁਰੂ ਗਰੰਥ ਸਾਹਿਬ ਵਿਚ ਦਰਜ ਹੈ।

ਜਿਸ ਤਰ੍ਹਾਂ ਪ੍ਰੋ. ਪੂਰਨ ਸਿੰਘ ਨੇ ਪੰਜਾਬ ਨੂੰ ਗੁਰਾਂ ਦੇ ਨਾਂ ਤੇ ਵਸਦਾ ਕਿਹਾ ਹੈ, ਮਹਾਰਾਸ਼ਟਰ ਨੂੰ ਉਥੋਂ ਦੇ ਲੋਕ ਨਾਮਦੇਵ ਜੀ ਤੇ ਨਾਂ ਤੇ ਵਸਦਾ ਸਮਝਦੇ ਹਨ। ਪਰ

ਬਹੁਤੇ ਮਰਾਠੀ ਲੋਕ ਇਸ ਗੌਰਵ ਤੋਂ ਨਾਵਾਕਿਫ਼ ਹਨ ਕਿ ਗੁਰਮਤਿ ਵਿਚਾਰਧਾਰਾ ਦੀ ਜਿਸ ਜ਼ਮੀਨ ਤੇ ਗੁਰੂ ਨਾਨਕ ਸਾਹਿਬ ਨੇ ਸਿੱਖ ਲਹਿਰ ਪੈਦਾ ਕੀਤੀ ਅਤੇ ਦੂਸਰੇ ਗੁਰੂ ਸਾਹਿਬਾਨ ਨੇ ਉਸ ਨੂੰ ਵਿਕਸਤ ਕੀਤਾ ਉਸ ਜ਼ਮੀਨ ਦੀ ਤਿਆਰੀ ਲਈ ਭਗਤ ਨਾਮਦੇਵ ਜੀ ਵਲੋਂ ਅਹਿਮ ਰੋਲ ਨਿਭਾਇਆ ਗਿਆ ਸੀ। ਗੁਰਮਤਿ ਵਿਚਾਰਧਾਰਾ ਦੇ ਪ੍ਰਸਾਰ ਅਤੇ ਪ੍ਰਚਾਰ ਲਈ ਉਹਨਾਂ ਨੇ ਦੂਰ-ਦੂਰ ਤੱਕ ਪਾਰ-ਖੇਤਰੀ ਭਰਮਣ ਕਰਦਿਆਂ ਬਹੁਤ ਸਾਰੀ ਬਾਣੀ ਦੀ ਰਚਨਾ ਕੀਤੀ। ਗੁਰੂ ਗਰੰਥ ਸਾਹਿਬ ਵਿਚ ਉਹਨਾਂ ਦੇ 18 ਰਾਗਾਂ ਵਿਚ 61 ਸ਼ਬਦ ਮੌਜੂਦ ਹਨ। ਇਹਨਾਂ ਦੇ ਆਧਾਰ ਤੇ ਉਹਨਾਂ ਨੂੰ ਭਗਤੀ ਲਹਿਰ ਦੇ ਮੋਢੀਆਂ ਵਿਚੋਂ ਸਭ ਤੋਂ ਮਹੱਤਵਪੂਰਨ ਕਿਹਾ ਜਾ ਸਕਦਾ ਹੈ। ਗੁਰੂ ਸਾਹਿਬਾਨ ਤੋਂ ਪਹਿਲਾਂ ਹੋਏ ਕਬੀਰ ਜੀ ਅਤੇ ਰਵਿਦਾਸ ਜੀ ਦਾ ਯੋਗਦਾਨ ਵੀ ਬਹੁਤ ਵੱਡਾ ਹੈ ਪਰ ਨਾਮਦੇਵ ਜੀ ਉਹਨਾਂ ਤੋਂ ਵੀ ਕਾਫੀ ਸਮਾਂ ਪਹਿਲਾਂ ਹੋਏ ਅਤੇ ਵਿਚਰੇ ਹਨ ਜਿਨ੍ਹਾਂ ਗੁਰਮਤਿ ਵਿਚਾਰਧਾਰਾ ਦਾ ਬਾਨ੍ਹਣੂੰ ਬੰਨ੍ਹਿਆਂ।

ਭਾਰਤ ਦੇ ਪੂਰਬੀ ਪਾਸੇ ਵਸਦੇ ਜੈਦੇਵ ਜੀ ਅਤੇ ਪੱਛਮੀ ਸਿਰੇ ਮਹਾਰਾਸ਼ਟਰ 'ਚ ਰਹਿੰਦੇ ਭਗਤ ਨਾਮਦੇਵ ਜੀ ਕ੍ਰਮਵਾਰ ਬਾਰ੍ਹਵੀਂ ਅਤੇ ਤੇਹਰਵੀਂ ਸਦੀ ਵਿਚ ਪੈਦਾ ਹੋਏ ਹਨ। ਇਹਨਾਂ ਦੋਵਾਂ ਇਲਾਕਿਆਂ ਦੇ ਵਿਚਾਲੇ ਚੌਧਵੀਂ ਸਦੀ 'ਚ ਜਨਮੇ ਕਬੀਰ ਜੀ ਨੇ ਆਪਣੀ ਬਾਣੀ ਵਿਚ ਦੋਵਾਂ ਨੂੰ ਇਕੱਠਿਆਂ ਯਾਦ ਕੀਤਾ ਹੈ। ਵਾਰ-ਵਾਰ ਉਹਨਾਂ ਪ੍ਰਤੀ ਸਤਿਕਾਰ ਪ੍ਰਗਟ ਕੀਤਾ ਹੈ। ਉਹਨਾਂ ਨੂੰ ਪ੍ਰੇਮ ਭਗਤੀ ਦੇ ਮੁਜੱਸਮੇ ਮੰਨਦੇ ਹੋਏ ਕਿਹਾ ਕਿ ਪ੍ਰਮੇਸ਼ਰ ਦੀ ਉਹਨਾਂ ਤੇ ਅਪਾਰ ਬਖਸ਼ਿਸ਼ ਸੀ, ਉਹ ਕਲਯੁਗ ਦੀਆਂ ਜਾਗ੍ਰਿਤ ਰੂਹਾਂ ਸਨ:

ਗੁਰ ਪਰਸਾਦੀ ਜੈਦੇਉ ਨਾਮਾਂ॥
ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ॥ (330, ਕਬੀਰ ਜੀ)

ਜੈਦੇਉ ਨਾਮਾ ਬਿਪ ਸੁਦਾਮਾ ਤਿਨ ਕਉ ਕ੍ਰਿਪਾ ਭਈ ਹੈ ਅਪਾਰ॥
(856, ਕਬੀਰ ਜੀ)

ਕਲਿ ਜਾਗੇ ਨਾਮਾ ਜੈਦੇਵ॥ (1194, ਕਬੀਰ ਜੀ)

ਨਾਮਦੇਵ ਜੀ ਪਹਿਲੇ ਭਗਤ ਕਵੀ ਸਨ ਜਿਹਨਾਂ ਨੇ ਹਿੰਦੂ ਅਤੇ ਇਸਲਾਮੀ ਰਹੁ ਰੀਤਾਂ ਨੂੰ ਰੱਦ ਕੇ ਦੋਨਾਂ ਤੋਂ ਸੁਤੰਤਰ ਗਿਆਨੀ ਮਨੁੱਖ ਦਾ ਮਾਡਲ ਪੇਸ਼ ਕੀਤਾ ਜੋ ਮਜ਼ਹਬੀ ਵਲਗਣਾਂ ਤੋਂ ਪਾਰ ਇੱਕ ਪਰਮਾਤਮਾ ਦੀ ਹਸਤੀ ਨੂੰ ਚਿਤਵ ਸਕੇ:

ਹਿੰਦੂ ਅੰਨ੍ਹਾ ਤੁਰਕੂ ਕਾਣਾ॥ ਦੁਹਾਂ ਤੇ ਗਿਆਨੀ ਸਿਆਣਾ॥
ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ॥
ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ॥ (875)

ਗੁਰੂ ਨਾਨਕ ਵਲੋਂ ਆਰੰਭੀ ਗਈ ਸਿੱਖ ਲਹਿਰ ਦਾ ਉਦੇਸ਼ ਅਤੇ ਸਾਰੀ ਜੱਦੋ-

ਜਹਿਦ ਨਾਮਦੇਵ ਜੀ ਵਲੋਂ ਪ੍ਰਸਤੁਤ ਕੀਤੇ ਗਏ ਮਾਡਲ ਵਾਲੇ ਗਿਆਨੀ ਮਨੁੱਖ ਦੀ ਸਿਰਜਨਾ ਕਰਨ ਵੱਲ ਸੇਧਤ ਸੀ। ਅਜਿਹੇ ਗਿਆਨੀ ਮਨੁੱਖ ਦੀ ਧਾਰਮਿਕਤਾ ਕਿਸੇ ਧਾਰਮਿਕ ਸਥਾਨ ਦੇ ਕਰਮਕਾਂਡ ਜਾਂ ਮਰਿਯਾਦਾ ਦੀ ਮੁਥਾਜ਼ ਨਹੀਂ ਹੁੰਦੀ। ਅਜਿਹੀ ਧਾਰਮਿਕਤਾ ਲਈ ਨਾਮਦੇਵ ਜੀ ਨੇ ਮਨੁੱਖ ਦੇ ਮਨ ਦੀ ਸ਼ੁੱਧੀ ਨੂੰ ਸਭ ਤੋਂ ਲਾਜ਼ਮੀ ਮੰਨਿਆਂ:

ਕਾਹੇ ਕਉ ਕੀਜੈ ਧਿਆਨੁ ਜਪੰਨਾ॥
ਜਬ ਤੇ ਸੁਧੁ ਨਾਹੀ ਮਨੁ ਅਪਨਾ॥ (485)

ਨਾਮਦੇਵ ਜੀ ਵਲੋਂ ਚਿਤਰੇ ਗਏ ਗਿਆਨੀ ਮਨੁੱਖ ਨੂੰ ਪਰਮਾਤਮਾ ਨਾਲ ਜੁੜਨ ਲਈ ਤੀਰਥਾਂ ਦੇ ਭਰਮਣ ਜਾਂ ਧਾਰਮਿਕ ਸਥਾਨਾਂ ਦੇ ਦਰਸ਼ਨ ਦੀਦਾਰਿਆਂ ਦੀ ਲੋੜ ਨਹੀਂ, ਸਗੋਂ ਆਤਮ ਸੰਜਮ ਚਾਹੀਦਾ ਹੈ:

ਕਹਤ ਨਾਮਦੇਉ ਬਾਹਰਿ ਕਿਆ ਭਰਮਹੁ
ਇਹ ਸੰਜਮ ਹਰਿ ਪਾਈਐ॥ (693)

ਭਗਤ ਨਾਮਦੇਵ ਜੀ ਅਨੁਸਾਰ ਸ਼ੁਭ ਕਰਮਾਂ ਅਤੇ ਸ਼ੁਭ ਵਿਚਾਰਾਂ ਦੇ ਧਾਰਨੀ ਹੋ ਕੇ ਭਗਤੀ ਕਰਨਾ ਹੀ ਪਰਮਾਤਮਾ ਵੱਲ ਜਾਂਦਾ ਮਾਰਗ ਹੈ। ਇਸ ਮਾਰਗ ਨੂੰ ਭਗਤ ਨਾਮਦੇਵ ਜੀ ਨੇ ਗੁਰਮਤਿ ਵਿਚਾਰਧਾਰਾ ਦਾ ਨਾਮ ਦਿੱਤਾ:

ਭਨਤਿ ਨਾਮਦੇਉ ਸੁਕ੍ਰਿਤ ਸੁਮਤਿ ਭਏ॥
ਗੁਰਮਤਿ ਰਾਮੁ ਕਹਿ ਕੋ ਕੋ ਨ ਬੈਕੁੰਠਿ ਗਏ॥ (718)

ਗੁਰਮਤਿ ਰਾਮ ਨਾਮ ਗਹੁ ਮੀਤਾ॥
ਪ੍ਰਣਵੈ ਨਾਮਾ ਇਉ ਕਹੈ ਗੀਤਾ॥ (874)

ਗੁਰਮਤਿ ਵਿਚਾਰਧਾਰਾ ਅਤੇ ਸਿੱਖ ਦਰਸ਼ਨ ਸਮਾਨ-ਅਰਥੀ ਹਨ। ਇਸ ਵਿਚਾਰਧਾਰਾ ਦੇ ਸੰਚਾਰ, ਪ੍ਰਸਾਰ ਅਤੇ ਵਿਕਾਸ ਲਈ ਗੁਰੂ ਨਾਨਕ ਸਾਹਿਬ ਅਤੇ ਉਹਨਾਂ ਤੋਂ ਮਗਰੋਂ ਦੂਸਰੇ ਗੁਰੂ ਸਹਿਬਾਨ ਨੇ ਬਹੁਤ ਪ੍ਰਭਾਵਸ਼ਾਲੀ ਸਿੱਖ ਲਹਿਰ ਖੜ੍ਹੀ ਕੀਤੀ। ਇਸ ਵਿਚਾਰਧਾਰਾ ਦੇ ਤਹਿਤ ਭਗਤ ਨਾਮਦੇਵ ਜੀ ਨੇ ਜੋਗ-ਮੱਤ ਵਿਚ ਦੱਸੀ ਜਾਂਦੀ ਹੱਠ-ਸਾਧਨਾ ਨੂੰ ਅਰਥਹੀਣ ਕਿਹਾ। ਉਹਨਾਂ ਅਨੁਸਾਰ ਗੁਰਮਤਿ ਵਿਚ ਮੂਰਤੀ ਪੂਜਾ ਲਈ ਕੋਈ ਸਥਾਨ ਨਹੀਂ ਹੈ। ਉਹ ਬਹੁਤ ਪ੍ਰਭਾਵਸ਼ਾਲੀ ਤਰਕ ਅਤੇ ਦਲੀਲ ਨਾਲ ਸਮਝਾਉਂਦੇ ਰਹੇ:

ਏਕੈ ਪਾਥਰ ਕੀਜੈ ਭਾਉ॥ ਦੂਜੈ ਪਾਥਰ ਧਰੀਐ ਪਾਉ॥
ਜੇ ਓਹੁ ਦੇਉ ਤ ਓਹੁ ਭੀ ਦੇਵਾ॥ ਕਹਿ ਨਾਮਦੇਉ ਹਮ ਹਰਿ ਕੀ ਸੇਵਾ॥
(525)

ਭਗਤ ਨਾਮਦੇਵ ਜੀ ਨੇ ਮੂਰਤੀ ਪੂਜਾ ਤੋਂ ਇਲਾਵਾ ਹੋਰ ਨਿਰਾਰਥਕ ਧਰਮ ਕਾਂਡਾਂ ਜਿਵੇਂ ਤੀਰਥ ਭਰਮਣ, ਇਸ਼ਨਾਨ ਆਦਿ ਅਤੇ ਫੋਕਟ ਚਿੰਨ੍ਹਾਂ ਉਤੇ ਕਟਾਖਸ਼ ਕੀਤਾ। ਉਹਨਾਂ ਨੇ ਸ਼ਿਵ, ਪਾਰਵਤੀ, ਭੈਰੋਂ, ਸੀਤਲਾ, ਭਵਾਨੀ ਆਦਿ ਦੇਵੀ ਦੇਵਤਿਆਂ ਦੀ ਪੂਜਾ ਅਤੇ ਅਰਾਧਨਾ ਦਾ ਵੀ ਖੰਡਨ ਕੀਤਾ।ਇਹਨਾਂ ਸਾਰੇ ਦੇਵੀ ਦੇਵਤਿਆਂ ਦੀ ਬਜਾਏ ਆਪ ਇਕ ਈਸ਼ਵਰ ਦੇ ਵਿਸ਼ਵਾਸੀ ਅਤੇ ਉਸ ਦੀ ਅਰਾਧਨਾ ਦੇ ਮੁਦੱਈ ਅਤੇ ਪ੍ਰਚਾਰਕ ਸਨ ਜੋ ਪੂਰੀ ਸ੍ਰਿਸ਼ਟੀ ਵਿਚ ਵਿਆਪਕ ਹੈ:

**ਏਕ** ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ॥ (485)
ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ **ਏਕ ਮੁਰਾਰੀ**॥ (485)
ਸਭ **ਰਾਮੁ ਏਕੁ** ਕਰਿ ਜਾਨਿਆ॥ (657)
ਕੇਸਵਾ ਬਚਉਨੀ ਅਈਏ ਮਈਏ ਏਕ ਆਨ ਜੀਉ॥ (693)
ਦੇਹਿ ਲੇਹਿ **ਏਕੁ** ਤੂੰ ਦਿਗਰ ਕੋ ਨਹੀ॥ (727)
ਹਉ ਤਉ **ਏਕੁ ਰਮਈਆ** ਲੈਹਉ॥ (874)

ਇਸ ਇਕ ਪਰਮਾਤਮਾ ਨੂੰ ਉਨ੍ਹਾਂ ਆਪਣੀ ਬਾਣੀ ਵਿਚ ਲਗਪਗ 40 ਨਾਵਾਂ ਨਾਲ ਯਾਦ ਕੀਤਾ ਹੈ, ਜਿਵੇਂ ਦੇਵਾ, ਸੁਆਮੀ, ਪ੍ਰਭੂ, ਮੁਰਾਰੀ, ਕਰੀਮਾਂ, ਰਹੀਮਾਂ, ਅਲਾਹ, ਗਨੀ, ਗੋਪਾਲ, ਸ੍ਰੀ ਰੰਗ, ਪਾਤਿਸਾਹ, ਅਸਪਤਿ, ਗਜਪਤਿ, ਨਰਿੰਦ, ਮੀਰ, ਮੁਕੰਦ, ਗੋਬਿੰਦ, ਸਿਆਮ, ਰਾਮ, ਕੇਸਵ, ਮਾਧੋ, ਬੀਠਲ, ਰਾਮਈਆ, ਹਰਿ, ਹਰੀ, ਠਾਕੁਰ, ਜਗਜੀਵਨ, ਨਾਰਾਇਣ, ਨਿਰੰਕਾਰ, ਸਾਵਲੀਆ, ਨਰਹਰੀ, ਕਲੰਦਰ, ਸਾਹਿਬ, ਭਗਵਾਨ, ਈਸ਼ਰ, ਜਗਤਗੁਰੂ, ਗੋਸਾਈ, ਪੁਰਖੋਤਮ ਆਦਿ। ਅਸੀਂ ਕਿਸੇ ਬੱਚੇ ਨੂੰ ਜਿੰਨਾ ਜ਼ਿਆਦਾ ਲਾਡ ਪਿਆਰ ਕਰਦੇ ਹੋਈਏ ਓਨੇ ਹੀ ਜ਼ਿਆਦਾ ਨਾਵਾਂ ਨਾਲ ਬੁਲਾਉਂਦੇ ਹਾਂ। ਹਰ ਵਾਰ ਨਵੇਂ ਤੋਂ ਨਵੇਂ ਨਾਂ ਨਾਲ ਬੁਲਾਉਣ ਨੂੰ ਮਨ ਕਰਦਾ ਹੈ, ਜਿਵੇਂ ਪਹਿਲੇ ਨਾਵਾਂ ਨਾਲ ਬੁਲਾਉਣ ਤੇ ਹਰ ਵਾਰ ਕੁਝ ਪਿਆਰ ਪ੍ਰਗਟ ਹੋਣੋਂ ਬਚ ਰਹਿੰਦਾ ਹੋਵੇ ਅਤੇ ਅਗਲੀ ਵਾਰੀ ਬਚਦੇ ਪਿਆਰ ਦਾ ਇਜ਼ਹਾਰ ਕਰਨ ਲਈ ਨਵਾਂ ਨਾਂ ਤਲਾਸ਼ਦੇ ਹਾਂ। ਭਗਤ ਨਾਮਦੇਵ ਜੀ ਦੇ ਵਲੋਂ ਇਕ ਪ੍ਰਮਾਤਮਾ ਨੂੰ ਏਨੇ ਜ਼ਿਆਦਾ ਨਾਵਾਂ ਨਾਲ ਯਾਦ ਕੀਤੇ ਜਾਣ ਤੋਂ ਅਨੂੰਾਨ ਹੋ ਜਾਂਦਾ ਹੈ ਕਿ ਆਪ ਪਰਮਾਤਮਾ ਨਾਲ ਪਿਆਰ ਦੇ ਕਿੰਨੇ ਗੂੜ੍ਹੇ ਰੰਗ ਵਿਚ ਰੰਗੇ ਹੋਏ ਸਨ। ਇਹ ਪਿਆਰ ਕਿੰਨੀ ਨੇੜਤਾ ਅਤੇ ਅਪਣੱਤ ਵਾਲਾ ਸੀ, ਕਿੰਨਾ ਲਾਡ-ਮੁਖੀ ਸੀ। ਨਾਮਦੇਵ ਜੀ ਅਨੁਸਾਰ ਇਹ ਇਕ ਪਰਮਾਤਮਾ ਸ੍ਰਿਸ਼ਟੀ ਦੀ ਮੂਲ ਸ਼ਕਤੀ ਹੈ ਜੋ ਸਵੈ ਪ੍ਰਕਾਸ਼ਮਾਨ ਹੈ, ਉਸ ਨੂੰ ਕਿਸੇ ਨੇ ਪੈਦਾ ਨਹੀਂ ਕੀਤਾ। ਆਪ ਹੀ ਪੂਰੀ ਸ੍ਰਿਸ਼ਟੀ ਨੂੰ ਸਾਜਣ ਅਤੇ ਸੰਚਾਲਿਤ ਕਰਨ ਵਾਲਾ ਹੈ:

ਹਮਰੋ **ਕਰਤਾ** ਰਾਮੁ ਸਨੇਹੀ॥ (692)
ਆਪ ਹੀ **ਕਰਤਾ** ਬੀਠੁਲੁ ਦੇਉ॥ (1351)
ਜੋ ਜਨ ਜਾਨਿ ਭਜਹਿ **ਪੁਰਖੋਤਮੁ** ਤਾ ਚੀ ਅਬਿਗਤੁ ਬਾਣੀ॥ (1351)

**ਅਕੁਲ ਪੁਰਖ** ਇਕੁ ਚਲਿਤੁ ਉਪਾਇਆ॥ (1351)

ਪਰਮਾਤਮਾ ਹਰ ਤਰ੍ਹਾਂ ਦੇ ਡਰ ਤੋਂ ਰਹਿਤ ਹੈ, ਉਹ ਨਿਰਭਉ ਹੈ। ਉਸ ਨਾਲ ਜੁੜਨ ਵਾਲੇ ਵਿਚ ਵੀ ਇਹ ਗੁਣ ਸੁਭਾਵਿਕ ਆਉਂਦਾ ਹੈ:

ਕਹਿ ਨਾਮਦੇਉ ਹਮ ਨਰਹਰਿ ਧਿਆਵਹ ਰਾਮੁ **ਅਭੈ** ਪਦ ਦਾਤਾ॥ (1165)
ਸਭੋ ਹੁਕਮੁ ਹੁਕਮੁ ਹੈ ਆਪੇ **ਨਿਰਭਉ** ਸਮਤੁ ਬੀਚਾਰੀ॥ (1351)
ਪ੍ਰਣਵੈ ਨਾਮਾ ਐਸੋ ਹਰੀ॥ ਜਾਸੁ ਜਪਤ **ਭੈ ਅਪਦਾ ਟਰੀ**॥ (874)

ਗੁਰੂ ਦੀ ਕਿਰਪਾ ਨਾਲ ਉਸ ਨੂੰ ਜਾਣਿਆਂ, ਸਮਝਿਆ ਅਤੇ ਪਾਇਆ ਜਾ ਸਕਦਾ ਹੈ:

**ਗੁਰ ਪਰਸਾਦੀ** ਜਾਨਿਆ॥ ਜਨੁ ਨਾਮਾ ਸਹਜ ਸਮਾਨਿਆ॥ (657)
ਸਾਈ ਪ੍ਰੀਤਿ ਜਿ ਆਪੇ ਲਾਏ॥ **ਗੁਰ ਪਰਸਾਦੀ** ਦੁਬਿਧਾ ਜਾਏ॥ (1164)

ਭਗਤ ਨਾਮਦੇਵ ਜੀ ਦੁਆਰਾ ਪਰਮਾਤਮਾ ਦੀ ਹੋਂਦ, ਉਸਦੇ ਸੁਭਾਅ ਅਤੇ ਉਸ ਨਾਲ ਮਿਲਾਪ ਸਬੰਧੀ ਸਥਾਪਿਤ ਕੀਤੇ ਗਏ ਉਪਰੋਕਤ ਸਾਰੇ ਸੰਕਲਪਾਂ ਦਾ ਤੱਤ-ਸਾਰ ਗੁਰੂ ਗਰੰਥ ਸਾਹਿਬ ਦੇ ਆਰੰਭ ਵਿੱਚ ਮੂਲ ਮੰਤਰ ਦੇ ਰੂਪ ਵਿਚ ਦਰਜ ਹੈ:

**ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥**

ਗੁਰਮਤਿ ਜਾਂ ਸਿੱਖ ਦਰਸ਼ਨ ਦੇ ਮੁਢਲੇ ਬਾਣੀਕਾਰ ਹੋਣ ਕਰਕੇ ਭਗਤ ਨਾਮਦੇਵ ਦੀ ਬਾਣੀ ਵਿਚ ਆਈ ਬਹੁਤ ਸਾਰੀ ਸ਼ਬਦਾਵਲੀ ਸਿੱਖ ਧਰਮ ਦੀ ਪਛਾਣ ਦੀ ਸ਼ਬਦਾਵਲੀ ਬਣੀ, ਜਿਵੇਂ ਗੁਰਮਤਿ, ਗੁਰੂ, ਸਤਿਗੁਰ, ਬਾਣੀ, ਸਾਧ ਸੰਗਤ, ਸਿਮਰਨ, ਪ੍ਰਸਾਦਿ, ਅੰਮ੍ਰਿਤ, ਅੰਮ੍ਰਿਤਸਰ, ਜੋਤੀ ਜੋਤ ਸਮਾਉਣਾ ਆਦਿ:

ਅਠਸਠਿ ਤੀਰਥ **ਗੁਰੂ** ਦਿਖਾਏ ਘਟ ਹੀ ਭੀਤਰਿ ਨ੍ਹਾਉਗੋ॥
**ਅੰਮ੍ਰਿਤ ਬਾਣੀ** ਘਟ ਤੇ ਉਚਰਉ ਆਤਮ ਕਉ ਸਮਝਾਵਉ॥ (693)
ਸਤਰਿ ਦੋਇ ਭਰੇ **ਅੰਮ੍ਰਿਤ ਸਰਿ** ਬਿਖੁ ਕਉ ਮਾਰਿ ਕਢਾਵਉ॥ (693)
ਜੋਤੀ ਜੋਤਿ ਸਮਾਨੀ॥ ਮੈ **ਗੁਰ ਪਰਸਾਦੀ** ਜਾਨੀ॥ (657)
ਨਾਮਦੇਇ **ਸਿਮਰਨੁ** ਕਰਿ ਜਾਨਾਂ॥
ਜਗਜੀਵਨ ਸਿਉ ਜੀਉ ਸਮਾਨਾਂ॥ (858)
ਨਾਮਾ ਪ੍ਰਣਵੈ ਪਰਮ ਤਤੁ ਹੈ **ਸਤਿਗੁਰ** ਹੋਇ ਲਖਾਇਆ॥ (973)

ਨਾਮਦੇਵ ਜੀ ਨੇ ਆਤਮਿਕ, ਮਾਨਸਿਕ ਅਤੇ ਵਿਹਾਰਕ ਸ਼ੁੱਧਤਾ ਅਤੇ ਉੱਚਤਾ ਦੀ ਪ੍ਰਾਪਤੀ ਲਈ ਸਾਧ ਸੰਗਤ ਦੇ ਮਹੱਤਵ ਨੂੰ ਵਡਿਆਇਆ। ਉਹਨਾਂ ਤੋਂ ਮਗਰੋਂ ਇਸ ਵਿਚਾਰ ਦੀ ਕਬੀਰ ਜੀ ਨੇ ਵੀ ਪ੍ਰੋੜਤਾ ਕੀਤੀ:

ਨਾਮਦੇਵ ਜੀ:

ਕਾਮ ਕ੍ਰੋਧ ਤ੍ਰਿਸਨਾ ਅਤਿ ਜਰੈ॥
ਸਾਧਸੰਗਤਿ ਕਬਹੂ ਨਹੀ ਕਰੈ॥ (1252)

ਕਬੀਰ ਜੀ:

ਸਾਧੂ ਸੰਗਤਿ ਦੀਓ ਰਲਾਇ॥
ਪੰਚ ਦੂਤ ਤੇ ਲੀਓ ਛਡਾਇ॥ (331)

ਗੁਰਮਤਿ ਵਿਚਾਰਧਾਰਾ ਤਹਿਤ ਆਪ ਨੇ ਸਾਧ ਸੰਗਤ ਉਸੇ ਨੂੰ ਪ੍ਰਵਾਨਿਆਂ ਜਿਸ ਵਿਚ ਹਰਿ ਨਾਮ ਜਪਿਆ ਅਤੇ ਹਰਿ ਜਸ ਗਾਇਆ ਜਾਂਦਾ ਹੈ, ਜਿਥੇ ਗੁਰੂ ਦੇ ਉਪਦੇਸ਼ ਨੂੰ ਸੁਣਿਆਂ, ਵਿਚਾਰਿਆ ਅਤੇ ਵਡਿਆਇਆ ਜਾਂਦਾ ਹੈ:

ਰਾਜਾ ਰਾਮ ਜਪਤ ਕੋ ਕੋ ਨ ਤਰਿਓ॥
ਗੁਰ ਉਪਦੇਸਿ ਸਾਧ ਕੀ ਸੰਗਤਿ ਭਗਤੁ ਭਗਤੁ ਤਾ ਕੋ ਨਾਮੁ ਪਰਿਓ॥
(1105)

ਉਹਨਾਂ ਦੀ ਬਾਣੀ ਵਿਚ ਗੁਰੂ ਅਤੇ ਗੁਰੂ ਦੇ ਉਪਦੇਸ਼ ਦੀ ਅਜਿਹੀ ਮਹਿਮਾ ਅਤੇ ਮਹਾਨਤਾ ਬਾਬਤ ਵਾਰ-ਵਾਰ ਜ਼ਿਕਰ ਆਉਂਦਾ ਹੈ:

ਮਿਥਿਆ ਭਰਮੁ ਅਰੁ ਸੁਪਨ ਮਨੋਰਥ ਸਤਿ ਪਦਾਰਥੁ ਜਾਨਿਆ॥
ਸੁਕ੍ਰਿਤ ਮਨਸਾ ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ॥ (485)

ਸਤਿਗੁਰੁ ਮਿਲੈ ਤ ਸਹਸਾ ਜਾਈ॥
ਕਿਸੁ ਹਉ ਪੂਜਉ ਦੂਜਾ ਨਦਰਿ ਨ ਆਈ॥ (525)

ਨਰ ਤੇ ਸੁਰ ਹੋਇ ਜਾਤ ਨਿਮਖ ਮੈ ਸਤਿਗੁਰ ਬੁਧਿ ਸਿਖਲਾਈ॥ (873)

ਨਾਮਦੇਉ ਨਾਰਾਇਨੁ ਪਾਇਆ॥
ਗੁਰੁ ਭੇਟਤ ਅਲਖੁ ਲਖਾਇਆ॥ (874)

ਗੁਰੂ ਦੀ ਏਨੀ ਮਹਾਨਤਾ ਅਤੇ ਸਮਰੱਥਾ ਉਸ ਦੇ ਸਰੀਰ, ਪਹਿਰਾਵੇ, ਦਿਖਾਵੇ, ਸ਼ਾਨੋ-ਸ਼ੌਕਤ, ਕੌਤਕ ਜਾਂ ਕਰਾਮਾਤ ਕਾਰਨ ਨਹੀਂ ਸਗੋਂ ਗੁਰੂ ਦੇ ਸ਼ਬਦ ਕਾਰਨ ਹੈ। ਜਾਂ ਕਹਿ ਲਈਏ ਕਿ ਗੁਰੂ ਆਪਣੇ ਸ਼ਬਦ ਕਾਰਨ ਗੁਰੂ ਹੈ। ਇਸ ਤਰ੍ਹਾਂ ਗੁਰਮਤਿ ਅੰਦਰ ਗੁਰ ਕੇ ਸ਼ਬਦ ਦੀ ਮਹਿਮਾ ਨੂੰ ਸਭ ਤੋਂ ਪਹਿਲਾਂ ਭਗਤ ਨਾਮਦੇਵ ਜੀ ਨੇ ਸਥਾਪਿਤ ਕੀਤਾ:

ਗੁਰ ਕੈ ਸਬਦਿ ਏਹੁ ਮਨੁ ਰਾਤਾ ਦੁਬਿਧਾ ਸਹਜਿ ਸਮਾਣੀ॥ (1351)

ਨਾਮਦੇਵ ਜੀ ਤੋਂ ਬਾਅਦ ਭਗਤ ਰਾਮਾਨੰਦ ਜੀ ਨੇ ਵੀ ਗੁਰ ਕੇ ਸ਼ਬਦ ਦੀ

ਵਡਿਆਈ ਕੀਤੀ:

ਰਾਮਾਨੰਦ ਸੁਆਮੀ ਰਮਤ ਬ੍ਰਹਮ॥
ਗੁਰ ਕਾ ਸਬਦੁ ਕਾਟੈ ਕੋਟਿ ਕਰਮ॥ (1195, ਰਾਮਾਨੰਦ ਜੀ)

ਰਾਮਾਨੰਦ ਜੀ ਦੇ ਪਰਮ ਸਿਖ ਕਬੀਰ ਸਾਹਿਬ ਨੇ ਗੁਰ ਕੇ ਸ਼ਬਦ ਦੀ ਵਾਰ ਵਾਰ ਮਹਿਮਾ ਕੀਤੀ:

ਸਾਹਿਬੁ ਹੋਇ ਦਇਆਲੁ ਕ੍ਰਿਪਾ ਕਰੇ ਅਪੁਨਾ ਕਾਰਜੁ ਸਵਾਰੇ॥
ਤਾ ਸੋਹਾਗਣਿ ਜਾਣੀਐ ਗੁਰ ਸਬਦੁ ਬੀਚਾਰੇ॥ (334, ਕਬੀਰ ਜੀ)

ਤ੍ਰਿਸਨਾ ਤ੍ਰਿਖਾ ਭੂਖ ਭ੍ਰਮਿ ਲਾਗੀ ਹਿਰਦੈ ਨਾਹਿ ਬੀਚਾਰਿਓ ਰੇ॥
ਉਨਮਤ ਮਾਨ ਹਿਰਿਓ ਮਨ ਮਾਹੀ ਗੁਰ ਕਾ ਸਬਦੁ ਨ ਧਾਰਿਓ ਰੇ॥
(335, ਕਬੀਰ ਜੀ)

ਕਾਇਆ ਕਲਾਲਨਿ ਲਾਹਨਿ ਮੇਲਉ ਗੁਰ ਕਾ ਸਬਦੁ ਗੁੜੁ ਕੀਨੁ ਰੇ॥
ਤ੍ਰਿਸਨਾ ਕਾਮੁ ਕ੍ਰੋਧੁ ਮਦ ਮਤਸਰ ਕਾਟਿ ਕਾਟਿ ਕਸੁ ਦੀਨੁ ਰੇ॥
(969, ਕਬੀਰ ਜੀ)

ਕਬੀਰ ਸਾਹਿਬ ਤੋਂ ਮਗਰੋਂ ਤਾਂ ਸਾਰੇ ਬਾਣੀਕਾਰਾਂ ਦੀ ਰਚਨਾ ਵਿਚ ਅਤੇ ਲਗਪਗ ਸਾਰੇ ਰਾਗਾਂ ਦੀ ਬਾਣੀ ਵਿਚ 'ਗੁਰ ਕੇ ਸ਼ਬਦ' ਦੀ ਸੋਭਾ ਦੀ ਗੂੰਜਾਰ ਪੈ ਗਈ ਜਾਂ ਕਹਿ ਲਈਏ ਕਿ 'ਗੁਰ ਕੇ ਸ਼ਬਦ' ਦੀ ਮਹਿਮਾਂ ਦੀ ਇਕ ਤਰ੍ਹਾਂ ਨਾਲ ਝੜੀ ਹੀ ਲੱਗ ਗਈ। ਹੇਠਾਂ ਤਾਂ ਕੁਝ ਚੋਣਵੀਆਂ ਉਦਾਹਰਣਾ ਹੀ ਹਨ:

ਗੁਰ ਕਾ ਸਬਦੁ ਮਨਿ ਵਸਿਆ ਹਉਮੈ ਵਿਚਹੁ ਖੋਇ॥ (61, ਮ.1)
ਤੇਰਾ ਤਾਣੁ ਤੂਹੈ ਦੀਬਾਣੁ॥ ਗੁਰ ਕਾ ਸਬਦੁ ਸਚੁ ਨੀਸਾਣੁ॥ (355, ਮ.1)
ਗੁਰ ਕਾ ਸਬਦੁ ਰਤੰਨੁ ਹੈ ਕਰਿ ਚਾਨਣੁ ਆਪਿ ਦਿਖਾਇਆ॥ (1290, ਮ.1)

ਸਚੁ ਬੋਲੈ ਬੋਲਾਵੈ ਪਿਆਰੁ॥
ਗੁਰ ਕਾ ਸਬਦੁ ਕਰਣੀ ਹੈ ਸਾਰੁ॥ (1345, ਮ.1)

ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥ (466, ਮ.2)
ਗੁਰ ਕਾ ਸਬਦੁ ਅੰਮ੍ਰਿਤੁ ਹੈ ਜਿਤੁ ਪੀਤੈ ਤਿਖ ਜਾਇ॥ (35, ਮ.3)
ਰਤਨੁ ਅਮੋਲਕੁ ਪਾਇਆ ਗੁਰ ਕਾ ਸਬਦੁ ਬੀਚਾਰੁ॥ (83, ਮ.3)
ਗੁਰ ਪਰਸਾਦੀ ਸੁਖੁ ਊਪਜੈ ਜਾ ਗੁਰ ਕਾ ਸਬਦੁ ਕਮਾਇ॥ (593, ਮ.3)
ਗੁਰ ਕਾ ਸਬਦੁ ਅੰਮ੍ਰਿਤੁ ਹੈ ਸਭ ਤ੍ਰਿਸਨਾ ਭੁਖ ਗਵਾਏ॥ (850, ਮ.3)

ਸਤਿਗੁਰੁ ਪਰਚੈ ਮਨਿ ਮੁੰਦ੍ਰਾ ਪਾਈ
ਗੁਰ ਕਾ ਸਬਦੁ ਤਨਿ ਭਸਮ ਦ੍ਰਿੜਈਆ॥ (835, ਮ.4)

ਤਿਸ ਕੀ ਟੇਕ ਮਨੈ ਮਹਿ ਰਾਖੁ॥
ਗੁਰ ਕਾ ਸਬਦੁ ਅੰਮ੍ਰਿਤ ਰਸੁ ਚਾਖੁ॥ (178, ਮ.5)

ਗੁਰ ਕਾ ਸਬਦੁ ਰਾਖੁ ਮਨ ਮਾਹਿ॥
ਨਾਮੁ ਸਿਮਰਿ ਚਿੰਤਾ ਸਭ ਜਾਹਿ॥ (192, ਮ.5)
ਗੁਰ ਕਾ ਸਬਦੁ ਭਇਓ ਸਾਖੀ॥
ਤਿਨਿ ਸਗਲੀ ਲਾਜ ਰਾਖੀ॥ (623, ਮ.5)

ਗੁਰ ਕਾ ਸਬਦੁ ਅੰਮ੍ਰਿਤ ਰਸੁ ਪੀਉ॥
ਤਾ ਤੇਰਾ ਹੋਇ ਨਿਰਮਲ ਜੀਉ॥ (891, ਮ.5)

ਭਗਤ ਨਾਮਦੇਵ ਜੀ ਵਲੋਂ ਸਭ ਤੋਂ ਪਹਿਲਾਂ ਉਚਾਰੀ ਗਈ 'ਗੁਰ ਕੇ ਸ਼ਬਦ' ਦੀ ਇਸ ਮਹਿਮਾ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸਿਖਰ ਤੇ ਪਹੁੰਚਾ ਦਿੱਤਾ ਜਦ ਆਪ ਨੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਵੀ ਸ੍ਰੀ ਆਦਿ ਗਰੰਥ ਵਿਚ ਸੰਕਲਿਤ ਕਰਨ ਉਪਰੰਤ ਇਸ ਨੂੰ ਬਕਾਇਦਾ ਗੁਰੂ ਵਜੋਂ ਸਥਾਪਿਤ ਕਰ ਦਿੱਤਾ ਭਾਵ ਗੁਰ ਕੇ ਸ਼ਬਦ ਨੂੰ ਸ਼ਬਦ-ਗੁਰੂ ਬਣਾ ਦਿੱਤਾ।

ਗੁਰਮਤਿ ਦੇ ਮੁਢਲੇ ਸਿਧਾਂਤਕਾਰ ਹੋਣ ਕਾਰਨ ਨਾਮਦੇਵ ਜੀ ਦੀ ਬਾਣੀ ਦਾ ਉਹਨਾਂ ਤੋਂ ਮਗਰਲੇ ਗੁਰਮਤਿ ਦੇ ਬਾਣੀਕਾਰਾਂ ਦੀ ਰਚਨਾ ਅਤੇ ਵਿਹਾਰ 'ਤੇ ਪ੍ਰਭਾਵ ਪੈਣਾ ਬੜਾ ਸੁਭਾਵਕ ਸੀ। ਰਚਨਾ ਦੇ ਪੱਧਰ ਤੇ ਕਈ ਉਘੜਵੀਆਂ ਮਿਸਾਲਾਂ ਹਨ:

ਨਾਮਦੇਵ ਜੀ:
ਰਾਮ ਕੋਇ ਨ ਕਿਸ ਹੀ ਕੇਰਾ॥
ਜੈਸੇ ਤਰਵਰਿ ਪੰਖਿ ਬਸੇਰਾ॥ (973)

ਰਵਿਦਾਸ ਜੀ:
ਪ੍ਰਾਨੀ ਕਿਆ ਮੇਰਾ ਕਿਆ ਤੇਰਾ॥
ਜੈਸੇ ਤਰਵਰ ਪੰਖਿ ਬਸੇਰਾ॥ (659)

ਨਾਮਦੇਵ ਜੀ:
ਭਲੇ ਨਿੰਦਉ ਭਲੇ ਨਿੰਦਉ ਭਲੇ ਨਿੰਦਉ ਲੋਗੁ॥
ਤਨੁ ਮਨੁ ਰਾਮ ਪਿਆਰੇ ਜੋਗੁ॥ (1164)

ਕਬੀਰ ਜੀ:
ਨਿੰਦਉ ਨਿੰਦਉ ਮੋ ਕਉ ਲੋਗੁ ਨਿੰਦਉ॥
ਨਿੰਦਾ ਜਨ ਕਉ ਖਰੀ ਪਿਆਰੀ॥ (339)

ਨਾਮਦੇਵ ਜੀ:

ਇੜਾ ਪਿੰਗੁਲਾ ਅਉਰੁ ਸੁਖਮਨਾ ਪਉਨੈ ਬੰਧਿ ਰਹਾਉਗੋ॥
ਚੰਦੁ ਸੂਰਜੁ ਦੁਇ ਸਮ ਕਰਿ ਰਾਖਉ ਬ੍ਰਹਮ ਜੋਤਿ ਮਿਲਿ ਜਾਉਗੋ॥ (973)

ਬੇਣੀ ਜੀ:

ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ॥
ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ॥
ਸੰਤਹੁ ਤਹਾ ਨਿਰੰਜਨ ਰਾਮੁ ਹੈ॥ (974)

ਗੁਰੂ ਨਾਨਕ:

ਸੁਖਮਨਾ ਇੜਾ ਪਿੰਗੁਲਾ ਬੂਝੈ ਜਾ ਆਪੇ ਅਲਖੁ ਲਖਾਇ॥
ਨਾਨਕ ਤਿਹੁ ਤੇ ਊਪਰਿ ਸਾਚਾ ਸਤਿਗੁਰ ਸਬਦਿ ਸਮਾਇ॥ (944)

ਨਾਮਦੇਵ ਜੀ:

ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ॥ (485)

ਗੁਰੂ ਨਾਨਕ:

ਘਟ ਘਟ ਅੰਤਰਿ ਸਰਬ ਨਿਰੰਤਰਿ ਰਵਿ ਰਹਿਆ ਸਚੁ ਵੇਸੋ॥ (1126)

ਗੁਰੂ ਰਾਮਦਾਸ:

ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ
ਜੀ ਹਰਿ ਏਕੋ ਪੁਰਖੁ ਸਮਾਣਾ॥ (348)

ਗੁਰੂ ਅਰਜਨ:

ਘਟ ਘਟ ਅੰਤਰਿ ਰਵਿ ਰਹਿਆ ਸਦਾ ਸਹਾਈ ਸੰਗਿ॥ (48)

ਗੁਰੂ ਅਰਜਨ ਸਾਹਿਬ ਭਗਤ ਨਾਮਦੇਵ ਜੀ ਦੀ ਕਾਵਿ ਸ਼ੈਲੀ ਤੋਂ ਕਿੰਨੇ ਜ਼ਿਆਦਾ ਪ੍ਰਭਾਵਿਤ ਅਤੇ ਪ੍ਰੇਰਤ ਸਨ ਇਸ ਦਾ ਅਨੁਮਾਨ ਗੁਰੂ ਸਾਹਿਬ ਦੇ ਪੰਨਾ 270 ਤੇ ਅੰਕਿਤ 'ਜਹਿ ਪ੍ਰਸਾਦਿ' ਅਤੇ ਭਗਤ ਜੀ ਦੇ ਪੰਨਾ 1166 ਤੇ ਅੰਕਿਤ 'ਜਉ ਗੁਰਦੇਵ' ਵਾਲੇ ਸ਼ਬਦਾਂ ਨੂੰ ਇਕੱਠੇ ਪੜ੍ਹਨ ਨਾਲ ਹੋ ਜਾਂਦਾ ਹੈ:

ਨਾਮਦੇਵ ਜੀ:

ਜਉ ਗੁਰਦੇਉ ਤ ਅੰਮ੍ਰਿਤ ਬਾਨੀ॥ ਜਉ ਗੁਰਦੇਉ ਤ ਅਕਥ ਕਹਾਨੀ॥
ਜਉ ਗੁਰਦੇਉ ਤ ਅੰਮ੍ਰਿਤ ਦੇਹ॥ ਜਉ ਗੁਰਦੇਉ ਨਾਮੁ ਜਪਿ ਲੇਹਿ॥ (1166)

ਗੁਰੂ ਅਰਜਨ:

ਜਿਹ ਪ੍ਰਸਾਦਿ ਬੋਲਹਿ ਅੰਮ੍ਰਿਤ ਰਸਨਾ॥ ਜਿਹ ਪ੍ਰਸਾਦਿ ਸੁਖਿ ਸਹਜੇ ਬਸਨਾ॥
ਜਿਹ ਪ੍ਰਸਾਦਿ ਪਾਈ ਦ੍ਰੁਲਭ ਦੇਹ॥ ਨਾਨਕ ਤਾ ਕੀ ਭਗਤਿ ਕਰੇਹ॥ (270)

ਇਕ ਹੋਰ ਉਦਾਹਰਣ ਦੇਖ ਸਕਦੇ ਹਾਂ:

ਨਾਮਦੇਵ ਜੀ:

ਸਤਿ ਸਤਿ ਸਤਿ ਸਤਿ ਸਤਿ ਗੁਰਦੇਵ॥
ਝੂਠੁ ਝੂਠੁ ਝੂਠੁ ਝੂਠੁ ਆਨ ਸਭ ਸੇਵ॥ (1166)

ਗੁਰੂ ਅਰਜਨ:

ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮੁ॥
ਝੂਠੁ ਝੂਠੁ ਝੂਠੁ ਝੂਠੁ ਦੁਨੀ ਗੁਮਾਨੁ॥ (1137)

ਰੂਪਕ ਪੱਖੋਂ ਭਗਤ ਨਾਮਦੇਵ ਜੀ ਦੀ ਬਾਣੀ ਵਿਚ ਉਹਨਾਂ ਤੋਂ ਮਗਰਲੇ ਗੁਰਮਤਿ ਬਾਣੀਕਾਰਾਂ ਨਾਲੋਂ ਵਧੇਰੇ ਵੰਨ ਸੁਵੰਨਤਾ ਹੈ। ਹੋਰ ਲਗਪਗ ਸਾਰੀ ਬਾਣੀ ਮੁੱਖ ਤੌਰ ਤੇ ਕਾਫ਼ੀਏ ਰਦੀਫ਼ ਦੇ ਅਨੁਸਾਸ਼ਨ ਵਿਚ ਹੈ। ਪਰ ਭਗਤ ਜੀ ਨੇ ਕਾਫ਼ੀਆ-ਰਦੀਫ਼ ਰਹਿਤ ਅਜ਼ਾਦ ਨਜ਼ਮ ਵਰਗੀ ਬਾਣੀ ਦੀ ਵੀ ਰਚਨਾ ਕੀਤੀ:

ਪਾਂਡੇ ਤੁਮਰਾ ਰਾਮਚੰਦੁ ਸੋ ਭੀ ਆਵਤੁ ਦੇਖਿਆ ਥਾ॥
ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ॥ (875)

ਉਹਨਾਂ ਨੇ ਬਹੁਤ ਛੋਟੀ ਬਹਿਰ ਦੇ ਸ਼ਬਦਾਂ ਦੀ ਵੀ ਰਚਨਾ ਕੀਤੀ, ਜਿਹਨਾਂ ਦੀ ਸੰਗੀਤਕਤਾ ਕਮਾਲ ਦੀ ਹੈ:

ਅਸੁਮੇਧ ਜਗਨੇ॥ ਤੁਲਾ ਪੁਰਖ ਦਾਨੇ॥ ਪ੍ਰਾਗ ਇਸਨਾਨੇ॥ (873)

ਉਹਨਾਂ ਦੀ ਬਾਣੀ ਅੰਦਰ ਨਾਟਕੀ ਸੰਵਾਦ ਵਾਰ-ਵਾਰ ਆਉਂਦੇ ਹਨ, ਜੋ ਰਚਨਾ ਨੂੰ ਰੌਚਿਕਤਾ ਭਰਪੂਰ ਬਣਾਉਂਦੇ ਹਨ। ਇਕ ਉਦਾਹਰਣ ਹੈ:

ਤੂ ਕੁਨੁ ਰੇ॥ ਮੈ ਜੀ ਨਾਮਾ॥ ਹੋ ਜੀ॥
ਆਲਾ ਤੇ ਨਿਵਾਰਣਾ ਜਮ ਕਾਰਣਾ॥ (694)

ਕਿਧਰੇ ਤਿੰਨ ਛੰਦੇ ਸ਼ਬਦਾਂ ਦੀ ਤਾਲ ਅਤੇ ਨ੍ਰਿਤ ਦਾ ਪ੍ਰਭਾਵ ਮਾਨਣਯੋਗ ਹੈ:

ਕੁੰਭਾਰ ਕੇ ਘਰ ਹਾਂਡੀ ਆਛੈ ਰਾਜਾ ਕੇ ਘਰ ਸਾਂਡੀ ਗੋ॥
ਬਾਮਨ ਕੇ ਘਰ ਰਾਂਡੀ ਆਛੈ ਰਾਂਡੀ ਸਾਂਡੀ ਹਾਂਡੀ ਗੋ॥ (718)

ਉਹਨਾਂ ਦੀ ਕਿਰਤ ਨਾਲ ਸਬੰਧਤ ਲਗਪਗ ਸਾਰੀ ਸ਼ਬਦਾਵਲੀ ਉਹਨਾਂ ਦੀ ਬਾਣੀ ਵਿਚ ਬਿੰਬਾਂ ਅਤੇ ਦ੍ਰਿਸ਼ਟਾਤਾਂ ਦੇ ਰੂਪ ਵਿਚ ਪ੍ਰਗਟ ਹੋਈ ਹੈ ਜਿਵੇਂ ਸੂਈ, ਧਾਗਾ, ਕੈਂਚੀ, ਗਜ, ਕੱਪੜਾ, ਸਿਊਣਾ, ਕੱਟਣਾ, ਨਾਪਣਾ ਆਦਿ। ਇਹ ਸ਼ਬਦਾਵਲੀ ਕਿਰਤ ਦੇ ਗੌਰਵ ਨੂੰ ਉਜਾਗਰ ਕਰਦੀ ਹੈ। ਕਿਰਤ ਨੂੰ ਗੁਰਮਤਿ ਦੇ ਬੁਨਿਆਦੀ ਸਿਧਾਂਤ ਦੇ ਤੌਰ ਤੇ ਵਡਿਆਉਂਦੀ ਹੈ:

ਮਨੁ ਮੇਰੋ ਗਜੁ ਜਿਹਬਾ ਮੇਰੀ ਕਾਤੀ॥
ਮਪਿ ਮਪਿ ਕਾਟਉ ਜਮ ਕੀ ਫਾਸੀ॥
ਕਹਾ ਕਰਉ ਜਾਤੀ ਕਹ ਕਰਉ ਪਾਤੀ॥
ਰਾਮ ਕੋ ਨਾਮੁ ਜਪਉ ਦਿਨ ਰਾਤੀ॥ ਰਹਾਉ॥
ਰਾਂਗਨਿ ਰਾਂਗਉ ਸੀਵਨਿ ਸੀਵਉ॥
ਰਾਮ ਨਾਮ ਬਿਨੁ ਘਰੀਅ ਨ ਜੀਵਉ॥
ਭਗਤਿ ਕਰਉ ਹਰਿ ਕੇ ਗੁਨ ਗਾਵਉ॥
ਆਠ ਪਹਰ ਅਪਨਾ ਖਸਮੁ ਧਿਆਵਉ॥
ਸੁਇਨੇ ਕੀ ਸੂਈ ਰੁਪੇ ਕਾ ਧਾਗਾ॥
ਨਾਮੇ ਕਾ ਚਿਤੁ ਹਰਿ ਸਉ ਲਾਗਾ॥ (485)

ਨਾਮਦੇਵ ਜੀ ਦੀ ਬਾਣੀ ਮੁੱਖ ਤੌਰ ਤੇ ਸਾਧ-ਭਾਖਾ ਜਾਂ ਸਧੂਕੜੀ ਬੋਲੀ ਵਿਚ ਹੈ ਪਰ ਇਸ ਵਿਚ ਮਰਾਠੀ ਅਤੇ ਪੰਜਾਬੀ ਸ਼ਬਦਾਵਲੀ ਦਾ ਰੰਗ ਵੀ ਮੌਜੂਦ ਹੈ। ਉਹਨਾਂ ਦੀ ਬਾਣੀ ਤੋਂ ਪਤਾ ਲੱਗਦਾ ਹੈ ਕਿ ਉਹਨਾਂ ਆਪਣੇ ਸਮੇਂ ਦੀ ਰਾਜਸੀ ਅਤੇ ਧਾਰਮਿਕ ਸੱਤਾ ਨਾਲ ਸੰਵਾਦ ਰਚਾਏ, ਗੋਸ਼ਟਾਂ ਕੀਤੀਆਂ ਅਤੇ ਵਿਚਾਰਧਾਰਕ ਆਢਾ ਲਿਆ। ਆਪਣੇ ਇਕ ਸ਼ਬਦ ਦੀਆਂ ਆਖਰੀ ਸਤਰਾਂ ਵਿਚ ਨਾਮਦੇਵ ਜੀ ਨੇ ਭਗਤ ਤ੍ਰਿਲੋਚਨ ਜੀ ਨੂੰ ਸੰਬੋਧਤ ਹੋ ਕੇ ਗੱਲ ਕੀਤੀ ਹੈ:

ਕਹਤ ਨਾਮਦੇਉ ਸੁਨਹੁ ਤਿਲੋਚਨ ਬਾਲਕੁ ਪਾਲਨ ਪਉਢੀਅਲੇ॥
ਅੰਤਰਿ ਬਾਹਰਿ ਕਾਜ ਬਿਰੂਧੀ ਚੀਤੁ ਸੁ ਬਾਰਿਕ ਰਾਖੀਅਲੇ॥ (972)

ਇਸ ਤੋਂ ਸਪਸ਼ਟ ਹੈ ਕਿ ਭਗਤ ਤ੍ਰਿਲੋਚਨ ਜੀ ਉਹਨਾਂ ਦੇ ਸਮਕਾਲੀ ਸਨ, ਉਹਨਾਂ ਦੇ ਗੂੜ੍ਹੇ ਮਿੱਤਰ ਅਤੇ ਨਿਕਟਵਰਤੀ ਸਨ, ਸਹਿ-ਚਿੰਤਕ ਅਤੇ ਗੁਰਮਤਿ ਵਿਚਾਰਧਾਰਾ ਦਾ ਆਧਾਰ ਤਿਆਰ ਕਰਨ ਵਿਚ ਉਹਨਾਂ ਦੇ ਸਹਿਯੋਗੀ ਸਨ। ਸਿੱਖ ਦਰਸ਼ਨ ਜਾਂ ਗੁਰਮਤਿ ਦੇ ਦੋ ਬੁਨਿਆਦੀ ਸਿਧਾਂਤ ਹਨ: ਕਿਰਤ ਕਰੋ, ਨਾਮ ਜਪੋ। ਕਬੀਰ ਸਾਹਿਬ ਨੇ ਇਹਨਾਂ ਬੁਨਿਆਦੀ ਸਿਧਾਂਤਾਂ ਨੂੰ ਦੋ ਸਲੋਕਾਂ ਵਿਚ ਇਹਨਾਂ ਦੋਨਾਂ ਭਗਤ ਮਿੱਤਰਾਂ ਦੇ ਸੰਵਾਦ ਦੇ ਰੂਪ ਵਿਚ ਬਿਆਨਿਆਂ ਹੈ:

ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ॥
ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ॥
ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ॥
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥ (1376, ਕਬੀਰ ਜੀ)

# ਸਤਿ ਭਾਖੈ ਰਵਿਦਾਸ

ਬਨਾਰਸ ਦੇ ਰਹਿਣ ਵਾਲੇ ਸਤਿਗੁਰੂ ਰਵਿਦਾਸ ਜੀ ਦਾ ਜਨਮ ਗੁਰੂ ਨਾਨਕ ਤੋਂ ਲਗਪਗ ਪੌਣੀ ਸਦੀ ਪਹਿਲਾਂ ਹੋਇਆ। ਆਪ ਕਬੀਰ ਜੀ ਦੇ ਸਮਕਾਲੀ ਸਨ। ਕਬੀਰ ਜੀ ਨੇ ਆਪਣੀ ਬਾਣੀ ਵਿਚ ਆਪ ਜੀ ਦਾ ਬੜੇ ਆਦਰ ਭਾਵ ਨਾਲ ਜਿਕਰ ਕਰਦਿਆਂ ਆਪ ਨੂੰ ਸੱਚੇ ਈਸ਼ਵਰ ਚਿੰਤਕ ਕਿਹਾ:

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥ (1377)

ਗੁਰੂ ਨਾਨਕ ਨੇ ਪੂਰਬੀ ਦਿਸ਼ਾ ਵਿਚ ਕੀਤੀ ਲੰਮੀ ਪੈਦਲ ਯਾਤਰਾ ਦੌਰਾਨ ਬੜੀ ਮਿਹਨਤ ਅਤੇ ਖੇਚਲ ਨਾਲ ਰਵਿਦਾਸ ਜੀ ਦੀ ਬਾਣੀ ਨੂੰ ਗੁਰਮਤਿ ਗਿਆਨ ਅਤੇ ਚਿੰਤਨ ਦੇ ਮਹੱਤਵਪੂਰਨ ਖ਼ਜਾਨੇ ਦੇ ਰੂਪ ਵਿਚ ਲੱਭ ਕੇ ਪੰਜਾਬ ਲਿਆਂਦਾ। ਇਸ ਖ਼ਜਾਨੇ ਨੂੰ ਹੋਰ ਬਾਣੀਕਾਰਾਂ ਅਤੇ ਆਪਣੀ ਰਚਨਾ ਸਹਿਤ ਪੋਥੀ ਸਾਹਿਬ ਦੇ ਰੂਪ ਵਿਚ ਆਪਣੇ ਉਤਰਾਧਿਕਾਰੀ ਭਾਈ ਲਹਿਣੇ ਨੂੰ ਗੁਰਿਆਈ ਦੇ ਰੂਪ ਵਿਚ ਸੌਂਪਿਆ। ਗੁਰੂ ਅਮਰਦਾਸ ਜੀ ਨੇ ਗੁਰੂ ਨਾਨਕ ਦੁਆਰਾ ਲੱਭੀ ਅਤੇ ਖੋਜੀ ਗਈ ਇਸ ਬਾਣੀ ਨੂੰ ਸੱਚ ਦੀ ਪ੍ਰਾਪਤੀ ਕਿਹਾ। ਇਸ ਬਾਣੀ ਨੂੰ ਨਿਰੰਕਾਰ ਕਿਹਾ:

ਵਾਹੁ ਵਾਹੁ ਬਾਣੀ ਸਚੁ ਹੈ ਗੁਰਮੁਖਿ ਲਧੀ ਭਾਲਿ॥
ਵਾਹੁ ਵਾਹੁ ਸਬਦੇ ਉਚਰੈ ਵਾਹੁ ਵਾਹੁ ਹਿਰਦੈ ਨਾਲਿ॥
ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ॥
ਵਾਹੁ ਵਾਹੁ ਅਗਮ ਅਥਾਹੁ ਹੈ ਵਾਹੁ ਵਾਹੁ ਸਚਾ ਸੋਇ॥ (514, ਮ.3)

ਹੋਰ ਬਾਣੀਕਾਰਾਂ ਦੀ ਰਚਨਾ ਸ਼ਾਮਿਲ ਹੋਣ ਨਾਲ ਇਸ ਪੋਥੀ ਸਾਹਿਬ ਨੇ ਗੁਰੂ ਅਰਜਨ ਦੇਵ ਤੱਕ ਪਹੁੰਚ ਕੇ ਆਦਿ ਗਰੰਥ ਸਾਹਿਬ ਦਾ ਰੂਪ ਧਾਰਨ ਕੀਤਾ। ਗੁਰੂ ਰਾਮ ਦਾਸ ਜੀ ਨੇ ਆਪਣੀ ਬਾਣੀ ਵਿਚ ਭਗਤ ਬਾਣੀਕਾਰਾਂ ਦਾ ਜਿਕਰ ਕਰਦਿਆਂ ਇਹਨਾਂ ਉਪਰ ਈਸ਼ਵਰ ਦੀ ਵਿਸ਼ੇਸ਼ ਕਿਰਪਾ ਅਤੇ ਨੇੜਤਾ ਦਾ ਜੱਸ ਕੀਤਾ। ਆਪ ਜੀ ਨੇ ਇਹਨਾਂ ਦੀ ਬਾਣੀ ਨੂੰ ਅੰਮ੍ਰਿਤ ਕਹਿ ਕੇ ਵਡਿਆਇਆ:

ਅੰਮ੍ਰਿਤ ਬਾਣੀ ਭਗਤ ਜਨਾ ਕੀ ਮੇਰੀ ਜਿੰਦੁੜੀਏ

ਮਨਿ ਸੁਣੀਐ ਹਰਿ ਲਿਵ ਲਾਇ ਰਾਮ॥ (538, ਮ.4)

ਜੋ ਪ੍ਰਾਣੀ ਗੁਰੂ ਗਰੰਥ ਸਾਹਿਬ ਵਿਚ ਦਰਜ ਇਸ ਬਾਣੀ ਨੂੰ ਸਤਿ ਕਰਕੇ ਜਾਣਦੇ ਹਨ ਭਾਵ ਸੱਚੀ ਬਾਣੀ ਮੰਨਦੇ ਹਨ ਗੁਰੂ ਅਮਰਦਾਸ ਜੀ ਮੁਤਾਬਕ ਰਵਿਦਾਸ ਜੀ ਸਮੇਤ ਇਹ ਸਾਰੇ ਬਾਣੀਕਾਰ ਉਹਨਾਂ ਦੇ ਸਤਿਗੁਰੂ ਹਨ:

ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥ (920, ਮ.3)

ਗੁਰੂ ਅਰਜਨ ਸਾਹਿਬ ਆਪਣੇ ਸ਼ਬਦ ਵਿਚ ਗੁਰੂ ਨਾਨਕ ਦੇਵ ਜੀ ਨੂੰ ਬਾਲਮੀਕ ਜੀ ਅਤੇ ਧਰੂ ਭਗਤ ਤੋਂ ਚਲੀ ਆ ਰਹੀ ਭਗਤੀ ਪਰੰਪਰਾ ਦੀ ਕਹਾਣੀ ਦੇ ਪ੍ਰਵਾਹ ਦੀ ਲਗਾਤਾਰਤਾ ਵਜੋਂ ਦੇਖਦੇ, ਧਿਆਉਂਦੇ ਅਤੇ ਨਮੋ ਕਰਦੇ ਹਨ। ਸ਼ਬਦ ਦਾ ਆਰੰਭ ਇਸ ਤਰ੍ਹਾਂ ਹੁੰਦਾ ਹੈ:

ਸੁਣਿ ਸਾਖੀ ਮਨ ਜਪਿ ਪਿਆਰ॥
ਅਜਾਮਲੁ ਉਧਰਿਆ ਕਹਿ ਏਕ ਬਾਰ॥
ਬਾਲਮੀਕੈ ਹੋਆ ਸਾਧਸੰਗੁ॥
ਧ੍ਰੂ ਕਉ ਮਿਲਿਆ ਹਰਿ ਨਿਸੰਗ॥ (1192, ਮ.5)

ਸ਼ਬਦ ਦੀ ਸਮਾਪਤੀ ਇਸ ਤਰ੍ਹਾਂ ਹੁੰਦੀ ਹੈ:

ਕਬੀਰਿ ਧਿਆਇਓ ਏਕ ਰੰਗ॥
ਨਾਮਦੇਵ ਹਰਿ ਜੀਉ ਬਸਹਿ ਸੰਗਿ॥
ਰਵਿਦਾਸ ਧਿਆਏ ਪ੍ਰਭ ਅਨੂਪ॥
ਗੁਰ ਨਾਨਕ ਦੇਵ ਗੋਵਿੰਦ ਰੂਪ॥ (1192, ਮ.5)

ਇੰਜ ਰਵਿਦਾਸ ਜੀ ਨੂੰ ਉਸ ਭਗਤੀ ਪਰੰਪਰਾ ਦਾ ਮਹੱਤਵਪੂਰਨ ਪੜਾਅ ਜਾਂ ਮੀਲ ਪੱਥਰ ਤਸਲੀਮ ਕੀਤਾ ਗਿਆ ਜਿਸ ਪਰੰਪਰਾ ਨੂੰ ਗੁਰੂ ਨਾਨਕ ਨੇ ਇਕ ਸ਼ਕਤੀਸ਼ਾਲੀ ਲਹਿਰ ਵਜੋਂ ਖੜ੍ਹਾ ਕੀਤਾ। ਇਕ ਹੋਰ ਸ਼ਬਦ ਵਿਚ ਗੁਰੂ ਅਰਜਨ ਸਾਹਿਬ ਰਵਿਦਾਸ ਜੀ ਅਤੇ ਦੂਸਰੇ ਬਾਣੀਕਾਰਾਂ ਦੀ ਸ੍ਰੇਸ਼ਠਤਾ ਦਾ ਧਿਆਨ ਧਰਦੇ ਹਨ ਅਤੇ ਆਪਣੇ ਪ੍ਰੇਰਨਾ ਸਰੋਤ ਮੰਨਦੇ ਹਨ। ਇਸ ਤੋਂ ਵੀ ਵਧ ਕੇ, ਇਹਨਾਂ ਨੂੰ ਆਪਣੀ ਹਸਤੀ ਦੇ ਹੋਣ ਥੀਣ ਦਾ ਆਧਾਰ ਮੰਨਦੇ ਹਨ ਅਤੇ ਖ਼ੁਦ ਨੂੰ ਉਹਨਾਂ ਦੇ ਚਰਨਾਂ ਦੀ ਧੂੜ ਆਖਦੇ ਹਨ:

ਭਲੋ ਕਬੀਰੁ ਦਾਸੁ ਦਾਸਨ ਕੋ ਊਤਮੁ ਸੈਨੁ ਜਨੁ ਨਾਈ॥
ਊਚ ਤੇ ਊਚ ਨਾਮਦੇਉ ਸਮਦਰਸੀ ਰਵਿਦਾਸ ਠਾਕੁਰ ਬਣਿ ਆਈ॥
ਜੀਉ ਪਿੰਡੁ ਤਨੁ ਧਨੁ ਸਾਧਨ ਕਾ ਇਹੁ ਮਨੁ ਸੰਤ ਰੇਨਾਈ॥
ਸੰਤ ਪ੍ਰਤਾਪਿ ਭਰਮ ਸਭਿ ਨਾਸੇ ਨਾਨਕ ਮਿਲੇ ਗੁਸਾਈ॥ (1207, ਮ.5)

ਭੱਟ ਕਲ ਜੀ ਨੇ ਆਪਣੇ ਸਵੱਈਆਂ ਵਿਚ ਰਵਿਦਾਸ ਜੀ ਦਾ ਉਚੇਚਾ ਜ਼ਿਕਰ

ਕੀਤਾ ਹੈ:

ਗੁਣ ਗਾਵੈ ਰਵਿਦਾਸੁ ਭਗਤੁ ਜੈਦੇਵ ਤ੍ਰਿਲੋਚਨ॥
ਨਾਮਾ ਭਗਤੁ ਕਬੀਰੁ ਸਦਾ ਗਾਵਹਿ ਸਮ ਲੋਚਨ॥ (1390, ਕਲ)

ਇਸ ਤਰ੍ਹਾਂ ਹੋਰ ਬਾਣੀਕਾਰਾਂ ਦੀ ਰਚਨਾ ਵਿਚ ਰਵਿਦਾਸ ਜੀ ਦਾ ਆਦਰ ਭਰਿਆ ਜ਼ਿਕਰ ਉਹਨਾਂ ਦੀ ਗੁਰਮਤਿ ਅੰਦਰ ਵੱਡੀ ਵਡਿਆਈ ਨੂੰ ਸਥਾਪਿਤ ਕਰਦਾ ਹੈ। ਗੁਰੂ ਗਰੰਥ ਸਾਹਿਬ ਵਿਚ ਆਪ ਜੀ ਦੇ ਨਾਂ ਹੇਠ ਭਾਵੇਂ 18 ਰਾਗਾਂ ਵਿਚ 40 ਸ਼ਬਦ ਦਰਜ ਹਨ। ਪਰੰਤੂ ਉਹਨਾਂ ਦੇ ਬੋਲਾਂ, ਵਿਚਾਰਾਂ ਅਤੇ ਉਹਨਾਂ ਪ੍ਰਤੀ ਆਦਰ ਦੇ ਭਾਵ ਦੀ ਗੂੰਜ ਸਮੁੱਚੇ ਗੁਰੂ ਗ੍ਰੰਥ ਸਾਹਿਬ ਵਿਚ ਥਾਂ-ਥਾਂ ਫੈਲੀ ਹੋਈ ਮਿਲਦੀ ਹੈ। ਗੁਰੂ ਸਾਹਿਬਾਨ ਦੇ ਰਵਿਦਾਸ ਜੀ ਪ੍ਰਤੀ ਸਤਿਕਾਰ ਅਤੇ ਆਤਮਿਕ ਨੇੜਤਾ ਕਾਰਨ ਉਹਨਾਂ ਦੀ ਬਾਣੀ ਵਿਚ ਰਵਿਦਾਸ ਜੀ ਦੇ ਬੋਲ ਆਪ ਮੁਹਾਰੇ ਆਣ ਮਿਲਦੇ ਹਨ। ਮਿਸਾਲ ਦੇ ਤੌਰ ਤੇ:

ਰਵਿਦਾਸ ਜੀ:
ਊਚੇ ਮੰਦਰ ਸੁੰਦਰ ਨਾਰੀ॥
ਰਾਮ ਨਾਮ ਬਿਨੁ ਬਾਜੀ ਹਾਰੀ॥ (659)

ਗੁਰੂ ਨਾਨਕ:
ਜਗੁ ਤ੍ਰਿਅ ਜਿਤੁ ਕਾਮਣਿ ਹਿਤਕਾਰੀ॥
ਪੁਤ੍ਰ ਕਲਤ੍ਰ ਲਗਿ ਨਾਮੁ ਵਿਸਾਰੀ॥ (412)

ਰਵਿਦਾਸ ਜੀ:
ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲਿ ਲੂਟੇ॥ (973)

ਗੁਰੂ ਅਰਜਨ:
ਕਾਮ ਕ੍ਰੋਧ ਮਾਇਆ ਮਦ ਮਤਸਰ ਏ ਖੇਲਤ ਸਭਿ ਜੂਐ ਹਾਰੇ॥ (379)

ਕਬੀਰ ਜੀ ਰਵਿਦਾਸ ਜੀ ਦੇ ਬੋਲਾਂ ਨੂੰ ਸਤਿ ਕਰਕੇ ਜਾਣਦੇ ਸਨ। ਇਸ ਕਰਕੇ ਉਹਨਾਂ ਦੀ ਬਾਣੀ ਵਿਚ ਰਵਿਦਾਸ ਜੀ ਦੇ ਬੋਲ ਘੁਲੇ ਮਿਲੇ ਪਏ ਹਨ, ਸੋਚ ਮੰਡਲਾਂ ਵਿਚ ਰਵਿਦਾਸ ਜੀ ਛਾਏ ਹੋਏ ਹਨ। ਕਈ ਵਾਰ ਤਾਂ ਉਹਨਾਂ ਵਿਚੋਂ ਰਵਿਦਾਸ ਜੀ ਹੂਬਹੂ ਬੋਲਦੇ ਹਨ:

ਰਵਿਦਾਸ ਜੀ:
ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ॥ (657)

ਕਬੀਰ ਜੀ:
ਜਬ ਹਮ ਹੋਤੇ ਤਬ ਤੁਮ ਨਾਹੀ ਅਬ ਤੁਮ ਹਹੁ ਹਮ ਨਾਹੀ॥ (339)

ਇਸ ਤਰ੍ਹਾਂ ਕਬੀਰ ਜੀ ਆਪਣੇ ਸਮਕਾਲੀ ਰਵਿਦਾਸ ਜੀ ਪ੍ਰਤੀ ਜਿਥੇ ਸਤਿਕਾਰ ਪ੍ਰਗਟ ਕਰਦੇ ਹਨ ਉਥੇ ਉਹਨਾਂ ਦੇ ਵਿਚਾਰਾਂ ਦੀ ਪ੍ਰੋੜਤਾ ਵੀ ਕਰਦੇ ਹਨ। ਉਨ੍ਹਾਂ ਦੀ ਬਾਣੀ ਵਿਚ ਕਈ ਥਾਈਂ ਅਸੀਂ ਰਵਿਦਾਸ ਜੀ ਦੀਆਂ ਰਮਜ਼ਾਂ ਦਾ ਖ਼ੁਲਾਸਾ ਵੀ ਦੇਖ ਸਕਦੇ ਹਾਂ:

ਰਵਿਦਾਸ ਜੀ:
ਸੰਤ ਅਨੰਤਹਿ ਅੰਤਰੁ ਨਾਹੀ॥ (486)

ਕਬੀਰ ਜੀ:
ਹਰਿ ਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ॥ (1372)

ਗੁਰੂ ਸਹਿਬਾਨ ਦਾ ਰਵਿਦਾਸ ਜੀ ਪ੍ਰਤੀ ਸਤਿਕਾਰ ਅਤੇ ਸ਼ਰਧਾ ਉਹਨਾਂ ਨਾਲ ਜੁੜੀਆਂ ਹੋਈਆਂ ਅਖੌਤੀ ਕਰਾਮਾਤਾਂ ਦੀਆਂ ਕਹਾਣੀਆਂ ਕਾਰਨ ਨਹੀਂ ਸਗੋਂ ਉਹਨਾਂ ਦੀ ਪ੍ਰੇਮ, ਭਗਤੀ, ਸ਼ੁਭਚਿੰਤਨ ਅਤੇ ਵੈਰਾਗ ਨਾਲ ਭਰਪੂਰ ਸ਼ਖ਼ਸੀਅਤ ਕਾਰਨ ਹੈ, ਉਨ੍ਹਾਂ ਦੀ ਬਾਣੀ ਦੀ ਉੱਚਤਾ ਕਾਰਨ ਹੈ। ਸੰਖੇਪਤਾ ਇਸ ਬਾਣੀ ਦਾ ਉਘੜਵਾਂ ਗੁਣ ਹੈ। ਗੁਰੂ ਸਾਹਿਬਾਨ ਨੇ ਉਹਨਾਂ ਦੇ ਥੋੜ੍ਹੇ ਲਫਜ਼ਾਂ 'ਚੋਂ ਬਹੁਤਾ ਸੁਣਿਆਂ। ਇਸੇ ਕਰਕੇ ਉਹਨਾਂ ਨੇ ਕਈ ਥਾਂਈਂ ਆਪਣੀ ਬਾਣੀ ਰਾਹੀਂ ਰਵਿਦਾਸ ਜੀ ਦੁਆਰਾ ਪ੍ਰਗਟ ਕੀਤੇ ਗਏ ਵਿਚਾਰਾਂ ਦਾ ਖ਼ੁਲਾਸਾ ਕੀਤਾ ਹੈ। ਉਹਨਾਂ ਦੀ ਬਾਣੀ ਨੂੰ ਬਖਾਨਿਆਂ ਅਤੇ ਵਿਸਥਾਰਿਆ ਹੈ।ਉਦਾਹਰਨ ਦੇ ਤੌਰ ਤੇ ਗੁਰੂ ਗਰੰਥ ਸਾਹਿਬ ਦੇ ਪੰਨਾ 794 ਉਤਲੇ ਸ਼ਬਦ ਵਿਚ ਰਵਿਦਾਸ ਜੀ ਨੇ ਮਨੁੱਖ ਦੇ ਅੰਤ ਸਮੇਂ ਦਾ ਥੋੜ੍ਹੇ ਸ਼ਬਦਾਂ ਰਾਹੀਂ ਵਰਨਣ ਕੀਤਾ ਹੈ।ਗੁਰੂ ਤੇਗ ਬਹਾਦਰ ਸਾਹਿਬ ਨੇ ਪੰਨਾ 634 ਤੇ ਦਰਜ ਸ਼ਬਦ ਰਾਹੀਂ ਰਵਿਦਾਸ ਜੀ ਦੇ ਇਸ ਸ਼ਬਦ ਦੀ ਸੰਖੇਪਤਾ ਨੂੰ ਖੋਲ੍ਹ ਕੇ ਵਿਸਥਾਰ ਨਾਲ ਸਮਝਾਇਆ ਹੈ। ਦੋਨਾਂ ਸ਼ਬਦਾਂ ਦੀਆਂ ਦੋ ਦੋ ਸਤਰਾਂ ਇਸ ਤਰ੍ਹਾਂ ਹਨ:

ਰਵਿਦਾਸ ਜੀ:
ਘਰ ਕੀ ਨਾਰਿ ਉਰਹਿ ਤਨ ਲਾਗੀ॥
ਉਹ ਤਉ ਭੂਤੁ ਭੂਤੁ ਕਰਿ ਭਾਗੀ॥ (794)

ਗੁਰੂ ਤੇਗ ਬਹਾ.:
ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ॥
ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ॥ (634)

ਗੁਰੂ ਗ੍ਰੰਥ ਸਾਹਿਬ ਦੇ ਸੰਕਲਨ ਸਮੇਂ ਹਰੇਕ ਬਾਣੀ ਦੇ ਅੱਗੇ ਪਰਮਾਤਮਾ ਦੇ ਸੰਕਲਪ ਦਾ ਤੱਤ ਸਾਰ ਪੇਸ਼ ਕਰਨ ਵਾਲਾ ਜੋ ਪੂਰਾ ਜਾਂ ਸੰਖੇਪ ਮੂਲ ਮੰਤਰ ਦਰਜ ਕੀਤਾ ਗਿਆ ਹੈ ਉਸ ਮੂਲ ਮੰਤਰ ਦੇ ਅਨੇਕਾਂ ਬੀਜ ਰਵਿਦਾਸ ਜੀ ਦੀ ਬਾਣੀ ਵਿਚ ਸੌਖਿਆਂ ਹੀ ਦਿਸ ਜਾਂਦੇ ਹਨ:

ਸੋਈ ਬਸਿ ਰਸਿ ਮਨ ਮਿਲੇ ਗੁਨ **ਨਿਰਗੁਨ ਏਕ** ਬਿਚਾਰ॥ (346)
ਸਰਬੇ **ਏਕੁ** ਅਨੇਕੈ ਸੁਆਮੀ ਸਭ ਘਟ ਭੁੋਗਵੈ ਸੋਈ॥ (657)

ਕਹਿ ਰਵਿਦਾਸ ਸਭੈ ਜਗੁ ਲੂਟਿਆ॥
ਹਮ ਤਉ **ਏਕ ਰਾਮੁ** ਕਹਿ ਛੂਟਿਆ॥ (794)

**ਏਕੁ ਮੁਕੰਦੁ** ਕਰੈ ਉਪਕਾਰੁ॥
ਹਮਰਾ ਕਹਾ ਕਰੈ ਸੰਸਾਰੁ॥ (875)

**ਏਕ ਹੀ ਏਕ** ਅਨੇਕ ਹੋਇ ਬਿਸਥਰਿਓ
ਆਨ ਰੇ ਆਨ ਭਰਪੂਰਿ ਸੋਊ॥ (1293)

ਕਹੈ ਰਵਿਦਾਸੁ ਨਾਮੁ ਤੇਰੋ ਆਰਤੀ
**ਸਤਿ ਨਾਮੁ** ਹੈ ਹਰਿ ਭੋਗ ਤੁਹਾਰੇ॥ (694)

ਮਨ ਕਾ ਸੁਭਾਉ ਸਭੁ ਕੋਈ ਕਰੈ॥
**ਕਰਤਾ** ਹੋਇ ਸੁ **ਅਨਭੈ** ਰਹੈ॥ (1167)

ਜਨ ਰਵਿਦਾਸ ਰਾਮ ਰੰਗਿ ਰਾਤਾ॥
ਇਉ **ਗੁਰ ਪਰਸਾਦਿ** ਨਰਕ ਨਹੀ ਜਾਤਾ॥ (487)

ਤਨੁ ਮਨੁ ਅਰਪਉ ਪੂਜ ਚਰਾਵਉ॥
**ਗੁਰ ਪਰਸਾਦਿ** ਨਿਰੰਜਨੁ ਪਾਵਉ॥ (525)

ਇਸ ਤਰ੍ਹਾਂ ਰਵਿਦਾਸ ਜੀ ਆਪਣੇ ਵਿਚਾਰਾਂ ਅਤੇ ਚਿੰਤਨ ਰਾਹੀਂ ਸਿੱਖ ਧਰਮ ਦਾ ਵਿਚਾਰਧਾਰਕ ਆਧਾਰ ਤਿਆਰ ਕਰਨ ਵਿਚ ਅਹਿਮ ਹਿੱਸਾ ਪਾਉਂਦੇ ਹਨ। ਉਪਰੋਕਤ ਸ਼ਬਦਾਂ ਤੋਂ ਇਲਾਵਾ ਉਹਨਾਂ ਦੀ ਬਾਣੀ ਵਿਚ ਆਈ ਹੋਰ ਬਹੁਤ ਸਾਰੀ ਸ਼ਬਦਾਵਲੀ ਸਿੱਖੀ ਦੀ ਪਛਾਣ ਦੀ ਸ਼ਬਦਾਵਲੀ ਬਣੀ। ਜਿਵੇਂ ਗੁਰੂ, ਸਤਿਗੁਰੂ, ਸੰਗਤ, ਸਾਧਸੰਗਤ, ਸੰਤ, ਸਿਮਰਨ, ਅੰਮ੍ਰਿਤ, ਪੰਥ ਆਦਿ :

ਪਰਮ ਪਰਸ **ਗੁਰੂ** ਭੇਟੀਐ ਪੂਰਬ ਲਿਖਤ ਲਿਲਾਟ॥ (346)
ਰਵਿਦਾਸ ਦਾਸ ਉਦਾਸ ਤਜੁ ਭ੍ਰਮੁ ਤਪਨ ਤਪੁ **ਗੁਰ** ਗਿਆਨ॥ (486)

ਮਾਧਉ **ਸਤਸੰਗਤਿ** ਸਰਨਿ ਤੁਮ੍ਹਾਰੀ॥ (486)
**ਸਤਸੰਗਤਿ** ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ॥ (486)

**ਸਤਿਗੁਰ** ਗਿਆਨ ਜਾਨੈ ਸੰਤ ਦੇਵਾ ਦੇਵ॥ (486)
ਤੁਮ ਕਹੀਅਤ ਹੌ ਜਗਤ **ਗੁਰ** ਸੁਆਮੀ॥ (710)

**ਸਾਧਸੰਗਤਿ** ਬਿਨਾ ਭਾਉ ਨਹੀ ਊਪਜੈ
ਭਾਵ ਬਿਨੁ ਭਗਤਿ ਨਹੀ ਹੋਇ ਤੇਰੀ॥ (694)

**ਸਾਧਸੰਗਤਿ** ਪਾਈ ਪਰਮ ਗਤੇ॥ (1293)

ਚਿਤ **ਸਿਮਰਨੁ** ਕਰਉ ਨੈਨ ਅਵਿਲੋਕਨੋ
ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ ॥
ਮਨੁ ਸੁ ਮਧੁਕਰੁ ਕਰਉ ਚਰਨ ਹਿਰਦੇ ਧਰਉ
ਰਸਨ **ਅੰਮ੍ਰਿਤ** ਰਾਮ ਨਾਮ ਭਾਖਉ॥ (694)

ਪੁਰ ਸਲਾਤ ਕਾ **ਪੰਥੁ** ਦੁਹੇਲਾ॥
ਸੰਗਿ ਨ ਸਾਥੀ ਗਵਨੁ ਇਕੇਲਾ॥ (793)

ਜਨਮੁ ਸਿਰਾਨੋ **ਪੰਥੁ** ਨ ਸਵਾਰਾ॥
ਸਾਂਝ ਪਰੀ ਦਹ ਦਿਸ ਅੰਧਿਆਰਾ॥ (793)

ਇਸ ਤਰ੍ਹਾਂ ਅਸੀਂ ਗੁਰੂ ਗਰੰਥ ਸਾਹਿਬ ਵਿਚ ਰਵਿਦਾਸ ਜੀ ਦੇ ਬੋਲਾਂ, ਵਿਚਾਰਾਂ, ਸੰਕਲਪਾਂ ਅਤੇ ਸਰੋਕਾਰਾਂ ਦੇ ਬੀਜਾਂ, ਬੂਟਿਆਂ ਅਤੇ ਬਿਰਖਾਂ ਦੇ ਦਰਸ਼ਨ ਕਰ ਸਕਦੇ ਹਾਂ। ਰਵਿਦਾਸ ਜੀ ਦੀ ਰਚਨਾ ਵਿਚ ਉਹਨਾਂ ਦੀ ਕਿਰਤ ਅਤੇ ਕਾਰ ਵਿਹਾਰ ਨਾਲ ਜੁੜੀ ਸ਼ਬਦਾਵਲੀ ਕਈ ਥਾਈਂ ਸਾਹਮਣੇ ਆਉਂਦੀ ਹੈ: ਜਿਵੇਂ ਢੋਰ, ਜੁੱਤੀ, ਰੰਬੀ, ਆਰ, ਧਾਗਾ, ਤੋਪਾ, ਗੰਢ ਆਦਿ। ਇਹ ਸ਼ਬਦਾਵਲੀ ਉਨ੍ਹਾਂ ਦੀ ਰਚਨਾ ਦੀ ਉਹਨਾਂ ਦੀ ਸ਼ਖ਼ਸੀਅਤ ਅਤੇ ਅਨੁਭਵ ਨਾਲ ਇਕਸੁਰਤਾ ਦੀ ਲਿਖਾਇਕ ਹੈ। ਰਵਿਦਾਸ ਜੀ ਕਿਰਤ ਦੇ ਗੌਰਵ ਅਤੇ ਆਨੰਦ ਦੇ ਨਾਲ ਨਾਲ ਕਿਰਤੀ ਦੇ ਸਵੈ-ਸਨਮਾਨ ਨੂੰ ਉਜਾਗਰ ਕਰਦੇ ਹਨ, ਕਿਰਤ ਨਾਲ ਜੋੜੀ ਹੋਈ ਗਿਲਾਨੀ ਨੂੰ ਹੂੰਝਦੇ ਪੂੰਝਦੇ ਹਨ ਅਤੇ ਦੂਸਰਿਆਂ ਦੀ ਕਿਰਤ ਦੇ ਸਿਰ ਤੇ ਪਲਣ ਵਾਲੇ ਅਖੌਤੀ ਉੱਚ ਵਰਗ ਨੂੰ ਸ਼ਰਮਿੰਦਗੀ ਦਾ ਗੱਫਾ ਪਰੋਸਦੇ ਹਨ।ਸਿੱਖ ਵਿਚਾਰਧਾਰਾ ਦੀਆਂ ਨੀਹਾਂ ਵਿਚ ਪਈ ਰਵਿਦਾਸ ਜੀ ਵਰਗੇ ਕਿਰਤੀਆਂ ਦੀਆਂ ਸ਼ਖ਼ਸੀਅਤਾਂ ਦੀ ਸ਼ਕਤੀ ਅਤੇ ਵਿਚਾਰਾਂ ਦੀ ਰੌਸ਼ਨੀ ਸੰਯੁਕਤ ਹੋ ਕੇ ਸਿੱਖ ਧਰਮ ਦਾ ਬੁਨਿਆਦੀ ਅਸੂਲ 'ਕਿਰਤ ਕਰਨਾ' ਬਣਦੀ ਹੈ।ਰਵਿਦਾਸ ਜੀ ਨੇ ਲਗਪਗ ਹਰੇਕ ਸ਼ਬਦ ਦੇ ਅੰਤ ਵਿਚ ਆਪਣੇ ਨਾਂ ਦੇ ਨਾਲ ਆਪਣੀ ਨੀਵੀਂ ਸਮਝੀ ਜਾਂਦੀ ਜਾਤ ਦਾ ਨਾਂ ਦਰਜ ਕਰਕੇ ਜਨਮ ਆਧਾਰਤ ਊਚ-ਨੀਚ ਵਾਲੇ ਜਾਤੀ ਪ੍ਰਬੰਧ ਦੀ ਨਿਮਰਤਾ ਦੀ ਜੁਗਤ ਨਾਲ ਖਿੱਲੀ ਉਡਾਈ ਹੈ। ਉਹਨਾਂ ਦੇ ਜਾਤ ਪਾਤ ਵਿਰੋਧੀ ਵਿਚਾਰਾਂ ਨੂੰ ਅਗਾਂਹ ਤੋਰਦੇ ਹੋਏ ਗੁਰੂ ਸਾਹਿਬਾਨ ਨੇ ਸਾਂਝੇ ਲੰਗਰਾਂ ਅਤੇ ਸਰੋਵਰਾਂ ਦੀ ਰਚਨਾ ਕਰਕੇ ਬਰਾਬਰੀ ਨੂੰ ਵਿਹਾਰਕ ਅਤੇ ਸਮਾਜਕ ਤੌਰ ਤੇ ਵਿਸਥਾਰ ਪ੍ਰਦਾਨ ਕਰਨ ਦਾ ਮਹਾਨ ਕਾਰਜ ਕੀਤਾ।

'ਕਿਰਤ ਕਰਨਾ' ਤੋਂ ਬਾਅਦ 'ਨਾਮ ਜਪਣਾ' ਸਿੱਖੀ ਦਾ ਬੁਨਿਆਦੀ ਸਿਧਾਂਤ

ਹੈ। ਸਾਰੇ ਬਾਣੀਕਾਰਾਂ ਵਲੋਂ ਧਰਮ ਦੇ ਨਾਂ ਤੇ ਹੋਣ ਵਾਲੇ ਕਰਮ ਕਾਂਡਾਂ ਨੂੰ ਰੱਦਿਆ ਗਿਆ। ਇਹਨਾਂ ਦੀ ਬਜਾਏ ਪ੍ਰੇਮ ਭਗਤੀ ਜਾਂ 'ਨਾਮ ਜਪਨ' ਦੇ ਮਹੱਤਵ ਨੂੰ ਸਥਾਪਿਤ ਕੀਤਾ ਗਿਆ। ਇਹਨਾਂ ਕਰਮ ਕਾਂਡਾਂ ਵਿਚੋਂ ਮੂਰਤੀਆਂ ਅੱਗੇ ਦੀਵੇ ਬਾਲ ਕੇ ਕੀਤੀ ਜਾਂਦੀ ਆਰਤੀ ਸਭ ਤੋਂ ਆਕਰਸ਼ਕ ਕਰਮ ਕਾਂਡ ਸੀ। ਇਸ ਕਰਮ ਕਾਂਡ ਸਬੰਧੀ ਕਈ ਬਾਣੀਕਾਰਾਂ ਦੀਆਂ ਰਚਨਾਵਾਂ ਮੌਜੂਦ ਹਨ, ਜਿਹਨਾਂ ਵਿਚ ਇਸ ਰਸਮ ਪੂਰਤੀ ਦੀ ਬਜਾਏ ਸਮੁੱਚੀ ਸ੍ਰਿਸ਼ਟੀ ਦੇ ਕਰਤਾ ਦੀ ਬਲਿਹਾਰਤਾ ਨੂੰ ਧਿਆਉਣ ਦੀ ਗੱਲ ਕੀਤੀ ਗਈ। ਇਸ ਸਬੰਧੀ ਜੋ ਰਚਨਾ ਰਵਿਦਾਸ ਜੀ ਦੀ ਬਾਣੀ ਵਿਚ ਪ੍ਰਗਟ ਹੋਈ ਉਸ ਵਿਚ ਆਰਤੀ ਦੀ ਸਾਰੀ ਸਮੱਗਰੀ ਨੂੰ ਪਿਛਾਂਹ ਕਰਕੇ ਉਸ ਦੀ ਜਗ੍ਹਾ 'ਨਾਮੁ' ਨੂੰ ਵਡਿਆਇਆ ਗਿਆ ਹੈ:

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ॥
ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ ਨਾਮੁ ਤੇਰਾ ਕੇਸਰੋ ਲੇ ਛਿਟਕਾਰੇ॥
ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ
ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ॥ (694)

ਆਰਤੀ ਦੇ ਹਵਾਲੇ ਨਾਲ ਕਬੀਰ ਜੀ, ਸੈਨ ਜੀ, ਪੀਪਾ ਜੀ ਅਤੇ ਧੰਨਾ ਜੀ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਨੇ ਬ੍ਰਹਿਮੰਡੀ ਆਰਤੀ ਸਬੰਧੀ ਸ਼ਾਹਕਾਰ ਰਚਨਾ ਕੀਤੀ:

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥
ਕੈਸੀ ਆਰਤੀ ਹੋਇ॥ ਭਵ ਖੰਡਨਾ ਤੇਰੀ ਆਰਤੀ॥ (13, ਮ.1)

ਰਵਿਦਾਸ ਜੀ ਲਈ ਭਗਤੀ ਜਾਂ ਧਰਮ ਨਿੱਜੀ ਪ੍ਰਾਪਤੀ, ਖੁਸ਼ੀ ਜਾਂ ਮੁਕਤੀ ਲਈ ਨਹੀਂ, ਸਗੋਂ ਉਹ ਨਿਆਂ ਅਤੇ ਬਰਾਬਰੀ ਆਧਾਰਤ ਸਮਾਜ ਅਤੇ ਸੰਸਾਰ ਦਾ ਸੁਪਨਾ ਦੇਖਦੇ ਸਨ, ਜਿਥੇ ਹਰ ਕੋਈ ਖੁਸ਼ੀ, ਖੁਸ਼ਹਾਲੀ, ਸੁਤੰਤਰਤਾ ਅਤੇ ਮੁਹੱਬਤ ਭਰੇ ਜੀਵਨ ਦਾ ਭਾਗੀ ਬਣ ਸਕੇ। ਤਕੜੇ ਦੇ ਰੋਹਬ, ਜ਼ੁਲਮ ਅਤੇ ਸ਼ੋਸ਼ਣ ਦਾ ਕੋਈ ਸ਼ਿਕਾਰ ਨਾ ਹੋਵੇ:

ਬੇਗਮ ਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾਂ ਤਸਵੀਸ ਖਿਰਾਜੁ ਨ ਮਾਲੁ॥ ਖਉਫੁ ਨ ਖਤਾ ਨ ਤਰਸੁ ਜਵਾਲੁ॥
ਅਬ ਮੋਹਿ ਖੂਬ ਵਤਨ ਗਹ ਪਾਈ॥ ਊਹਾਂ ਖੈਰਿ ਸਦਾ ਮੇਰੇ ਭਾਈ॥
ਕਾਇਮੁ ਦਾਇਮੁ ਸਦਾ ਪਾਤਿਸਾਹੀ॥ ਦੋਮ ਨ ਸੇਮ ਏਕ ਸੋ ਆਹੀ॥
ਆਬਾਦਾਨੁ ਸਦਾ ਮਸਹੂਰ॥ ਊਹਾਂ ਗਨੀ ਬਸਹਿ ਮਾਮੂਰ॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ॥ ਮਹਰਮ ਮਹਲ ਨ ਕੋ ਅਟਕਾਵੈ॥

ਕਹਿ ਰਵਿਦਾਸ ਖਲਾਸ ਚਮਾਰਾ॥
ਜੋ ਹਮ ਸਹਰੀ ਸੁ ਮੀਤੁ ਹਮਾਰਾ॥ (345)

ਇਹ ਸੁਪਨਾ ਗੁਰੂ ਸਾਹਿਬਾਨ ਦੁਆਰਾ ਖੜ੍ਹੀ ਕੀਤੀ ਗਈ ਸਿੱਖ ਲਹਿਰ ਦੇ ਏਜੰਡੇ ਦਾ ਕੇਂਦਰੀ ਨੁਕਤਾ ਬਣਿਆਂ। ਸਿੱਖੀ ਦੇ ਪ੍ਰਚਾਰ ਦਾ ਭਾਵ ਇਸ ਸੁਪਨੇ ਨੂੰ ਜਨ ਜਨ ਦੇ ਖ਼ੂਨ ਵਿਚ ਉਤਾਰਨਾ ਸੀ ਅਤੇ ਖਾਲਸਾ ਪੰਥ ਦੀ ਸਾਜਨਾ ਇਸ ਸੁਪਨੇ ਦੀ ਪੂਰਤੀ ਲਈ ਇਨਕਲਾਬੀ ਪ੍ਰਤਿਬੱਧਤਾ ਦਾ ਐਲਾਨ-ਨਾਮਾ ਸੀ। ਜਿਸ ਰਵਿਦਾਸ ਜੀ ਪ੍ਰਤੀ ਗੁਰੂ ਸਾਹਿਬਾਨ ਅਥਾਹ ਸ਼ਰਧਾ, ਸਤਿਕਾਰ, ਸਮਰਪਣ ਅਤੇ ਪ੍ਰਤਿਬੱਧਤਾ ਦਾ ਭਾਵ ਪ੍ਰਗਟ ਕਰਦੇ ਹਨ ਉਹਨਾਂ ਪ੍ਰਤੀ ਗੁਰੂ ਗਰੰਥ ਸਾਹਿਬ ਅਤੇ ਗੁਰੂਆਂ ਦੇ ਸ਼ਰਧਾਲੂ ਅਖਵਾਉਣ ਵਾਲਿਆਂ ਦੇ ਮਨ ਵਿਚ ਕਿੰਨੀ ਵੱਡੀ ਸ਼ਰਧਾ ਅਤੇ ਸਤਿਕਾਰ ਹੋਣਾ ਚਾਹੀਦਾ ਹੈ। ਉਹਨਾਂ ਦਾ ਸਤਿਕਾਰ ਜੇ ਗੁਰੂ ਸਾਹਿਬਾਨ ਤੋਂ ਵੱਧ ਨਹੀਂ ਤਾਂ ਘੱਟ ਤਾਂ ਬਿਲਕੁਲ ਨਹੀਂ ਹੋਣਾ ਚਾਹੀਦਾ। ਗੁਰੂ ਸਾਹਿਬਾਨ ਤਾਂ ਆਪਣਾ ਤਨ, ਮਨ, ਧਨ ਉਹਨਾਂ ਦੇ ਚਰਨਾਂ ਵਿਚ ਸੌਂਪਣ ਦੀ ਗੱਲ ਕਰਦੇ ਹਨ। ਪਰ ਕੀ ਅਸੀਂ ਉਹਨਾਂ ਦੀ ਜਾਤੀ ਦੇ ਲੋਕਾਂ ਨੂੰ ਆਪਣੇ ਬਰਾਬਰ ਦੀ ਮਾਨਸ ਕੀ ਜਾਤ ਸਵੀਕਾਰਦੇ ਹਾਂ? ਰਵਿਦਾਸ ਜੀ ਦਾ ਪੁਰਬ ਮਨਾਉਣ ਦੀ ਜ਼ਿੰਮੇਵਾਰੀ ਸਿਰਫ਼ ਉਹਨਾਂ ਦੀ ਜਾਤੀ ਦੇ ਲੋਕਾਂ ਦੀ ਹੀ ਕਿਉਂ ਸਮਝਦੇ ਹਾਂ? ਉਹਨਾਂ ਨੂੰ ਰਵਿਦਾਸ ਜੀ ਦੇ ਨਾਂ 'ਤੇ ਵੱਖਰੇ ਗੁਰਦੁਆਰੇ ਜਾਂ ਮੰਦਰ ਬਣਾਉਣ ਦੀ ਲੋੜ ਕਿਉਂ ਪੈ ਰਹੀ ਹੈ? ਸਿੱਖ ਲਹਿਰ ਸੁਤੰਤਰਤਾ, ਸਮਾਜਕ ਨਿਆਂ ਅਤੇ ਨਿਮਨ ਵਰਗ ਦੇ ਉੱਥਾਨ ਅਤੇ ਬਰਾਬਰੀ ਦੇ ਹੋਕੇ ਨਾਲ ਪੂਰੇ ਪੂਰਬੀ ਅਰਧ ਗੋਲੇ 'ਤੇ ਇਕ ਦਮ ਉਭਰੀ ਸੀ ਜੋ ਪੂਰੀ ਮਨੁੱਖਤਾ ਨੂੰ ਹਰ ਤਰ੍ਹਾਂ ਨਾਲ ਬੁਲੰਦੀਆਂ 'ਤੇ ਪਹੁੰਚਾਉਣ ਵਾਲੀ ਲੀਡਰਸ਼ਿਪ ਪ੍ਰਦਾਨ ਕਰਨ ਦੀਆਂ ਸੰਭਾਵਨਾਵਾਂ ਨਾਲ ਓਤਪੋਤ ਸੀ। ਇਸ ਨੇ ਸੰਸਾਰ ਭਰ ਦੇ ਦਲਿਤਾਂ, ਦਮਿਤਾਂ ਅਤੇ ਸ਼ੋਸ਼ਤ ਲੋਕਾਂ ਦਾ ਝੰਡਾ ਬਣਨਾ ਸੀ। ਕਮਜ਼ੋਰ ਬੰਦੇ, ਭਾਈਚਾਰੇ ਜਾਂ ਦੇਸ਼ ਨੂੰ ਡਰਾਉਣ ਵਾਲੇ ਹਰ ਜਾਬਰ ਅਤੇ ਸਾਮਰਾਜੀਏ ਲਈ ਖ਼ੌਫ ਬਣਨਾ ਸੀ। ਪਰ ਵਿਹਾਰਕ ਰੂਪ ਵਿਚ ਅਜਿਹਾ ਹੋ ਨਹੀਂ ਸਕਿਆ। ਇਸ ਲਈ ਹੁਣ ਦਿਖਾਵੇ ਦੀ ਸ਼ਾਨ ਦੀ ਬਜਾਏ ਅੰਦਰੋਂ ਮੁੱਕਦੀ ਜਾਂਦੀ ਸੱਤਿਆ ਵੱਲ ਧਿਆਨ ਦੇਣ ਦੀ ਲੋੜ ਪੈ ਗਈ ਹੈ।ਅਸਲ ਵਿਚ ਅਸੀਂ ਆਪਣੀਆਂ ਵਿਚਾਰਧਾਰਕ ਜੜ੍ਹਾਂ ਜਾਂ ਸਰੋਤਾਂ ਨਾਲੋਂ ਨਿਖੇੜਾ ਕਰਕੇ ਆਪਣਾ ਬਹੁਤ ਨੁਕਸਾਨ ਕਰ ਲਿਆ ਹੈ, ਸਿੱਖੀ ਦੀ ਮੂਲ ਤਾਸੀਰ ਗੁਆਈ ਜਾ ਰਹੇ ਹਾਂ। ਇਸ ਸਥਿਤੀ ਨੂੰ ਉਲਟਾਉਣ ਦੀ ਲੋੜ ਹੈ।

# ਕਬੀਰ ਸਤਿਗੁਰ ਸੂਰਮੇ

ਭਗਤ ਕਬੀਰ ਸਾਹਿਬ ਦਾ ਜਨਮ ਚੌਧਵੀਂ ਸਦੀ ਦੇ ਆਖਰੀ ਦਹਾਕੇ ਕਾਸ਼ੀ (ਬਨਾਰਸ) ਜਾਂ ਇਸ ਦੇ ਲਾਗਲੇ ਨਗਰ ਮਗਹਰ ਵਿਖੇ ਹੋਇਆ। ਪੂਰਬ ਦਿਸ਼ਾ ਵਿਚ ਕੀਤੀ ਆਪਣੀ ਪਹਿਲੀ ਉਦਾਸੀ ਦੌਰਾਨ ਗੁਰੂ ਨਾਨ਼ਕ ਸਾਹਿਬ ਨੇ ਆਪ ਦੀ ਬਾਣੀ ਕਾਸ਼ੀ ਤੋਂ ਪ੍ਰਾਪਤ ਕੀਤੀ। ਗੁਰੂ ਗਰੰਥ ਸਾਹਿਬ ਵਿਚ ਜਿਹੜੇ ਪੰਦਰਾਂ ਭਗਤ ਸਾਹਿਬਾਨ ਦੀ ਬਾਣੀ ਸ਼ਾਮਲ ਹੈ ਉਹਨਾਂ ਵਿਚੋਂ ਕਬੀਰ ਸਾਹਿਬ ਦੀ ਬਾਣੀ ਸਾਰਿਆਂ ਤੋਂ ਅੱਗੇ ਅਤੇ ਸਭ ਤੋਂ ਵੱਧ ਮਾਤਰਾ ਵਿਚ ਦਰਜ ਹੈ। ਇਸ ਤੋਂ ਬਿਨਾਂ ਉਹਨਾਂ ਦੀ ਬਾਣੀ 'ਕਬੀਰ ਗਰੰਥਾਵਲੀ' ਅਤੇ 'ਕਬੀਰ ਬੀਜਕ' ਗਰੰਥਾਂ ਵਿਚ ਹੈ ਅਤੇ ਮੌਖਿਕ ਰੂਪ ਵਿਚ ਅਣਗਿਣਤ ਦੋਹੇ ਕਬੀਰ ਸਾਹਿਬ ਦੀ ਰਚਨਾ ਦੇ ਤੌਰ 'ਤੇ ਪ੍ਰਚੱਲਤ ਹਨ। ਪਰੰਤੂ 1604 ਈ. ਵਿਚ ਸੰਪਾਦਤ ਹੋਏ ਸ਼੍ਰੀ ਆਦਿ ਗਰੰਥ ਸਾਹਿਬ (ਗੁਰੂ ਗਰੰਥ ਸਾਹਿਬ) ਵਿਚ ਦਰਜ ਉਹਨਾਂ ਦੀ ਬਾਣੀ ਉਹਨਾਂ ਦੀ ਰਚਨਾ ਦੇ ਤੌਰ ਤੇ ਸਭ ਤੋਂ ਵਧੇਰੇ ਪ੍ਰਮਾਣਕ ਮੰਨੀ ਜਾਂਦੀ ਹੈ। ਗੁਰੂ ਗਰੰਥ ਸਾਹਿਬ ਦੇ 17 ਰਾਗਾਂ ਵਿਚ ਆਪ ਦੇ 298 ਸ਼ਬਦ ਤੇ ਪਦੇ ਅਤੇ 243 ਸਲੋਕ ਸ਼ਾਮਲ ਹਨ। ਇਸ ਬਾਣੀ ਦਾ ਅਧਿਅਨ ਆਪ ਨੂੰ ਗੁਰਮਤਿ ਵਿਚਾਰਧਾਰਾ ਅਤੇ ਖਾਲਸਾ ਪੰਥ ਦੇ ਸੰਕਲਪ ਦੇ ਮੋਢੀ ਸਿਧਾਂਤਕਾਰਾਂ ਵਿਚੋਂ ਅਹਿਮ ਸਿੱਧ ਕਰਦਾ ਹੈ। ਆਪ ਦਾ ਜਨਮ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਜੀ ਤੋਂ ਪੌਣੀ ਸਦੀ ਅਤੇ ਦਸਵੀਂ ਪਾਤਸ਼ਾਹੀ ਗੁਰੂ ਗੋਬਿੰਦ ਸਿੰਘ ਜੀ ਤੋਂ ਲਗਪਗ ਪੌਣੇ ਤਿੰਨ ਸਦੀਆਂ ਪਹਿਲਾਂ ਹੋਇਆ। ਆਪ ਖਾਲਸੇ ਨੂੰ ਇਹਨਾ ਸ਼ਬਦਾਂ ਨਾਲ ਪ੍ਰੀਭਾਸ਼ਤ ਕਰਦੇ ਹਨ:

> ਕਹੁ ਕਬੀਰ ਜਨੁ ਭਏ ਖਾਲਸੇ ਪ੍ਰੇਮ ਭਗਤਿ ਜਿਹ ਕੀਨੀ॥ (655)

ਖਾਲਸਾ-ਸਿਰਜਕ ਗੁਰੂ ਗੋਬਿੰਦ ਸਿੰਘ ਜੀ ਇਹੀ ਗੱਲ ਖਾਲਸੇ ਨੂੰ ਦ੍ਰਿੜ ਕਰਵਾਈ:

> ਸਾਚ ਕਹੂੰ ਸੁਨ ਲੇਹ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥

ਗੁਰੂ ਸਾਹਿਬ ਪ੍ਰੇਮ ਦੇ ਇਹਨਾਂ ਖਿਡਾਰੀਆਂ ਤੋਂ ਗੁਰੂ ਨਾਨਕ ਦੇ ਸ਼ਬਦਾਂ ਵਿਚ ਸੀਸ ਭੇਟ ਮੰਗਦੇ ਹਨ:

> ਜਉ ਤਉ ਪ੍ਰੇਮ ਖੇਲਣ ਕਾ ਚਾਉ ਸਿਰੁ ਧਰਿ ਤਲੀ ਗਲੀ ਮੇਰੀ ਆਉ॥
> ਇਤੁ ਮਾਰਗਿ ਪੈਰੁ ਧਰੀਜੈ ਸਿਰੁ ਦੀਜੈ ਕਾਣਿ ਨ ਕੀਜੈ॥
> (ਗੁਰੂ ਨਾਨਕ, 1412)

ਗੁਰੂ ਨਾਨਕ ਜੀ ਦੇ ਉਪਰੋਕਤ ਬੋਲ ਕਬੀਰ ਜੀ ਦੇ ਹੇਠ ਲਿਖੇ ਸਲੋਕ ਦੇ ਵਿਚਾਰ ਦਾ ਪੁਨਰ-ਪ੍ਰਗਟਾਵਾ ਹਨ:

ਕਬੀਰ ਜਉ ਤੁਹਿ ਸਾਧ ਪਿਰੰਮ ਕੀ ਸੀਸੁ ਕਾਟਿ ਕਰਿ ਗੋਇ॥
ਖੇਲਤ ਖੇਲਤ ਹਾਲ ਕਰਿ ਜੋ ਕਿਛੁ ਹੋਇ ਤ ਹੋਇ॥ (ਕਬੀਰ ਜੀ, 1377)

ਆਮ ਤੌਰ 'ਤੇ ਪਾਠਕ ਹੇਠ ਲਿਖੇ ਬਚਨ ਨੂੰ ਗੁਰੂ ਗੋਬਿੰਦ ਸਿੰਘ ਵਲੋਂ ਆਪਣੇ ਖਾਲਸੇ ਦੇ ਚ੍ਰਿਤਰ ਪ੍ਰਥਾਇ ਉਚਾਰਿਆ ਗਿਆ ਖਿਆਲ ਕਰਦੇ ਹਨ ਕਿਉਂਕਿ ਇਹ ਗੁਰੂ ਸਾਹਿਬ ਦੀ ਸ਼ਖ਼ਸੀਅਤ ਨਾਲ ਬਹੁਤ ਮੇਲ ਖਾਂਦਾ ਹੈ:

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ॥
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ॥
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥

ਪ੍ਰੰਤੂ ਇਹ ਕਬੀਰ ਸਾਹਿਬ ਦੀ ਬਾਣੀ ਹੈ ਜੋ ਗੁਰੂ ਗਰੰਥ ਸਾਹਿਬ ਦੇ ਪੰਨਾ 1105 'ਤੇ ਦਰਜ ਹੈ। ਗੁਰੂ ਸਾਹਿਬ ਖਾਲਸੇ ਦੇ ਨਿਆਰੇਪਨ ਨੂੰ ਵੀ ਕਬੀਰ ਸਾਹਿਬ ਦੇ ਵਿਚਾਰ ਨਾਲ ਇਸ ਤਰ੍ਹਾਂ ਸਮਝਾ ਕੇ ਸਥਾਪਤ ਕਰਦੇ ਹਨ:

ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ॥
(1377, ਕਬੀਰ ਜੀ)

ਜਬ ਇਹ ਗਹੈ ਬਿਪਰਨ ਕੀ ਰੀਤ॥ ਮੈ ਨਾ ਕਰੋਂ ਇਨ ਕੀ ਪ੍ਰਤੀਤ॥
(ਗੁਰੂ ਗੋਬਿੰਦ ਸਿੰਘ ਜੀ)

ਕਬੀਰ ਜੀ ਦੇ ਵੇਲੇ ਸਮਾਜ ਉਤੇ ਸੱਭਿਆਚਾਰਕ ਚੌਧਰ ਅਤੇ ਜਾਂ ਸਮਾਜਕ ਧੌਂਸ ਬ੍ਰਾਹਮਣ ਦੀ ਸੀ। ਉਹਨਾਂ ਨੇ ਬ੍ਰਾਹਮਣ ਦੀ ਸਮਾਜਕ ਸੱਤਾ ਨਾ ਪਰਵਾਨ ਕਰਦੇ ਹੋਏ ਇਸ 'ਤੇ ਬਹੁਤ ਜ਼ੋਰਦਾਰ ਹਮਲਾ ਕੀਤਾ। ਬ੍ਰਾਹਮਣ ਨੂੰ ਬਾਕੀ ਲੋਕਾਂ ਵਾਂਗ ਹੀ ਪੈਦਾ ਹੋਇਆ ਅਤੇ ਬਾਕੀ ਲੋਕਾਂ ਵਾਂਗ ਹੀ ਲਹੂ ਮਾਸ ਦਾ ਬਣਿਆਂ ਆਖ ਕੇ ਉਸ ਨੂੰ ਹੋਰਾਂ ਵਾਂਗ ਸਧਾਰਨ ਹੋਣਾ ਯਾਦ ਕਰਾਇਆ। ਉਸ ਕੋਲ ਕੇਵਲ ਜਾਤ ਕਾਰਨ ਵਿਸ਼ੇਸ਼ ਅਧਿਕਾਰ ਪ੍ਰਾਪਤ ਹੋਣ ਨੂੰ ਕਬੀਰ ਸਾਹਿਬ ਨੇ ਨਜਾਇਜ਼ ਦੱਸਿਆ:

ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥
ਤਉ ਆਨ ਬਾਟ ਕਾਹੇ ਨਹੀ ਆਇਆ॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ॥
ਹਮ ਕਤ ਲੋਹੂ ਤੁਮ ਕਤ ਦੂਧ॥ (324)

ਬ੍ਰਾਹਮਣ ਦਾ ਵਿਰੋਧ ਉਸ ਦੀ ਜਾਤ ਕਰਕੇ ਨਹੀਂ ਸਗੋਂ ਉਸ ਕੋਲ ਸਮਾਜੀ

ਸੱਤਾ ਹੋਣ ਕਰਕੇ ਕੀਤਾ ਗਿਆ। ਉਸ ਦੇ ਗਿਆਨ ਅਤੇ ਵਿਦਿਆ ਕਰਕੇ ਤਾਂ ਉਸ ਦਾ ਆਦਰ ਹੈ। ਬ੍ਰਾਹਮਣ ਹੋਣ ਦਾ ਮਤਲਬ ਸਮਾਜਕ ਚੌਧਰ, ਧੌਂਸ ਜਾਂ ਸੋਸ਼ਨ ਦੀ ਬਜਾਏ ਵਿਦਿਆ, ਗਿਆਨ, ਸਰਬ ਕਲਿਆਣਕਾਰੀ ਸਿਆਣਪ ਜਾਂ ਅਧਿਆਪਨ ਨਾਲ ਜੋੜਿਆ:

ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥
ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ॥ (324)

ਲੋਕਾਂ ਦਾ ਵਿਸ਼ਵਾਸ ਸੀ ਕਿ ਰਾਜੇ ਨੂੰ ਲੋਕਾਂ ਤੇ ਰਾਜ ਕਰਨ ਦਾ ਅਧਿਕਾਰ, ਜਿਸ ਵਿਚ ਜ਼ੁਲਮ ਕਰਨ ਦਾ ਅਧਿਕਾਰ ਵੀ ਸ਼ਾਮਲ ਹੈ, ਪ੍ਰਾਪਤ ਹੈ। ਬ੍ਰਾਹਮਣ ਨੂੰ ਉਸ ਦੀ ਜਾਤ ਕਾਰਨ ਸਮਾਜ ’ਤੇ ਚੌਧਰ ਦਾ ਅਧਿਕਾਰ ਹੈ। ਲੋਕਾਂ ਦੇ ਦੁੱਖ-ਸੁੱਖ, ਅਮੀਰੀ-ਗਰੀਬੀ, ਖੁਸ਼ੀ-ਗ਼ਮੀ, ਬਿਮਾਰੀ-ਤੰਦਰੁਸਤੀ, ਤਰੱਕੀ-ਬਰਬਾਦੀ ਆਦਿ ਸਭ ਦੇਵੀ ਦੇਵਤੇ ਨਿਰਧਾਰਤ ਕਰਦੇ ਹਨ। ਕਬੀਰ ਸਾਹਿਬ ਨੇ ਇਹਨਾਂ ਤਿੰਨਾਂ ਭਾਵ ਰਾਜੇ, ਬ੍ਰਾਹਮਣ ਅਤੇ ਦੇਵੀ-ਦੇਵਤਿਆਂ ਦੀ ਸੱਤਾ ਨੂੰ ਸਾਂਝੀਵਾਲਤਾ ਦੀ ਦੁਸ਼ਮਨ ਤਸਲੀਮ ਕੀਤਾ। ਉਹਨਾਂ ਨੇ ਇਕ ਨਿਰੰਕਾਰ ਦੀ ਸੱਤਾ ਸਥਾਪਤ ਕਰਕੇ ਇਹਨਾਂ ਤਿੰਨਾਂ ਦੀ ਸੱਤਾ ਨੂੰ ਮਿੱਟੀ ’ਚ ਮਿਲਾਉਣ ਦਾ ਕਾਰਜ ਆਰੰਭ ਕੀਤਾ। ਇਸ ਇੱਕ ਦੇ ਆਵਾਜ਼ੇ ਨਾਲ ਸਭ ਦੇਵੀ ਦੇਵਤਿਆਂ ਦੀ ਸੱਤਾ ਨੂੰ ਇਸ ਪਰਮ-ਸੱਤਾ ਵਿਚ ਵਲੀਨ ਕਰ ਦਿੱਤਾ। ਉਹਨਾਂ ਪਰਮ ਸੱਤਾ ਦੇ ਮੰਨੇ ਜਾਂਦੇ ਤਿੰਨ ਅੰਗਾਂ ਬ੍ਰਹਮਾਂ ਵਿਸ਼ਨੂੰ ਮਹੇਸ਼ ਨੂੰ ਵੀ ਅਲਹਿਦਾ ਅਲਹਿਦਾ ਨਹੀਂ ਰਹਿਣ ਦਿੱਤਾ:

**ਓਅੰਕਾਰ** ਆਦਿ ਮੈ ਜਾਨਾ॥ ਲਿਖਿ ਅਰੁ ਮੇਟੈ ਤਾਹਿ ਨ ਮਾਨਾ॥ (340)
ਨਾ ਓਹੁ ਬਢੈ ਨ ਘਟਤਾ ਜਾਇ॥ ਅਕੁਲ **ਨਿਰੰਜਨ ਏਕੈ** ਭਾਇ॥ (343)
ਤੀਨਿ ਦੇਵ **ਏਕ** ਸੰਗਿ ਲਾਇ॥ (344)
ਸਰਬ ਭੂਤ **ਏਕੈ** ਕਰਿ ਜਾਨਿਆ ਚੂਕੇ ਬਾਦ ਬਿਬਾਦਾ॥ (483)
ਕੇਵਲ ਨਾਮੁ ਜਪਹੁ ਰੇ ਪ੍ਰਾਨੀ ਪਰਹੁ **ਏਕ** ਕੀ ਸਰਨਾਂ॥ (692)
ਜੀਉ **ਏਕੁ ਅਰੁ ਸਗਲ** ਸਰੀਰਾ॥ (330)
**ਏਕ ਅਨੇਕ ਹੋਇ** ਰਹਿਓ ਸਗਲ ਮਹਿ ਅਬ ਕੈਸੇ ਭਰਮਾਵਹੁ॥ (1104)

ਕਬੀਰ ਜੀ ਅਨੁਸਾਰ ਓਅੰਕਾਰ ਦੀ ਇਕਲੌਤੀ ਸੱਤਾ ਸਭ ਅੰਦਰ ਬਰਾਬਰ ਵਿਦਮਾਨ ਹੈ। ਸਭ ਅੰਦਰ ਉਸ ਦੀ ਮੌਜੂਦਗੀ ਕਾਰਨ ਸਭ ਬਰਾਬਰ ਦੇ ਸੱਤਾਵਾਨ ਹਨ। ਇਸ ਤਰ੍ਹਾਂ ਜਿਥੇ ਨਿਰੰਜਨ ਜਾਂ ਓਅੰਕਾਰ ਦੀ ਇਕਲੌਤੀ ਹਸਤੀ ਨਾਲ ਸੱਤਾ ਦਾ ਕੇਂਦਰੀਕਰਨ ਕੀਤਾ ਗਿਆ ਉਥੇ ਇਸ ਦਾ ਸਾਰੇ ਜੀਵਾਂ ਅੰਦਰ ਸਮਾਨ ਵਾਸਾ ਕਹਿ ਕੇ ਇਸ ਸੱਤਾ ਨੂੰ ਸਭਨਾਂ ਦਰਮਿਆਨ ਬਰਾਬਰ ਵਰਤਾਅ ਕੇ ਸੱਤਾ ਦਾ ਵਿਆਪਕ ਅਤੇ ਇਕਸਾਰ ਵਿਕੇਂਦਰੀਕਰਨ ਕੀਤਾ ਗਿਆ। ਨਿਰੰਕਾਰ ਦੀ ਇਕਲੌਤੀ ਸੱਤਾ ਮਨੁੱਖੀ ਸਮਾਜ ਅੰਦਰ ਏਕਤਾ, ਇਕਸੁਰਤਾ ਅਤੇ ਸਾਂਝੀਵਾਲਤਾ ਦੀ ਲਿਖਾਇਕ ਹੈ। ਉਹਨਾਂ

ਮੁਤਾਬਕ ਸਾਂਝੀਵਾਲਤਾ ਵਾਲੇ ਸਮਾਜ ਦੇ ਲੋਕ ਸੰਪੂਰਨ ਸੁਤੰਤਰ ਹਨ, ਬਰਾਬਰ ਦੇ ਸੱਤਾਵਾਨ ਹਨ, ਕਿਸੇ ਰਾਜੇ ਦੇ ਅਧੀਨ ਨਹੀਂ ਹਨ। ਕਬੀਰ ਜੀ ਨੇ ਉਹਨਾਂ ਦੇ ਰੋਹਬ, ਸ਼ਕਤੀ ਆਦਿ ਸਭ ਨੂੰ ਪਰਮਾਤਮਾ ਦੀ ਹਸਤੀ ਸਾਹਮਣੇ ਨਿਗੂਣੇ ਕਿਹਾ। ਇਹਨਾਂ 'ਹੁਕਮਰਾਨਾਂ' ਨੂੰ ਪ੍ਰਮਾਤਮਾ ਦੀ ਹਸਤੀ ਜਾਂ ਸੱਤਾ ਨਾਲ ਤੁਲਨਾਉਣਯੋਗ ਵੀ ਨਹੀਂ ਸਮਝਿਆ ਗਿਆ:

ਤੁਮ ਘਰਿ ਲਾਖ ਕੋਟਿ ਅਸ੍ਵ ਹਸਤੀ ਹਮ ਘਰਿ ਏਕੁ ਮੁਰਾਰੀ॥ (336)
ਤੀਨਿ ਭਵਨ ਮਹਿ ਏਕੋ ਜੋਗੀ ਕਹਹੁ ਕਵਨੁ ਹੈ ਰਾਜਾ॥ (92)
ਕੋਊ ਹਰਿ ਸਮਾਨਿ ਨਹੀ ਰਾਜਾ॥
ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥ (856)

ਇਸ ਤਰ੍ਹਾਂ ਇਹਨਾਂ ਰਾਜਿਆਂ ਨੂੰ ਸਥਾਪਤ ਸੱਤਾ ਤੋਂ ਹੇਠਾਂ ਖਿੱਚ ਕੇ ਆਮ ਬੰਦੇ ਦੀ ਪੱਧਰ ਤੇ ਲਿਆਂਦਾ ਗਿਆ ਜਾਂ ਆਮ ਬੰਦੇ ਨੂੰ ਰਾਜਿਆਂ ਬਰਾਬਰ ਹੋਣ ਦਾ ਵਿਸ਼ਵਾਸ ਦਿੱਤਾ ਗਿਆ। ਅਸਲ ਰਾਜਾ ਤਾਂ ਸਿਰਫ ਸਭੈ ਘਟ ਬੋਲਣ ਵਾਲੇ ਰਾਮ ਨੂੰ ਕਿਹਾ ਗਿਆ:

ਅਬ ਮੋ ਕਉ ਭਏ **ਰਾਜਾ ਰਾਮ** ਸਹਾਈ॥ (331)
ਕਹਿ ਕਬੀਰ **ਰਾਜਾ ਰਾਮ** ਨ ਛੋਡਉ ਸਗਲ ਊਚ ਤੇ ਊਚਾ॥ (338)

ਬਰਾਬਰੀ ਵਾਲੇ ਜਾਂ ਸਾਂਝੀਵਾਲਤਾ ਵਾਲੇ ਸਮਾਜ ਦੇ ਨਿਰਮਾਣ ਅਤੇ ਸੰਚਾਲਨ ਲਈ ਹਰ ਬੰਦੇ ਦਾ ਗਿਆਨੀ ਹੋਣਾ ਜ਼ਰੂਰੀ ਹੈ। ਵਿਦਿਆ ਸਾਰੇ ਲੋਕਾਂ ਲਈ ਹਵਾ ਪਾਣੀ ਵਾਂਗ ਉਪਲਭਦ ਹੋਣੀ ਚਾਹੀਦੀ ਹੈ। ਇਹ ਤਾਂ ਹੀ ਸੰਭਵ ਹੈ ਜੇ ਵਿਦਿਆ ਕੋਈ ਮੰਡੀ ਦੀ ਵਿਕਾਊ ਵਸਤੂ ਨਹੀਂ ਹੋਵੇਗੀ। ਮਾਨਵੀ ਜੀਵਨ ਦੀ ਸੱਚੀ ਸਫਲਤਾ ਅਤੇ ਵਿਕਾਸ ਲਈ ਵਿਦਿਆ ਨੂੰ ਵਪਾਰ ਦੇ ਤਹਿਤ ਵੇਚਣ ਖਰੀਦਣ ਵਾਲਾ ਧੰਦਾ ਨਹੀਂ ਬਣਾਇਆ ਜਾ ਸਕਦਾ:

ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ॥ (1103)

ਕਬੀਰ ਸਾਹਿਬ ਨੇ ਆਪਣੀ ਰਚਨਾ ਵਿਚ ਧਰਮ ਦੇ ਬਾਹਰੀ ਚਿੰਨਾਂ ਦੀ ਨਿਰਾਰਥਕਤਾ ਉੱਤੇ ਵੱਡਾ ਹਮਲਾ ਕੀਤਾ। ਇਨ੍ਹਾਂ ਚਿੰਨ੍ਹਾਂ ਦੇ ਆਡੰਬਰ ਦੀ ਬਜਾਏ ਮਨੁੱਖ ਦੇ ਆਚਾਰ, ਵਿਹਾਰ ਅਤੇ ਕਿਰਦਾਰ ਦੀ ਸ਼ੁੱਧਤਾ 'ਤੇ ਜ਼ੋਰ ਦਿੱਤਾ। ਕਬੀਰ ਜੀ ਮੁਤਾਬਕ ਧਰਮ ਭੇਖ ਦਾ ਨਹੀਂ ਸਗੋਂ ਅਮਲ ਦਾ ਵਿਸ਼ਾ ਹੈ। ਉਹ ਦਿਖਾਵੇ ਦੀ ਬਜਾਏ ਅਮਲੀ ਧਰਮ ਦੇ ਝੰਡਾ ਬਰਦਾਰ ਬਣੇ। ਉਹਨਾਂ ਜੋਗੀ ਨੂੰ ਭੇਖ ਕਰਕੇ ਨਹੀਂ ਸਗੋਂ ਆਪਣੇ ਆਚਾਰ ਅਤੇ ਵਿਹਾਰ ਦੇ ਭਾਵ ਨਾਲ ਜੋਗੀ ਹੋਣ ਦੀ ਪ੍ਰੇਰਨਾ ਕੀਤੀ। ਕਿ ਮੋਨ (ਘੱਟ ਬੋਲਣ) ਦੀਆਂ ਮੁੰਦਰਾਂ ਪਾ, ਦਇਆ ਦੀ ਬਗਲੀ ਪਾ, ਭਗਤੀ ਦਾ ਕਾਸਾ ਫੜ, ਦੇਹੀ ਨੂੰ ਯੋਗ-ਵਸਤਰ ਸਮਝ ਕੇ ਇਸ ਦੀ ਸੰਭਾਲ ਕਰ ਅਤੇ ਪਰਮਾਤਮਾ ਦੇ ਨਾਮ ਨੂੰ

ਆਪਣੇ ਜੀਵਨ ਦਾ ਆਧਾਰ ਬਣਾ। ਅਜਿਹਾ ਕਹਿੰਦਿਆਂ ਕਬੀਰ ਸਾਹਿਬ ਨੇ ਮਜ਼ਹਬੀ ਚਿੰਨਾਂ ਨੂੰ ਵਿਸਥਾਪਿਤ ਕਰਨ ਦੀ ਨਵੀਂ ਵਿਧੀ ਵੀ ਈਜਾਦ ਕੀਤੀ:

ਮੁੰਦ੍ਰਾ ਮੋਨਿ ਦਇਆ ਕਰਿ ਝੋਲੀ ਪਤ੍ਰ ਕਾ ਕਰਹੁ ਬੀਚਾਰੁ ਰੇ॥
ਖਿੰਥਾ ਇਹੁ ਤਨੁ ਸੀਅਉ ਅਪਨਾ ਨਾਮੁ ਕਰਉ ਆਧਾਰੁ ਰੇ॥ (970)

ਇਹ ਗੱਲ ਗੁਰੂ ਨਾਨਕ ਸਾਹਿਬ ਦੀ ਸਿੱਧਾਂ ਜੋਗੀਆਂ ਨਾਲ ਹੋਈ ਗੋਸ਼ਟ ਦੌਰਾਨ ਵਿਚਾਰੀ ਗਈ। ਗੁਰੂ ਸਾਹਿਬ ਨੇ ਇਸ ਵਿਚਾਰ ਨੂੰ ਉਪਰੋਕਤ ਵਿਧੀ ਰਾਹੀਂ ਆਪਣੀ ਜਪੁ ਬਾਣੀ ਵਿਚ ਦਰਜ ਕੀਤਾ:

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ॥
ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ॥ (6, ਮ.1)

ਕਬੀਰ ਸਾਹਿਬ ਇਸਲਾਮੀ ਰਹਿਤ ਦੇ ਫੋਕੇਪਨ ਨੂੰ ਵੀ ਸੰਬੋਧਿਤ ਹੋਏ ਕਿ ਰੋਜੇ ਰੱਖਣ, ਨਿਵਾਜ ਗੁਜ਼ਾਰਨ ਅਤੇ ਕਲਮਾ ਪੜ੍ਹਨ ਨਾਲ ਜੰਨਤ ਨਸੀਬ ਨਹੀਂ ਹੁੰਦੀ, ਮੱਕਾ ਕਿਧਰੇ ਬਾਹਰ ਨਹੀਂ ਤੁਹਾਡੇ ਅੰਦਰ ਹੈ, ਨਮਾਜ਼ ਨਿਆਂ ਦੀ ਹੋਣੀ ਚਾਹੀਦੀ ਹੈ, ਉਸ ਬੇਅੰਤ ਨੂੰ ਜਾਣਨ ਦਾ ਯਤਨ ਹੀ ਕਲਮਾ ਹੈ, ਮੁਸੱਲੇ ਦਾ ਭਾਵ ਤਾਂ ਪੰਜ ਵਿਕਾਰਾਂ ਤੇ ਕਾਬੂ ਪਾਉਣਾ ਹੈ:

ਰੋਜਾ ਧਰੈ ਨਿਵਾਜ ਗੁਜਾਰੈ ਕਲਮਾ ਭਿਸਤਿ ਨ ਹੋਈ॥
ਸਤਰਿ ਕਾਬਾ ਘਟ ਹੀ ਭੀਤਰਿ ਜੇ ਕਰਿ ਜਾਨੈ ਕੋਈ॥
ਨਿਵਾਜ ਸੋਈ ਜੋ ਨਿਆਉ ਬਿਚਾਰੈ ਕਲਮਾ ਅਕਲਹਿ ਜਾਨੈ॥
ਪਾਚਹੁ ਮੁਸਿ ਮੁਸਲਾ ਬਿਛਾਵੈ ਤਬ ਤਉ ਦੀਨੁ ਪਛਾਨੈ॥ (480)

ਗੁਰੂ ਨਾਨਕ ਸਾਹਿਬ ਇਸ ਵਿਚਾਰ ਦੀ ਪ੍ਰੋੜਤਾ ਕਰਦੇ ਆਖਦੇ ਹਨ:

ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥
ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥
ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ॥
ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ॥ (140, ਮ.1)

ਕਬੀਰ ਸਾਹਿਬ ਸਥਾਪਿਤ ਧਰਮਾਂ ਨਾਲ ਜੁੜੇ ਅੰਧ ਵਿਸ਼ਵਾਸਾਂ, ਮਰਿਯਾਦਾਵਾਂ, ਭਾਵਨਾਵਾਂ ਅਤੇ ਰਹੁਰੀਤਾਂ ਦਾ ਸਤਿਕਾਰ ਕਰਨ ਦੇ ਉੱਕਾ ਹੀ ਕਾਇਲ ਨਹੀਂ ਸਨ। ਉਹ ਧਾਰਮਿਕ ਕਰਮਕਾਂਡਾਂ, ਧਾਰਮਿਕ ਭੇਖ ਅਤੇ ਧਾਰਮਿਕ ਰਸਮਾਂ ਦੀ ਪੂਰੀ ਬੇਕਿਰਕੀ ਨਾਲ ਨਿਖੇਧੀ ਕਰਦੇ ਅਤੇ ਖਿੱਲੀ ਉਡਾਉਂਦੇ ਰਹੇ। ਉਨ੍ਹਾਂ ਨੂੰ ਇਹ ਮਨਜ਼ੂਰ ਨਹੀਂ ਸੀ ਕਿ ਵੱਖ ਵੱਖ ਮਜ਼ਹਬਾਂ ਦੇ ਪੈਰੋਕਾਰ ਆਪੋ ਆਪਣੇ ਡੱਬਿਆਂ ਵਿਚ ਬੰਦ ਰਹਿਣ ਅਤੇ ਦੂਸਰਿਆਂ ਲਈ ਓਪਰੇ ਹੋਣ। ਉਹ ਤਰਕ ਦੀ ਛੁਰੀ ਨੂੰ ਕਟਾਕਸ਼ ਦੀ ਸਾਣ ਤੇ ਲਾ

ਕੇ ਗੱਲ ਕਰਦੇ ਰਹੇ। ਅਜਿਹਾ ਕਰਦਿਆਂ ਉਹਨਾਂ ਨਾ ਕਿਸੇ ਫਿਰਕੇ ਨਾਲ ਵਿਤਕਰਾ ਕੀਤਾ ਅਤੇ ਨਾ ਕਿਸੇ ਨਾਲ ਲਿਹਾਜ਼। ਕਬੀਰ ਜੀ ਨੇ ਉਸ ਵੇਲੇ ਦੇ ਦੋਵਾਂ ਸਥਾਪਿਤ ਧਰਮਾਂ ਦੇ ਪਾਖੰਡਾਂ ਅਤੇ ਝਮੇਲਿਆਂ ਨੂੰ ਰੱਦ ਕਰਦਿਆਂ ਇਨ੍ਹਾਂ ਦੀ ਇਜ਼ਾਰੇਦਾਰੀ ਨੂੰ ਚੁਣੌਤੀ ਦਿੱਤੀ ਅਤੇ ਇਹਨਾਂ ਦੇ ਗਲਬੇ ਤੋਂ ਸੁਤੰਤਰ ਮਨੁੱਖ ਦੀ ਹਸਤੀ ਦੀ ਜ਼ੋਰਦਾਰ ਤਰੀਕੇ ਨਾਲ ਵਕਾਲਤ ਕੀਤੀ:

ਹਿੰਦੂ ਤੁਰਕ ਕਹਾ ਤੇ ਆਏ ਕਿਨਿ ਏਹ ਰਾਹ ਚਲਾਈ॥ (477)
ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ॥ (654)

ਅਲਹੁ ਏਕੁ ਮਸੀਤਿ ਬਸਤੁ ਹੈ ਅਵਰੁ ਮੁਲਖੁ ਕਿਸੁ ਕੇਰਾ॥
ਹਿੰਦੂ ਮੂਰਤਿ ਨਾਮ ਨਿਵਾਸੀ ਦੁਹ ਮਹਿ ਤਤੁ ਨ ਹੇਰਾ॥ (1349)

ਮਜ਼ਹਬੀ ਵਲਗਣਾਂ ਤੋਂ ਸੁਤੰਤਰ ਮਨੁੱਖ ਨੂੰ ਕਬੀਰ ਸਾਹਿਬ ਨੇ ਗੁਰਮੁਖ ਦਾ ਨਾਮ ਦਿੱਤਾ। ਗੁਰੂ ਨਾਨਕ ਸਾਹਿਬ ਨੇ ਅਜਿਹੇ ਗੁਰਮੁਖ ਦੇ ਗੁਣਾਂ ਅਤੇ ਲੱਛਣਾਂ ਦੀ ਆਪਣੀ ਸਿਧ ਗੋਸਟਿ ਬਾਣੀ ਵਿਚ ਬੜੇ ਵਿਸਥਾਰ ਨਾਲ ਚਰਚਾ ਕੀਤੀ। ਕਬੀਰ ਬਾਣੀ ਵਿਚ ਚਾਰ ਵਾਰ ਗੁਰਮੁਖ ਦਾ ਜ਼ਿਕਰ ਆਇਆ ਹੈ:

ਜਾ ਕਉ **ਗੁਰਮੁਖਿ** ਆਪਿ ਬੁਝਾਈ॥
ਤਾ ਕੇ ਹਿਰਦੈ ਰਹਿਆ ਸਮਾਈ॥ (655)

ਕਹੈ ਕਬੀਰੁ ਏਕੈ ਕਰਿ ਕਰਨਾ॥
**ਗੁਰਮੁਖਿ** ਹੋਇ ਬਹੁਰਿ ਨਹੀ ਮਰਨਾ॥ (872)

ਅੰਤਰਿ ਜੋਤਿ ਰਾਮ ਪਰਗਾਸਾ **ਗੁਰਮੁਖਿ** ਬਿਰਲੈ ਜਾਨੀ॥ (970)

ਐਸਾ ਜੋਗੁ ਕਮਾਵਹੁ ਜੋਗੀ॥
ਜਪ ਤਪ ਸੰਜਮੁ **ਗੁਰਮੁਖਿ** ਭੋਗੀ॥ (970)

ਹਿੰਦੂਆਂ ਅਤੇ ਮੁਸਲਮਾਨਾ ਦੀਆਂ ਰਹੁ-ਰੀਤਾਂ ਅਤੇ ਮਰਿਯਾਦਾਵਾਂ ਤੋਂ ਸੁਤੰਤਰ ਗੁਰਮੁਖ ਦੀ ਸਿਰਜਨਾ ਕਰਨ ਵਾਲੇ ਗਿਆਨ ਵਿਚਾਰ ਨੂੰ ਕਬੀਰ ਸਾਹਿਬ ਨੇ ਵਾਰ ਵਾਰ ਗੁਰਮਤਿ ਕਹਿ ਕੇ ਸਥਾਪਿਤ ਕੀਤਾ ਸੀ:

**ਗੁਰਮਤਿ** ਰਸਿ ਰਸਿ ਹਰਿ ਗੁਨ ਗਾਵੈ॥
ਰਾਮੈ ਰਾਮ ਰਮਤ ਸੁਖੁ ਪਾਵੈ॥ (326)

**ਗੁਰਮਤਿ** ਮਨੂਆ ਅਸਥਿਰੁ ਰਾਖਹੁ
ਇਨ ਬਿਧਿ ਅੰਮ੍ਰਿਤੁ ਪੀਓਈਐ॥ (332)

**ਗੁਰਮਤਿ** ਰਾਮੈ ਨਾਮਿ ਬਸਾਈ॥
ਅਸਥਿਰੁ ਰਹੈ ਨ ਕਤਹੂੰ ਜਾਈ॥ (481)

ਇਹ ਗੁਰਮਤਿ ਵਿਚਾਰਧਾਰਾ ਜਿਸ ਇਕ ਪਰਮਾਤਮਾ ਦੀ ਭਗਤੀ ਤੇ ਜ਼ੋਰ ਦਿੰਦੀ ਹੈ, ਉਸ ਦੇ ਸੰਕਲਪ ਦਾ ਤੱਤ ਸਾਰ ਮੂਲ ਮੰਤਰ ਦੇ ਰੂਪ ਵਿਚ ਸੂਤਰਤ ਕੀਤਾ ਹੋਇਆ ਹੈ ਜੋ ਸ੍ਰੀ ਗੁਰੂ ਗਰੰਥ ਸਾਹਿਬ ਦੇ ਅਰੰਭ ਵਿੱਚ ਦਰਜ ਹੈ। ਮੂਲ ਮੰਤਰ ਦੇ ਅੰਸ਼ਾਂ ਅਤੇ ਭਾਵਾਂ ਦੀ ਗੂੰਜ ਕਬੀਰ ਜੀ ਦੀ ਬਾਣੀ ਵਿਚ ਥਾਂ ਪੁਰ ਥਾਂ ਮਿਲਦੀ ਹੈ:

ਜਬ ਹਮ **ਏਕੋ ਏਕੁ** ਕਰਿ ਜਾਨਿਆ॥ (324)
**ਏਕ ਜੋਤਿ** ਏਕਾ ਮਿਲੀ ਕਿੰਬਾ ਹੋਇ ਮਹੋਇ॥ (335)

**ਓਅੰਕਾਰ** ਲਖੈ ਜਉ ਕੋਈ॥
ਸੋਈ ਲਖਿ ਮੇਟਣਾ ਨ ਹੋਈ॥ (340)

**ਸਤ** ਕਾ ਸਬਦੁ ਕਬੀਰਾ ਕਹੈ॥
ਪੰਡਿਤ ਹੋਇ ਸੁ **ਅਨਭੈ** ਰਹੈ॥ (343)

**ਆਪੇ ਕਰਤਾ** ਆਪੇ ਦੇਉ॥ (343)
ਕਹੁ ਕਬੀਰ **ਅਨਭਉ ਇਕੁ** ਦੇਖਿਆ ਰਾਮ ਨਾਮਿ ਲਿਵ ਲਾਗੀ॥ (333)

ਕਹੁ ਕਬੀਰ ਜਨਿ **ਏਕੋ** ਬੂਝਿਆ॥
**ਗੁਰ ਪ੍ਰਸਾਦਿ** ਮੈ ਸਭੁ ਕਿਛੁ ਸੂਝਿਆ॥ (476)

ਕਹਿ ਕਬੀਰ ਮੋਹਿ ਬਿਆਹਿ ਚਲੇ ਹੈ **ਪੁਰਖ ਏਕ** ਭਗਵਾਨਾ॥ (482)
ਜਾ ਤਿਸੁ ਭਾਵੈ ਸਤਿਗੁਰੁ ਭੇਟੈ **ਏਕੋ ਨਾਮੁ** ਬਖਾਨੀ॥ (1124)
ਤਿਸੁ ਬਿਨੁ ਦੂਸਰੁ ਕੋ ਨਹੀ **ਏਕੈ** ਸਿਰਜਨਹਾਰੁ॥ (1371)

ਕਾਲ ਕਲਪਨਾ ਕਦੇ ਨ ਖਾਇ॥
**ਆਦਿ ਪੁਰਖ** ਮਹਿ ਰਹੈ ਸਮਾਇ॥ (343)
**ਆਦਿ ਪੁਰਖ** ਤੇ ਹੋਇ ਅਨਾਦਿ॥ (873, ਕਬੀਰ ਜੀ)

ਲੇਹੁ ਆਰਤੀ ਹੋ **ਪੁਰਖ** ਨਿਰੰਜਨ ਸਤਿਗੁਰ ਪੂਜਹੁ ਭਾਈ॥ (1350)
ਰਾਜਾ ਰਾਮ ਤੂੰ ਐਸਾ **ਨਿਰਭਉ** ਤਰਨ ਤਾਰਨ ਰਾਮ ਰਾਇਆ॥ (339)
**ਨਿਰਭਉ** ਪੂਰਿ ਰਹੇ ਭ੍ਰਮੁ ਭਾਗਾ ਕਹਿ ਕਬੀਰ ਜਨ ਦਾਸਾ॥ (1123)
ਲੋਹਾ ਕੰਚਨੁ ਸਮ ਕਰਿ ਜਾਨਹਿ ਤੇ **ਮੂਰਤਿ ਭਗਵਾਨਾ**॥ (1123)
ਕਹੁ ਕਬੀਰ ਸਾਧੂ ਕੋ ਪ੍ਰੀਤਮੁ ਤਿਸੁ **ਮੂਰਤਿ** ਬਲਿਹਾਰੀ॥ (1252)

ਉਪਜੈ ਸਹਜੁ ਗਿਆਨ ਮਤਿ ਜਾਗੈ॥

**ਗੁਰ ਪ੍ਰਸਾਦਿ** ਅੰਤਰਿ ਲਿਵ ਲਾਗੈ॥ (92)
**ਗੁਰ ਪਰਸਾਦਿ** ਅਕਲਿ ਭਈ ਅਵਰੈ ਨਾਤਰੁ ਥਾ ਬੇਗਾਨਾ॥ (333)

ਸੰਤ ਭਾਗਿ ਓਹ ਪਾਛੈ ਪਰੈ॥
**ਗੁਰ ਪਰਸਾਦੀ** ਮਾਰਹੁ ਡਰੈ॥ (871)

ਕਬੀਰ ਸਾਹਿਬ ਤੋਂ ਮਗਰਲੇ ਬਾਣੀਕਾਰਾਂ ਦੀ ਸਿਰਜਨ, ਚਿੰਤਨ ਅਤੇ ਕਾਰਜ ਪ੍ਰਕਿਰਿਆ ਉਪਰ ਕਬੀਰ ਸਾਹਿਬ ਦੀ ਰਚਨਾ ਦੇ ਪ੍ਰਭਾਵ ਦੇ ਅਨੇਕਾਂ ਝਲਕਾਰੇ ਮਿਲਦੇ ਹਨ:

ਕਬੀਰ ਜੀ :
ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥ (1364)

ਗੁਰੂ ਨਾਨਕ :
ਹਮ ਨਹੀ ਚੰਗੇ ਬੁਰਾ ਨਹੀ ਕੋਇ॥ (728)

ਕਬੀਰ ਜੀ :
ਕਹਤ ਕਬੀਰ ਰਾਮ ਗੁਨ ਗਾਵਉ॥
ਹਿੰਦੂ ਤੁਰਕ ਦੋਊ ਸਮਝਾਵਉ॥ (479)

ਗੁਰੂ ਅਰਜਨ :
ਏਕੁ ਗੁਸਾਈ ਅਲਹੁ ਮੇਰਾ॥
ਹਿੰਦੂ ਤੁਰਕ ਦੁਹਾਂ ਨੇਬੇਰਾ॥ (1136)

ਕਬੀਰ ਜੀ :
ਕਬੀਰ ਅਲਹ ਕੀ ਕਰਿ ਬੰਦਗੀ ਜਿਹ ਸਿਮਰਤ ਦੁਖੁ ਜਾਇ॥ (1374)

ਗੁਰੂ ਅਰਜਨ :
ਕਿਉ ਗੋਬਿੰਦੁ ਮਨਹੁ ਵਿਸਾਰੀਐ ਜਿਸੁ ਸਿਮਰਤ ਦੁਖ ਜਾਹਿ॥ (218)
ਜਿਸੁ ਸਿਮਰਤ ਸੁਖੁ ਹੋਇ ਸਗਲੇ ਦੂਖ ਜਾਹਿ॥ (518)

ਕਬੀਰ ਜੀ :
ਆਪਿ ਨ ਡਰਉ ਨ ਅਵਰ ਡਰਾਵਉ॥ (327)

ਗੁਰੂ ਤੇਗ ਬਹਾਦਰ :
ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥ (1427)

ਕਬੀਰ ਸਾਹਿਬ ਦੀ ਬਾਣੀ ਦੀ ਬਹੁਤ ਸਾਰੀ ਸ਼ਬਦਾਵਲੀ ਸਿੱਖੀ ਦੀ ਪਛਾਣ ਦੀ ਸ਼ਬਦਾਵਲੀ ਹੈ, ਜਿਵੇਂ ਗੁਰਮਤਿ, ਗੁਰਮੁਖ, ਗੁਰਪ੍ਰਸਾਦਿ, ਸੰਤ, ਗੁਰੂ, ਸਤਿਗੁਰ,

ਨਾਮ, ਸਾਧਸੰਗਤ, ਸਤਿਸੰਗਤ, ਗੋਬਿੰਦ, ਅੰਮ੍ਰਿਤ, ਕੀਰਤਨ, ਖਾਲਸਾ, ਸਿਮਰਨੁ ਆਦਿ। ਅੱਜ ਇਹ ਨਰੋਲ ਸਿੱਖੀ ਦੇ ਸ਼ਬਦ ਜਾਪਦੇ ਜਾਂ ਸਮਝੇ ਜਾਂਦੇ ਹਨ ਜੋ ਗੁਰੂ ਸਾਹਿਬਾਨ ਤੋਂ ਪਹਿਲਾਂ ਕਬੀਰ ਬਾਣੀ ਵਿਚ ਕਈ ਕਈ ਵਾਰ ਵਰਤੇ ਗਏ:

ਤੂੰ **ਸਤਿਗੁਰੁ** ਹਉ ਨਉਤਨੁ ਚੇਲਾ॥
ਕਹਿ ਕਬੀਰ ਮਿਲੁ ਅੰਤ ਕੀ ਬੇਲਾ॥ (324)

ਕਹੁ ਕਬੀਰ ਇਹ ਕਹੀਐ ਕਾਹਿ॥
**ਸਾਧਸੰਗਤਿ** ਬੈਕੁੰਠੈ ਆਹਿ॥ (325)

**ਅੰਮ੍ਰਿਤ** ਨਾਮੁ ਜਪਉ ਜਪੁ ਰਸਨਾ॥
ਅਮੋਲ ਦਾਸੁ ਕਰਿ ਲੀਨੋ ਅਪਨਾ॥ (331)

ਕਹੁ ਕਬੀਰ ਬਲਿ ਜਾਉ **ਗੁਰ** ਅਪੁਨੇ **ਸਤਸੰਗਤਿ** ਮਿਲਿ ਰਹੀਐ॥ (333)

**ਸਤਿਗੁਰੁ** ਮਿਲੈ ਅੰਧੇਰਾ ਚੂਕੈ ਇਨ ਬਿਧਿ ਮਾਣਕੁ ਲਹੀਐ॥ (334)

**ਸਾਧਸੰਗਤਿ** ਭਗਵਾਨ ਭਜਨ ਬਿਨੁ ਕਹੀ ਨ ਸਚੁ ਰਹਿਓ॥ (336)

ਸੰਤ ਪ੍ਰਸਾਦਿ ਭਏ ਮਨ ਨਿਰਮਲ
ਹਰਿ **ਕੀਰਤਨ** ਮਹਿ ਅਨਦਿਨੁ ਜਾਗਾ॥ (343)

**ਸਾਧਸੰਗਤਿ** ਉਪਜੈ ਬਿਸ੍ਵਾਸ॥
ਬਾਹਰਿ ਭੀਤਰਿ ਸਦਾ ਪ੍ਰਗਾਸ॥ (343)

ਕਹੁ ਕਬੀਰ ਜਿਸੁ **ਸਤਿਗੁਰੁ** ਭੇਟੈ ਪੁਨਰਪਿ ਜਨਮਿ ਨ ਆਵੈ॥ (476)

**ਸਤਸੰਗਤਿ** ਮਿਲਿ ਬਿਬੇਕ ਬੁਧਿ ਹੋਈ॥
ਪਾਰਸੁ ਪਰਸਿ ਲੋਹਾ ਕੰਚਨੁ ਸੋਈ॥ (481)

ਪ੍ਰਗਟ ਪ੍ਰਗਾਸ ਗਿਆਨ **ਗੁਰ** ਗ਼ਮੀਮਤ **ਸਤਿਗੁਰ** ਤੇ ਸੁਧਿ ਪਾਈ॥ (969)

ਸਿਮਰਿ ਸਿਮਰਿ ਹਰਿ ਹਰਿ ਮਨਿ ਗਾਈਐ॥
ਇਹੁ **ਸਿਮਰਨੁ ਸਤਿਗੁਰ** ਤੇ ਪਾਈਐ॥ (971)

ਕਹਤੁ ਕਬੀਰੁ ਸੁਨਹੁ ਰੇ ਸੰਤਹੁ **ਸਾਧਸੰਗਤਿ** ਤਰਿ ਜਾਂਹਿਗਾ॥ (1106)

ਜਾ ਤਿਸੁ ਭਾਵੈ **ਸਤਿਗੁਰੁ** ਭੇਟੈ ਏਕੋ **ਨਾਮੁ** ਬਖਾਨੀ॥ (1124)

ਕਬੀਰ ਸਾਚਾ **ਸਤਿਗੁਰੁ** ਮੈ ਮਿਲਿਆ ਸਬਦੁ ਜੁ ਬਾਹਿਆ ਏਕੁ॥ (1372)

ਕਬੀਰ ਬਾਣੀ ਦੀ ਸ਼ਬਦਾਵਲੀ ਗੁਰੂ ਨਾਨਕ ਅਤੇ ਬਾਕੀ ਸਾਰੇ ਗੁਰੂ ਸਾਹਿਬਾਨ

ਦੁਆਰਾ ਉਚਾਰੀ ਅਤੇ ਪ੍ਰਚਾਰੀ ਗਈ ਬਹੁਤੀ ਬਾਣੀ ਦੀ ਸ਼ਬਦਾਵਲੀ ਬਣੀ ਅਤੇ ਕਬੀਰ ਬਾਣੀ ਦਾ ਮੁਹਾਵਰਾ ਅਤੇ ਸ਼ੈਲੀ ਸਾਰੇ ਗੁਰੂ ਸਾਹਿਬਾਨ ਦੀ ਬਹੁਤੀ ਬਾਣੀ ਦਾ ਮੁਹਾਵਰਾ ਅਤੇ ਸ਼ੈਲੀ ਬਣੇ। ਗੁਰੂ ਸਾਹਿਬਾਨ ਨੇ ਪੂਰੀ ਖੁਲ੍ਹਦਿਲੀ ਨਾਲ ਕਬੀਰ ਸਾਹਿਬ ਦੇ ਕਬੀਰਪਨ (ਵਡੱਪਨ) ਨੂੰ ਅਮਲੀ ਰੂਪ ਵਿਚ ਤਸਲੀਮ ਕੀਤਾ ਅਤੇ ਉਨ੍ਹਾਂ ਦੇ ਵਡੱਪਨ ਦਾ ਮਾਨਵ ਕਲਿਆਣ ਦੇ ਵੱਡੇ ਮਨੋਰਥ ਲਈ ਲਾਹਾ ਲਿਆ। ਉਹਨਾਂ ਦੇ ਸਮਕਾਲੀ ਅਤੇ ਬਾਅਦ ਦੇ ਬਾਣੀਕਾਰਾਂ ਨੇ ਆਪਣੀ ਬਾਣੀ ਵਿਚ ਕਈ ਵਾਰ ਉਹਨਾਂ ਪ੍ਰਤੀ ਗਹਿਰੇ ਆਦਰ ਦਾ ਪ੍ਰਗਟਾਵਾ ਕੀਤਾ।

# ਗੁਰੂ ਨਾਨਕ ਬੁੱਢੇ ਨਹੀਂ ਸਨ

ਘਰਾਂ ਵਿਚ ਬੁੱਢਿਆਂ ਦੀ ਵੁੱਕਤ ਨਹੀਂ ਹੁੰਦੀ। ਆਮ ਤੌਰ ਤੇ ਇਹ ਘਰਾਂ ਦੀਆਂ ਨੁੱਕਰਾਂ ਵਿਚ ਪਏ ਹੁੰਦੇ ਹਨ। ਵਡੇਰੀ ਉਮਰ ਕਾਰਨ ਉਹਨਾਂ ਦਾ ਸਤਿਕਾਰ ਤਾਂ ਹੋ ਸਕਦਾ ਹੈ ਪਰ ਉਹਨਾਂ ਦੀਆਂ ਗੱਲਾਂ ਨੂੰ ਸਮੇਂ ਦੇ ਹਾਣ ਦੀਆਂ ਨਹੀਂ ਸਮਝਿਆ ਜਾਂਦਾ। ਉਹਨਾਂ ਦੇ ਵਿਚਾਰਾਂ ਜਾਂ ਸਿਧਾਤਾਂ ਦੀ ਕੋਈ ਅਹਿਮੀਅਤ ਨਹੀਂ ਮੰਨੀ ਜਾਂਦੀ। ਉਹਨਾਂ ਦੀ ਅਸੀਸ ਅਤੇ ਆਸ਼ੀਰਵਾਦ ਤਾਂ ਸੁਹਾਵਣੇ ਲੱਗਦੇ ਹਨ, ਪਰ ਕਾਰ-ਵਿਹਾਰ ਵਿਚ ਉਹਨਾਂ ਦਾ ਦਖ਼ਲ ਚੁੱਭਦਾ ਹੈ। ਉਹਨਾਂ ਦਾ ਨਾਮ ਪਰਿਵਾਰ ਦੀ ਪਛਾਣ ਲਈ ਵਰਤਿਆ ਜਾਂਦਾ ਹੈ ਪਰ ਉਹਨਾਂ ਦੀ ਹਸਤੀ ਪਰਿਵਾਰ ਦੀ ਸਮੁੱਚੀ ਸਰਗਰਮੀ ਦਾ ਕੇਂਦਰੀ ਧੁਰਾ ਨਹੀਂ ਹੁੰਦੀ। ਪਰਿਵਾਰਾਂ ਦੇ ਮੈਂਬਰ ਆਪਣੇ ਬਜ਼ੁਰਗਾਂ ਦੇ ਵਾਰਿਸ ਹੋਣ ਤੇ ਗੌਰਵ ਤਾਂ ਕਰਦੇ ਹਨ ਪ੍ਰੰਤੂ ਉਹਨਾਂ ਦੇ ਅਸੂਲਾਂ ਦੇ ਧਾਰਨੀ ਹੋਣ ਦਾ ਸਿਦਕ ਘੱਟ ਹੀ ਪਾਲਦੇ ਹਨ। ਇਸ ਵਿਚ ਕਿਸੇ ਦਾ ਕਸੂਰ ਨਹੀਂ, ਸਗੋਂ ਇਹ ਤਾਂ ਬੁਢਾਪੇ ਨਾਲ ਜੁੜਿਆ ਅੱਜ ਕੱਲ੍ਹ ਦਾ ਸੁਭਾਵਿਕ ਸੱਚ ਹੈ।ਗੁਰੂ ਨਾਨਕ ਵਲੋਂ ਮਨੁੱਖਾਂ ਲਈ ਨਿਰਧਾਰਤ ਕੀਤੇ ਗਏ ਆਚਾਰ ਵਿਹਾਰ ਦੇ ਸਿਧਾਂਤਾਂ ਪ੍ਰਤੀ ਸਾਡੇ ਰਵੱਈਏ ਕਾਰਨ ਇਹ ਲਾਜ਼ਮੀ ਹੋ ਗਿਆ ਕਿ ਗੁਰੂ ਨਾਨਕ ਨੂੰ ਇਕ ਬਿਰਧ ਬਾਬੇ ਵਾਂਗ ਹੀ ਚਿਤਵਿਆ ਜਾਏ। ਜਿਸ ਦੀ ਸ਼ਰਧਾ ਸਹਿਤ ਪੂਜਾ ਕਰ ਸਕਦੇ ਹੋਈਏ, ਧੂਫ ਬੱਤੀ ਕਰ ਸਕਦੇ ਹੋਈਏ, ਮੱਥੇ ਟੇਕ ਸਕਦੇ ਹੋਈਏ ਪਰੰਤੂ ਆਖੇ ਨਾ ਲੱਗ ਸਕਦੇ, ਹੋਈਏ ਉਸ ਨੂੰ ਬਿਰਧ ਰੂਪ ਵਿਚ ਚਿਤਵਣ ਨਾਲ ਮਾਨਸਿਕ ਸਹੂਲਤ ਰਹਿੰਦੀ ਹੈ। ਆਪਣੇ ਜੀਵਨ ਨੂੰ ਗੁਰੂ ਦੇ ਉਪਦੇਸ਼ ਅਨੁਸਾਰ ਢਾਲਣ ਦੀ ਬਜਾਏ ਅਸੀਂ ਗੁਰੂ ਦੀ ਦਿੱਖ ਨੂੰ ਆਪਣੀ ਮਾਨਸਿਕਤਾ ਦੇ ਅਨੁਸਾਰ ਚਿਤਰ ਲਿਆ।

ਗੁਰੂ ਨਾਨਕ ਸਾਹਿਬ 1469 ਈ. ਤੋਂ ਲੈ ਕੇ 1539 ਈ. ਤੱਕ ਸੰਸਾਰ ਵਿੱਚ ਸਰੀਰਕ ਤੌਰ ਤੇ ਵਿਚਰੇ ਹਨ। ਉਹਨਾਂ ਦੀ ਕੁਲ ਆਯੂ 69 ਤੋਂ 70 ਸਾਲ ਦੇ ਦਰਮਿਆਨ ਹੋਈ ਹੈ। ਇਸ ਦੇ ਬਾਵਜੂਦ ਘਰ ਘਰ ਲੱਗੀਆਂ ਤਸਵੀਰਾਂ ਵਿਚ ਉਹਨਾਂ ਦੀ ਉਮਰ 80 ਸਾਲ ਜਾਂ ਇਸ ਤੋਂ ਵੱਧ ਜਾਪਦੀ ਹੈ। ਇਹ ਗੱਲ ਇਕੱਲੀ ਪੋਰਟਰੇਟ ਚਿਤਰਾਂ ਦੀ ਹੀ ਨਹੀਂ ਸਗੋਂ ਉਹਨਾਂ ਦੇ ਜੀਵਨ ਨਾਲ ਸਬੰਧਤ ਘਟਨਾਵਾਂ (ਸਾਖੀਆਂ) ਨੂੰ ਦਰਸਾਉਂਦੇ ਚਿਤਰਾਂ ਵਿਚ ਵੀ ਇਸੇ ਤਰ੍ਹਾਂ ਹੈ। ਛਪੀ ਹੋਈ ਇਕ ਅਜਿਹੀ ਤਸਵੀਰ ਵੀ ਦੇਖੀ ਹੈ ਜਿਸ ਵਿਚ ਬਜ਼ੁਰਗ ਗੁਰੂ ਨਾਨਕ ਵੇਂਈ ਨਦੀ ਵਿਚ ਚੁੱਭੀ ਮਾਰਨ ਮਗਰੋਂ

ਨਦੀ ਵਿਚ ਖੜ੍ਹੇ ਮੂਲ ਮੰਤਰ ਦਾ ਉਚਾਰਨ ਕਰਦੇ ਦਿਖਾਏ ਗਏ ਹਨ। ਇਹ ਕਿੰਨਾ ਵੱਡਾ ਜ਼ੁਲਮ ਤੇ ਬੇਅਦਬੀ ਹੈ, ਵੇਈਂ ਵਿਚ ਚੁੱਭੀ ਮਾਰਨ ਵਾਲੀ ਘਟਨਾ ਸਮੇਂ ਉਹਨਾਂ ਦੀ ਉਮਰ 18 ਤੋਂ 28 ਸਾਲ ਦੇ ਦਰਮਿਆਨ ਸੀ। ਅਜਿਹੇ ਚਿਤਰ ਉਹਨਾਂ ਅਸ਼ਲੀਲ ਫਿਲਮਾਂ ਜਾਂ ਗੀਤਾਂ ਦੇ ਵੀਡੀਓਜ਼ ਵਾਂਗ ਹਨ ਜਿੰਨ੍ਹਾਂ ਦੇ ਨਿਰਮਾਤਾ ਕਹਿੰਦੇ ਹਨ ਕਿ ਉਹਨਾਂ ਨੇ ਲੋਕਾਂ ਦੀ ਮੰਗ ਨੂੰ ਧਿਆਨ ਵਿਚ ਰੱਖਦੇ ਹੋਏ ਇਹਨਾਂ ਦਾ ਨਿਰਮਾਣ ਕੀਤਾ ਹੈ।

ਗੁਰੂ ਨਾਨਕ ਦੇਵ ਜੀ ਨੇ ਪਹਿਲੀ ਉਦਾਸੀ (ਲੰਮੀ ਯਾਤਰਾ) 28 ਸਾਲ ਦੀ ਉਮਰ ਵਿਚ 1497 ਈ. ਨੂੰ ਅਰੰਭ ਕੀਤੀ ਜੋ 40 ਸਾਲ ਦੀ ਉਮਰ ਵਿਚ 1509 ਈ. ਨੂੰ ਸਮਾਪਤ ਹੋਈ। ਇਸ ਉਦਾਸੀ ਦੌਰਾਨ ਆਪ ਨੇ ਹਿੰਦੂ ਧਰਮ ਦੇ ਪ੍ਰਮੁੱਖ ਧਾਰਮਿਕ ਅਸਥਾਨਾਂ ਤੇ ਉਚੇਚੇ ਪਹੁੰਚ ਕੇ ਨਿਰਾਰਥਕ ਰੀਤਾਂ, ਰਸਮਾਂ, ਮਨੌਤਾਂ, ਮਰਿਯਾਦਾਵਾਂ ਅਤੇ ਵਹਿਮਾਂ-ਭਰਮਾਂ ਦਾ ਖੰਡਨ ਕੀਤਾ। ਇਸ ਉਦਾਸੀ ਦੌਰਾਨ ਉਹਨਾਂ ਦੇ ਮੁੱਖ ਪੜਾਅ ਕਰੂਕਸ਼ੇਤਰ, ਹਰਿਦੁਆਰ, ਦਿੱਲੀ, ਮਥਰਾ, ਬਿੰਦਰਾਬਨ, ਅਯੁੱਧਿਆ, ਬਨਾਰਸ, ਗਯਾ, ਢਾਕਾ, ਕਲਕੱਤਾ, ਜਗਨ ਨਾਥ ਪੁਰੀ ਆਦਿ ਸਨ। ਕਰੂਕਸ਼ੇਤਰ ਵਿਖੇ ਵੈਸ਼ਨਵ ਪੰਡਤਾਂ ਦੁਆਰ ਮਾਸ ਖਾਣ ਸਬੰਧੀ ਛੇੜੀ ਚਰਚਾ ਦਾ ਉਤਰ ਦਿੰਦਿਆਂ ਆਪ ਨੇ ਕਿਹਾ:

ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ।
ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ।
ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ।
ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ।

ਇਸ ਉਪਰੰਤ ਪਿੱਤਰ ਪੂਜਾ ਲਈ ਪ੍ਰਸਿੱਧ ਤੀਰਥ ਹਰਿਦੁਆਰ ਵਿਖੇ ਪਹੁੰਚਕੇ ਆਪ ਨੇ ਪਿੱਤਰ ਪੂਜਾ ਸਬੰਧੀ ਪੰਡਿਆਂ ਦੁਆਰਾ ਫੈਲਾਏ ਭਰਮ ਜਾਲ ਪ੍ਰਤੀ ਵਿਅੰਗਾਤਮਕ ਅਤੇ ਪ੍ਰਭਾਵਸ਼ਾਲੀ ਟਿੱਪਣੀਆਂ ਕੀਤੀਆਂ:

ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ।
ਅਗੈ ਵਸਤੁ ਸਿਵਾਣੀਐ ਪਿਤਰੀ ਚੋਰ ਕਰੇਇ।
ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ।
ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ।

ਇਸ ਸਥਾਨ ਨਾਲ ਜੁੜੀ ਸਾਖੀ ਹੈ ਕਿ ਗੁਰੂ ਜੀ ਨੇ ਲੋਕਾਂ ਦੇ ਚੜ੍ਹਦੀ ਵੱਲ ਨੂੰ ਮੂੰਹ ਕਰਕੇ ਪਿੱਤਰਾਂ ਤੱਕ ਪਾਣੀ ਪਹੁੰਚਾਉਣ ਦੀ ਪ੍ਰਕਿਰਿਆ ਦਾ ਮਖ਼ੌਲ ਉਡਾਉਂਦਿਆਂ ਲਹਿੰਦੇ ਵੱਲ ਪੰਜਾਬ ਵਿਚ ਆਪਣੇ ਖੇਤਾਂ ਨੂੰ ਪਾਣੀ ਪਹੁੰਚਾਉਣ ਦਾ ਨਾਟਕ ਕੀਤਾ। ਇਸ ਘਟਨਾ ਨੂੰ ਦਰਸਾਉਣ ਵਾਲੇ ਬਹੁਤੇ ਚਿਤਰਾਂ ਵਿਚ ਗੁਰੂ ਨਾਨਕ ਸਾਹਿਬ ਨੂੰ ਚਿੱਟੀ

ਦਾੜ੍ਹੀ ਵਾਲੇ ਬਜ਼ੁਰਗ ਵਜੋਂ ਦਰਸਾਇਆ ਗਿਆ ਹੈ, ਜਦ ਕਿ ਉਸ ਸਮੇਂ ਉਹਨਾਂ ਦੀ ਉਮਰ 28-29 ਸਾਲ ਦੀ ਸੀ।

ਇਸ ਪਿੱਛੋਂ ਉਹਨਾਂ ਦੀ ਹਿੰਦੂ ਧਰਮ ਦੇ ਕਰਮ ਕਾਂਡਾਂ ਦੇ ਕੇਂਦਰੀ ਸਥਾਨ ਕਾਂਸ਼ੀ (ਬਨਾਰਸ) ਵਿਖੇ ਪੰਡਤ ਚਤੁਰ ਦਾਸ ਨਾਲ ਚਰਚਾ ਹੋਈ। ਚਤੁਰ ਦਾਸ ਨੇ ਕਿਹਾ - ਹੇ ਨਾਨਕ, ਤੇਰੇ ਪਾਸ ਸਾਲਗ੍ਰਾਮ ਨਹੀਂ, ਤੁਲਸੀ ਦੀ ਮਾਲਾ ਨਹੀਂ, ਸਿਮਰਣੀ ਨਹੀਂ, ਜਨੇਊ ਨਹੀਂ ਅਤੇ ਮੱਥੇ ਚੰਦਨ ਦਾ ਟਿੱਕਾ ਵੀ ਨਹੀਂ; ਕਿਵੇਂ ਮੰਨਿਆਂ ਜਾਏ ਕਿ ਤੂੰ ਰੱਬ ਦਾ ਭਗਤ ਹੈਂ ? ਗੁਰੂ ਨਾਨਕ ਦੇ ਉਤਰ ਸਨ:

ਸਾਲ ਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ।
ਰਾਮ ਨਾਮੁ ਜਪਿ ਬੇੜਾ ਬਾਂਧਹੁ ਦਇਆ ਕਰਹੁ ਦਇਆਲਾ।
ਕਾਇਆ ਬ੍ਰਹਮਾ ਮਨੁ ਹੈ ਧੋਤੀ। ਗਿਆਨੁ ਜਨੇਊ ਧਿਆਨੁ ਕੁਸਪਾਤੀ।
ਹਰਿ ਨਾਮਾ ਜਸੁ ਜਾਚਉ ਨਾਉ। ਗੁਰ ਪਰਸਾਦੀ ਬ੍ਰਹਮਿ ਸਮਾਉ।
ਪਾਂਡੇ ਐਸਾ ਬ੍ਰਹਮ ਬੀਚਾਰੁ। ਨਾਮੇ ਸੁਚਿ ਨਾਮੋ ਪੜਉ ਨਾਮੇ ਚਜੁ ਆਚਾਰੁ।

ਕਾਂਸ਼ੀ ਦੇ ਪੰਡਿਆਂ ਵਲੋਂ ਉਠਾਏ ਗਏ ਸਵਾਲਾਂ ਨੂੰ ਧਿਆਨ ਵਿਚ ਰੱਖਦੇ ਹੋਏ ਇਥੇ ਹੀ ਆਪ ਨੇ 'ਦੱਖਣੀ ਓਅੰਕਾਰ' ਨਾਂ ਦੀ ਲੰਮੀ ਬਾਣੀ ਦੀ ਰਚਨਾ ਕੀਤੀ। ਇਸ ਬਾਣੀ ਦੀਆਂ 54 ਪਉੜੀਆਂ ਹਨ।

ਗੁਰੂ ਜੀ ਬਨਾਰਸ ਤੋਂ ਗਯਾ ਪਹੁੰਚੇ। ਗਯਾ ਵਿਖੇ ਪੰਡਿਆਂ ਨੇ ਆਪ ਨੂੰ ਪਿਤਰਾਂ ਦੀ ਮੁਕਤੀ ਲਈ ਪਿੰਡ ਭਰਾਉਣ ਅਤੇ ਦੀਵੇ ਬਾਲਣ ਦੀ ਪ੍ਰੇਰਨਾ ਕੀਤੀ। ਆਪ ਨੇ ਪ੍ਰੇਮ ਅਤੇ ਦਲੀਲ ਨਾਲ ਇਸ ਵਹਿਮ ਦਾ ਖੰਡਨ ਕੀਤਾ:

ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲ।
ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ।
ਲੋਕਾ ਮਤ ਕੋ ਫਕੜਿ ਪਾਇ।
ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ।ਰਹਾਉ।
ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ।
ਐਥੈ ਓਥੈ ਆਗੈ ਪਾਛੈ ਏਹੁ ਮੇਰਾ ਆਧਾਰ।
ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ ਰਾਉ।
ਸਚਾ ਨਾਵਣੁ ਤਾਂ ਥੀਐ ਜਾਂ ਅਹਿਨਿਸਿ ਲਾਗੈ ਭਾਉ।
ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ।
ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੂਟਸਿ ਨਾਹਿ।

ਬਿੰਦਰਾਬਨ, ਬਨਾਰਸ, ਅਤੇ ਗਯਾ ਦੇ ਅਸਥਾਨਾਂ ਤੇ ਪੰਡਿਆਂ ਨੂੰ ਧਰਮ ਦਾ ਸੱਚਾ ਮਾਰਗ ਸਮਝਾਉਣ ਵਾਲੇ ਗੁਰੂ ਨਾਨਕ ਕੋਈ ਬਿਰਧ ਬਾਬੇ ਨਹੀਂ ਸਗੋਂ 35 ਸਾਲ

ਤੋਂ ਘੱਟ ਉਮਰ ਦੇ ਗੱਭਰੂ ਸਨ ਜੋ ਗਯਾ ਤੋਂ ਬਾਅਦ ਢਾਕਾ, ਚਿਟਾਗਾਂਗ, ਆਸਾਮ ਤੇ ਬਰਮਾ ਵਲੋਂ ਚੱਕਰ ਕੱਢ ਕੇ ਜਗਨਨਾਥ ਪੁਰੀ ਪਹੁੰਚੇ। ਜਗਨਨਾਥ ਪੁਰੀ ਵਿਖੇ ਵਿਸ਼ਨੂੰ ਦੀ ਮੂਰਤੀ ਦੀ ਪੂਜਾ ਹੁੰਦੀ ਸੀ। ਪੁਜਾਰੀਆਂ ਨੇ ਮੂਰਤੀ ਨੂੰ ਚੌਰ ਕਰਦਿਆਂ ਸਾਹਮਣੇ ਥਾਲੀ ਵਿਚ ਦੀਵੇ ਬਾਲ ਕੇ, ਧੂਫ਼, ਪੁਸ਼ਪ ਆਦਿ ਸੁਗੰਧੀ ਵਾਲੀਆਂ ਵਸਤਾਂ ਸਹਿਤ ਆਰਤੀ ਉਤਾਰੀ। ਗੁਰੂ ਨਾਨਕ ਵਲੋਂ ਇਸ ਰਸਮ ਵਿਚ ਸ਼ਾਮਲ ਨਾ ਹੋਣ ਕਾਰਨ ਪੁਜਾਰੀਆਂ ਨੇ ਬਹੁਤ ਬੁਰਾ ਮਨਾਇਆ। ਉਸ ਸਮੇਂ ਆਪ ਨੇ ਸਰਬ ਵਿਆਪਕ ਈਸ਼ਵਰ ਦੀ ਸਮੁੱਚੀ ਕੁਦਰਤ ਰਾਹੀਂ ਲਗਾਤਾਰ ਹੋ ਰਹੀ ਵਿਸ਼ਾਲ ਬ੍ਰਹਿਮੰਡੀ ਆਰਤੀ ਦਾ ਕਾਵਿ-ਚਿਤਰ ਪੇਸ਼ ਕੀਤਾ:

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ।
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ।
ਕੈਸੀ ਆਰਤੀ ਹੋਇ। ਭਵ ਖੰਡਨਾ ਤੇਰੀ ਆਰਤੀ।
ਅਨਹਤਾ ਸਬਦ ਵਾਜੰਤ ਭੇਰੀ। ਰਹਾਉ।
ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁੋਹੀ।
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ
ਸਹਸ ਤਵ ਗੰਧ ਇਵ ਚਲਤ ਮੋਹੀ।
ਸਭ ਮਹਿ ਜੋਤਿ ਜੋਤਿ ਹੈ ਸੋਇ।
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ।
ਗੁਰ ਸਾਖੀ ਜੋਤਿ ਪਰਗਟੁ ਹੋਇ। ਜੋ ਤਿਸੁ ਭਾਵੈ ਸੁ ਆਰਤੀ ਹੋਇ।
ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ।
ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ।

ਇਸ ਘਟਨਾ ਸਮੇਂ ਗੁਰੂ ਜੀ ਦੀ ਉਮਰ ਲਗਪਗ 36-37 ਸਾਲ ਦੀ ਸੀ। ਪਰ ਇਸ ਘਟਨਾ ਨਾਲ ਸਬੰਧਤ ਬਹੁਤੇ ਚਿਤਰਾਂ ਵਿਚ ਉਹਨਾਂ ਨੂੰ ਬਿਰਧ ਰੂਪ ਵਿਚ ਦਰਸਾਇਆ ਗਿਆ ਹੈ।

ਦੂਸਰੀ ਉਦਾਸੀ 41 ਸਾਲ ਦੀ ਉਮਰ ਵਿਚ 1510 ਈ. ਨੂੰ ਅਰੰਭ ਅਤੇ 46 ਸਾਲ ਦੀ ਉਮਰ ਵਿਚ 1515 ਈ. ਨੂੰ ਸਮਾਪਤ ਹੋਈ। ਦੱਖਣ ਦਿਸ਼ਾ ਦੀ ਇਸ ਉਦਾਸੀ ਦੌਰਾਨ ਜਾਣ ਸਮੇਂ ਸਰਸਾ, ਬੀਕਾਨੇਰ, ਅਜਮੇਰ, ਇੰਦੌਰ, ਉਜੈਨ, ਬਿਦਰ, ਹੈਦਰਾਬਾਦ, ਮਦਰਾਸ, ਪਾਂਡੀਚਰੀ ਅਤੇ ਲੰਕਾ ਮੁੱਖ ਟਿਕਾਣੇ ਸਨ। ਵਾਪਸੀ ਸਮੇਂ ਸੋਮਨਾਥ, ਦੁਆਰਕਾ, ਕੱਛ, ਮਾਂਡਵੀ ਅਤੇ ਬਹਾਵਲਪੁਰ ਮੁੱਖ ਪੜਾਅ ਸਨ। ਇਹ ਉਦਾਸੀ ਜੈਨ ਅਤੇ ਬੁੱਧ ਧਰਮ ਦੇ ਅਸਥਾਨਾਂ ਦੀ ਉਦਾਸੀ ਕਰਕੇ ਜਾਣੀ ਜਾਂਦੀ ਹੈ। ਸਰੋਹੀ ਅਤੇ ਮਾਉਂਟਆਬੂ ਦੇ ਅਸਥਾਨਾਂ ਤੇ ਬਹੁਤ ਸਾਰੇ ਜੈਨ ਸਾਧੂ ਮੱਠਾਂ ਵਿਚ ਰਹਿੰਦੇ ਸਨ। ਇਥੇ ਅਨੁਭੀ ਨਾਂ ਦੇ ਜੈਨ ਮੁਖੀ ਨਾਲ ਆਪ ਦੀ ਚਰਚਾ ਹੋਈ। ਗੁਰੂ ਜੀ ਨੇ ਜੈਨ

ਧਰਮ ਦੀਆਂ ਨਿਰਾਰਥਕ ਰਸਮਾਂ ਦਾ ਖੰਡਨ ਕੀਤਾ ਜੋ ਮਨੁੱਖ ਨੂੰ ਸੁਚੱਜੇ ਦੀ ਬਜਾਏ ਕੁਚੀਲ ਬਣਾਉਂਦੀਆਂ ਹਨ:

ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ।
ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ।
ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ।
ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ।

ਬ੍ਰਾਹਮਣ ਮੱਤ ਦੇ ਦਬਦਬੇ ਕਾਰਨ ਬੁੱਧ ਧਰਮ ਭਾਰਤ ਵਿਚੋਂ ਨਿਕਲ ਕੇ ਚੀਨ, ਜਪਾਨ, ਬਰਮਾ ਅਤੇ ਲੰਕਾ ਵਿਚ ਫ਼ੈਲ ਚੁੱਕਾ ਸੀ। ਇਸ ਉਦਾਸੀ ਦੌਰਾਨ ਆਪ ਉਚੇਚੇ ਤੌਰ ਤੇ ਬੁੱਧ ਧਰਮ ਦੇ ਮੁੱਖ ਕੇਂਦਰ ਲੰਕਾ ਵਿਚ ਗਏ। ਬੁੱਧ ਧਰਮ ਸ਼ੁਭ ਕਰਮਾਂ ਤੇ ਜ਼ੋਰ ਦਿੰਦਾ ਹੈ। 'ਅਸ਼ਟਾਂਗ ਮਾਰਗ' ਭਾਵ ਅੱਠ ਵਿਸ਼ੇਸ਼ ਕਰਮਾਂ ਦਾ ਪਾਲਣ ਨਿਰਵਾਣ ਦੀ ਪ੍ਰਪਤੀ ਲਈ ਜ਼ਰੂਰੀ ਮੰਨਿਆਂ ਗਿਆ ਹੈ। ਪਰ ਬੋਧੀ ਲੋਕ ਈਸ਼ਵਰ ਦੀ ਹਸਤੀ ਅਤੇ ਹੋਂਦ ਤੋਂ ਇਨਕਾਰੀ ਹਨ। ਉਨਾਂ ਮੁਤਾਬਕ ਤੱਤਾਂ ਦੇ ਮਿਲਾਪ ਨਾਲ ਸ੍ਰਿਸ਼ਟੀ ਹੋਂਦ ਵਿਚ ਆਉਂਦੀ ਹੈ ਅਤੇ ਇਹਨਾਂ ਤੱਤਾਂ ਦੇ ਨਿਖੇੜ ਨਾਲ ਨਸ਼ਟ ਹੋ ਜਾਂਦੀ ਹੈ। ਪਰ ਗੁਰੂ ਸਾਹਿਬ ਨੇ ਬੋਧ-ਅਚਾਰੀਆਂ ਨਾਲ ਸੰਵਾਦ ਰਚਾਉਂਦਿਆਂ ਸਾਰੇ ਤੱਤਾਂ ਨੂੰ ਇਕ ਹੁਕਮ ਅਤੇ ਨੇਮ ਵਿਚ ਬੱਝੇ ਹੋਏ ਐਲਾਨਿਆਂ। ਤੱਤਾਂ ਦੀ ਇਸ ਅਧੀਨਤਾ ਦੇ ਅਧਾਰ ਤੇ ਉਹਨਾਂ 'ਨਿਰਭਉ ਪ੍ਰਭੂ' ਦੇ ਹੁਕਮ ਤਹਿਤ ਚੱਲਣ ਵਾਲੇ ਜੀਵਨ ਨੂੰ ਹੀ ਸਫ਼ਲ ਅਤੇ ਸੁੱਚਾ ਜੀਵਨ ਕਿਹਾ:

ਭੈ ਵਿਚਿ ਪਵਣੁ ਵਹੈ ਸਦਵਾਉ। ਭੈ ਵਿਚਿ ਚਲਹਿ ਲਖ ਦਰੀਆਉ।
ਭੈ ਵਿਚਿ ਅਗਨਿ ਕਢੈ ਵੇਗਾਰਿ। ਭੈ ਵਿਚਿ ਧਰਤੀ ਦਬੀ ਭਾਰਿ।
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ। ਭੈ ਵਿਚਿ ਰਾਜਾ ਧਰਮ ਦੁਆਰੁ।
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ। ਕੋਹ ਕਰੋੜੀ ਚਲਤ ਨ ਅਮਤੁ।
ਭੈ ਵਿਚਿ ਸਿਧ ਬੁਧ ਸੁਰ ਨਾਥ। ਭੈ ਵਿਚਿ ਆਡਾਣੇ ਆਕਾਸ।
ਭੈ ਵਿਚਿ ਜੋਧ ਮਹਾਬਲ ਸੂਰ। ਭੈ ਵਿਚਿ ਆਵਹਿ ਜਾਵਹਿ ਪੂਰ।
ਸਗਲਿਆ ਭਉ ਲਿਖਿਆ ਸਿਰਿ ਲੇਖੁ।
ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ।

ਇਸ ਤਰ੍ਹਾਂ ਦੂਸਰੀ ਉਦਾਸੀ ਦੌਰਾਨ ਨੌਜਵਾਨ ਗੁਰੂ ਨਾਨਕ ਨੇ ਜੈਨੀ ਅਤੇ ਬੋਧੀ ਅਚਾਰੀਆਂ ਨਾਲ ਵਾਰਤਾਲਾਪ ਕਰਕੇ ਆਪਣੇ ਸਿਧਾਂਤ ਨੂੰ ਨਿਖੜਵੇਂ ਰੂਪ ਵਿਚ ਪੇਸ਼ ਕੀਤਾ।

ਤੀਸਰੀ ਉਦਾਸੀ ਦੌਰਾਨ ਆਪ ਨੇ ਉਤਰ ਦਿਸ਼ਾ ਵਿਚ ਜੰਮੂ, ਕਸ਼ਮੀਰ, ਗੜ੍ਹਵਾਲ, ਬਦਰੀਨਾਥ, ਤਿੱਬਤ, ਭੂਟਾਨ ਤੇ ਨੇਪਾਲ ਆਦਿ ਇਲਾਕੇ ਗਾਹੇ। ਉਤਰੀ ਭਾਰਤ ਵਿਚ

ਉਸ ਸਮੇਂ ਜੋਗ ਮੱਤ ਦਾ ਜ਼ੋਰ ਸੀ। ਇਹਨਾਂ ਪਹਾੜੀ ਇਲਾਕਿਆਂ ਵਿਚ ਸਿੱਧਾਂ ਜੋਗੀਆਂ ਦੇ ਟਿਕਾਣੇ ਸਨ। ਜੋਗੀ ਸੁਰਤਿ ਨੂੰ ਤਾੜੇ ਲਾ ਕੇ ਅਨਹਦ ਸ਼ਬਦ ਸੁਣਨ ਲਈ ਮਦ (ਸ਼ਰਾਬ) ਪੀਂਦੇ ਸਨ। ਜਦ ਗੁਰੂ ਜੀ ਸੁਮੇਰ ਪਰਬਤ ਤੇ ਸਿੱਧਾਂ ਪਾਸ ਪਹੁੰਚੇ ਤਾਂ ਉਹਨਾਂ ਆਪ ਨੂੰ ਪੀਣ ਲਈ ਮਦ ਦਾ ਪਿਆਲਾ ਪੇਸ਼ ਕੀਤਾ। ਜਦ ਗੁਰੂ ਜੀ ਨੇ ਪੁੱਛਿਆ ਕਿ ਇਸ ਵਿਚ ਕੀ ਪਾਇਆ ਹੈ ਤਾਂ ਸਿੱਧਾਂ ਨੇ ਕਿਹਾ ਕਿ ਇਸ ਵਿਚ ਕੋਈ ਬੁਰੀ ਚੀਜ਼ ਨਹੀਂ ਸਗੋਂ ਗੁੜ ਅਤੇ ਧਾਵੈ ਦੇ ਫੁੱਲ ਹਨ। ਉਥੇ ਗੁਰੂ ਜੀ ਨੇ ਮਨੁੱਖੀ ਜੀਵਨ ਦੀ ਲੋਰ ਅਤੇ ਮਸਤੀ ਲਈ ਲੋੜੀਂਦੀ ਮਦ ਨੂੰ ਇਸ ਤਰ੍ਹਾਂ ਪਰਿਭਾਸ਼ਤ ਕੀਤਾ:

ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ।
ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ।
ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ।
ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ ਸਬਦੁ ਅਨਾਹਦ ਗਹਿਆ। ਰਹਾਉ ।
ਪੂਰਾ ਸਾਚੁ ਪਿਆਲਾ ਸਹਜੇ ਤਿਸਹਿ ਪੀਆਏ ਜਾ ਕਉ ਨਦਰਿ ਕਰੇ।
ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ।
ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ।
ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ।
ਸਿਫਤੀ ਰਤਾ ਸਦ ਬੈਰਾਗੀ ਜੂਐ ਜਨਮੁ ਨ ਹਾਰੈ।
ਕਹੁ ਨਾਨਕ ਸੁਣਿ ਭਰਥਰਿ ਜੋਗੀ ਖੀਵਾ ਅੰਮ੍ਰਿਤ ਧਾਰੈ।

ਗੁਰੂ ਜੀ ਨੇ ਗੋਰਖ, ਚਰਪਟ, ਮਛੰਦਰ ਅਤੇ ਲੋਹਾਰੀਪਾ ਆਦਿ ਸਿੱਧਾਂ ਨਾਲ ਹੋਈ ਵਾਰਤਾਲਾਪ ਦੇ ਅਧਾਰਤ 'ਸਿਧ ਗੋਸ਼ਟਿ' ਦੀ ਰਚਨਾ ਕੀਤੀ। ਬੁੱਧੀ ਅਤੇ ਜੁਗਤੀ ਦੀ ਪ੍ਰਧਾਨਤਾ ਵਾਲੀ ਇਸ ਲੰਮੀ ਅਤੇ ਦਾਰਸ਼ਨਿਕ ਕਾਵਿ ਰਚਨਾ ਦੇ 73 ਬੰਦ ਹਨ। ਜੋਗ ਮੱਤ ਨੂੰ ਪ੍ਰਚਾਰਨ ਅਤੇ ਪ੍ਰਸਾਰਨ ਵਾਲੇ ਇਹਨਾਂ ਘਾਗ ਦਿਮਾਗਾਂ ਨਾਲ ਸੰਵਾਦ ਰਚਾਉਣ ਵਾਲਾ ਗੁਰੂ ਨਾਨਕ ਕੋਈ ਬਿਰਧ ਬਾਬਾ ਨਹੀਂ ਸੀ। ਉਸ ਸਮੇਂ ਉਹਨਾਂ ਦੀ ਉਮਰ ਕੇਵਲ 47 ਸਾਲ ਦੇ ਆਸ ਪਾਸ ਸੀ। ਆਪਣੀ ਕਾਵਿ- ਪੁਸਤਕ 'ਅਸੀਂ ਨਾਨਕ ਦੇ ਕੀ ਲਗਦੇ ਹਾਂ' ਛਾਪਣ ਸਮੇਂ ਮੇਰੀ ਇਹ ਰੀਝ ਸੀ ਕਿ ਇਸ ਦੀ ਜਿਲਦ ਤੇ ਸਿੱਧਾਂ ਨਾਲ ਵਾਰਤਾਲਾਪ ਕਰਦੇ ਗੁਰੂ ਨਾਨਕ ਦਾ ਚਿਤਰ ਛਾਪਿਆ ਜਾਏ। ਪਰ ਵਾਹ ਜਹਾਨ ਦੀ ਲਾ ਛੱਡੀ, ਸਿੱਧ ਗੋਸ਼ਟ ਨੂੰ ਦਰਸਾਉਂਦੀ ਅਜਿਹੀ ਕੋਈ ਤਸਵੀਰ ਨਹੀਂ ਮਿਲੀ ਜਿਸ ਵਿਚ ਗੁਰੂ ਨਾਨਕ ਦੀ ਉਮਰ 47 ਸਾਲ ਦੇ ਆਸ ਪਾਸ ਹੋਵੇ। ਚਿਤਰਕਾਰਾਂ ਨੇ ਸੁਮੇਰ ਪਰਬਤ ਤੇ ਭ੍ਰਮਣ ਕਰਦੇ ਜਾਂ ਸਿੱਧਾਂ ਨਾਲ ਚਰਚਾ ਕਰਦੇ ਗੁਰੂ ਨਾਨਕ ਨੂੰ ਬਿਰਧ ਬਾਬੇ ਦੇ ਰੂਪ ਵਿਚ ਹੀ ਚਿਤਰਿਆ ਹੈ।

ਚੌਥੀ ਉਦਾਸੀ ਦੌਰਾਨ ਗੁਰੂ ਨਾਨਕ ਦੇਵ ਜੀ ਪੱਛਮ ਦਿਸ਼ਾ ਵਿਚ ਸਥਿਤ ਇਸਲਾਮ ਦੇ ਕੇਂਦਰੀ ਅਸਥਾਨਾਂ ਤੇ ਗਏ। ਮੁਸਲਮਾਨੀ ਵੇਸ ਧਾਰਨ ਕਰਕੇ ਕੇ ਕਰਤਾਰਪੁਰ

ਤੋਂ ਸਿੰਧ ਦੇ ਰਸਤੇ ਹੁੰਦੇ ਹੋਏ ਹਾਜੀਆਂ ਨਾਲ ਮੱਕੇ ਪਹੁੰਚੇ। ਹਾਜੀਆਂ ਅਤੇ ਮੱਕੇ ਦੇ ਮੌਲਵੀਆਂ ਨੇ ਪਛਾਣ ਕਰ ਲਈ ਕਿ ਆਪ ਮੁਸਲਮਾਨ ਨਹੀਂ ਹਨ। ਉਹਨਾਂ ਗੁਰੂ ਸਾਹਿਬ ਤੋਂ ਪੁੱਛਿਆ ਕਿ ਹਿੰਦੂ ਧਰਮ ਅਤੇ ਇਸਲਾਮ ਵਿਚੋਂ ਕਿਸ ਨੂੰ ਉੱਤਮ ਮੰਨਦੇ ਹੋ, ਤਦ:

ਬਾਬਾ ਆਖੇ ਹਾਜੀਆਂ ਸ਼ੁਭ ਅਮਲਾਂ ਬਾਝੋਂ ਦੋਵੇਂ ਰੋਈ।
ਹਿੰਦੂ ਮੁਸਲਮਾਨ ਦੋਇ ਦਰਗਹਿ ਅੰਦਰ ਲੈਨ ਨਾ ਢੋਈ।

ਇਸ ਉਦਾਸੀ ਦੌਰਾਨ ਆਪ ਨੇ ਇਸਲਾਮੀ ਚਿੰਨ੍ਹਾਂ, ਪ੍ਰਤੀਕਾਂ, ਸੰਕੇਤਾਂ ਅਤੇ ਮੁਹਾਵਰੇ ਵਾਲੀ ਬਾਣੀ ਦੀ ਰਚਨਾ ਕੀਤੀ ਅਤੇ ਸੁਚੱਜੇ ਅਮਲਾਂ ਵਾਲੇ ਜੀਵਨ ਦੀ ਪ੍ਰੇਰਨਾ ਕੀਤੀ। ਮਿਸਾਲ ਦੇ ਤੌਰ ਤੇ:

ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ।
ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ।
ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ।
ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ।ਰਹਾਉ।
ਜਨ ਪਿਸਰ ਪਦਰ ਬਿਰਾਦਰਾਂ ਕਸ ਨੇਸ ਦਸਤੰਗੀਰ।
ਆਖਿਰ ਬਿਅਫਤਮ ਕਸ ਨ ਦਾਰਦ ਚੂੰ ਸਵਦ ਤਕਬੀਰ।
ਸਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ।
ਗਾਹੇ ਨ ਨੇਕੀ ਕਾਰ ਕਰਦਮ ਮਮ ਈਂ ਚਿਨੀ ਅਹਵਾਲ।
ਬਦਬਖਤ ਹਮ ਚੁ ਬਖੀਲ ਗਾਫਿਲ ਬੇਨਜਰ ਬੇਬਾਕ।
ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾ ਖਾਕ।

ਮੱਕੇ ਤੇ ਮਦੀਨੇ ਜਾਣ ਸਮੇਂ ਗੁਰੂ ਸਾਹਿਬ ਦੀ ਉਮਰ 48-49 ਸਾਲ ਦੀ ਸੀ। ਪਰ ਮੱਕੇ ਨਾਲ ਸਬੰਧਤ ਚਿਤਰਾਂ ਵਿਚ ਉਨਾਂ ਨੂੰ ਏਨੀ ਘੱਟ ਉਮਰ ਦੇ ਨਹੀਂ ਸਗੋਂ ਬਿਰਧ ਬਾਬੇ ਦੇ ਰੂਪ ਵਿਚ ਹੀ ਦਿਖਾਇਆ ਜਾਂਦਾ ਹੈ।

ਮੱਕੇ ਤੇ ਮਦੀਨੇ ਤੋਂ ਮਗਰੋਂ ਆਪ ਬਗਦਾਦ, ਮਿਸਰ, ਤੁਰਕੀ, ਇਰਾਨ ਅਤੇ ਅਫਗਾਨਿਸਤਾਨ ਤੋਂ ਹੁੰਦੇ ਹੋਏ ਹਸਨ ਅਬਦਾਲ ਰਾਹੀਂ 1521 ਵਿਚ ਕਰਤਾਰਪੁਰ ਪਰਤੇ। ਹਸਨ ਅਬਦਾਲ ਵਿਖੇ ਅੱਜ ਕੱਲ੍ਹ ਗੁਰਦੁਆਰਾ ਪੰਜਾ ਸਾਹਿਬ ਹੈ, ਜਿਸ ਨਾਲ ਵਲੀ ਕੰਧਾਰੀ ਵਾਲੀ ਸਾਖੀ ਜੁੜੀ ਹੋਈ ਹੈ। ਵਲੀ ਕੰਧਾਰੀ ਦੀ ਹਉਮੈ ਦੇ ਪਹਾੜ ਨੂੰ ਪੰਜਾ ਲਾਉਣ ਵਾਲੇ ਗੁਰੂ ਨਾਨਕ ਵੀ ਕੋਈ ਬੁੱਢੇ ਬਾਬੇ ਨਹੀਂ ਸਨ, ਸਗੋਂ ਉਦੋਂ ਉਹਨਾਂ ਦੀ ਉਮਰ ਤਾਂ 51 ਸਾਲ ਦੇ ਕਰੀਬ ਸੀ। ਪਰ ਇਸ ਸਾਖੀ ਨਾਲ ਸਬੰਧਤ ਕਿਸੇ ਚਿਤਰ ਵਿਚ ਵੀ ਉਹਨਾਂ ਨੂੰ ਏਨੀ ਘੱਟ ਉਮਰ ਦੇ ਨਹੀਂ ਦਿਖਾਇਆ ਗਿਆ।

ਸਪੱਸ਼ਟ ਹੈ ਕਿ ਗੁਰੂ ਸਾਹਿਬ ਨੇ ਆਪਣੀਆਂ ਲੰਮੀਆਂ ਉਦਾਸੀਆਂ ਦਾ ਸਿਲਸਿਲਾ 51 ਸਾਲ ਦੀ ਉਮਰ ਵਿਚ ਮੁਕੰਮਲ ਕਰ ਲਿਆ ਸੀ। ਬਹੁਤ ਸਾਰੀ ਬਾਣੀ ਦੀ ਰਚਨਾ

ਵੀ ਇਹਨਾਂ ਉਦਾਸੀਆਂ ਦੌਰਾਨ ਹੀ ਹੋਈ। ਇਹਨਾਂ ਉਦਾਸੀਆਂ ਦੌਰਾਨ ਵਾਪਰੀਆਂ ਘਟਨਾਵਾਂ ਨੂੰ ਦਰਸਾਉਂਦੇ ਚਿਤਰਾਂ ਵਿਚ ਉਹਨਾਂ ਦੀ ਉਮਰ ਕਿਸੇ ਹਾਲਤ ਵਿਚ ਵੀ 51 ਸਾਲ ਤੋਂ ਵਧੇਰੇ ਨਹੀਂ ਜਾਪਣੀ ਚਾਹੀਦੀ। ਆਖਰੀ ਉਦਾਸੀ ਦੌਰਾਨ ਭਾਈ ਮਰਦਾਨਾ ਜੀ ਦਾ ਅਕਾਲ ਚਲਾਣਾ ਹੋਇਆ ਦੱਸਿਆ ਜਾਂਦਾ ਹੈ। ਇਸ ਲਈ ਗੁਰੂ ਨਾਨਕ ਅਤੇ ਭਾਈ ਮਰਦਾਨਾ ਜਿੰਨਾ ਚਿਰ ਇਕੱਠੇ ਵਿਚਰੇ ਉਸ ਦੌਰਾਨ ਗੁਰੂ ਸਾਹਿਬ ਦੀ ਉਮਰ 28 ਤੋਂ 51 ਸਾਲ ਦੇ ਦਰਮਿਆਨ ਸੀ। ਪਰ ਇਹਨਾਂ ਨੂੰ ਇਕੱਠੇ ਦਰਸਾਉਣ ਵਾਲੇ ਸਾਰੇ ਚਿਤਰਾਂ ਵਿਚ ਗੁਰੂ ਸਾਹਿਬ ਨੂੰ ਬੁੱਢੇ ਬਾਬੇ ਦੇ ਰੂਪ ਵਿਚ ਹੀ ਦਰਸਾਇਆ ਗਿਆ ਹੈ।ਇਕ ਗੱਲ ਹੋਰ, ਉਦਾਸੀਆਂ ਦੌਰਾਨ ਤਹਿ ਕੀਤੇ ਕੁਲ ਪੈਂਡੇ ਨੂੰ ਦੇਖਿਆ ਜਾਏ ਤਾਂ ਪਤਾ ਲੱਗਦਾ ਹੈ ਕਿ ਉਹਨਾਂ ਔਸਤਨ 25 ਕਿਲੋਮੀਟਰ ਤੋਂ ਜ਼ਿਆਦਾ ਰੋਜ਼ਾਨਾ ਪੈਦਲ ਪੈਂਡਾ ਤਹਿ ਕੀਤਾ। ਹਮੇਸ਼ਾ ਚੰਗਾ ਚੋਸਾ ਖਾਣ ਦਾ ਵੀ ਪ੍ਰਬੰਧ ਨਹੀਂ ਸੀ। ਕਿਸੇ ਵੇਲੇ ਪ੍ਰਸ਼ਾਦਾ ਮਿਲਦਾ ਹੋਏਗਾ ਤੇ ਕਿਸੇ ਵੇਲੇ ਨਹੀਂ ਵੀ ਮਿਲਦਾ ਹੋਏਗਾ। ਚਿੰਤਨਸ਼ੀਲ ਸ਼ਖ਼ਸੀਅਤ ਅਤੇ ਕਿਰਿਆਵੰਤ ਸਰੀਰ ਹੋਣ ਕਰਕੇ ਉਹਨਾਂ ਦਾ ਭਾਰ 50-60 ਕਿਲੋ ਦੇ ਕਰੀਬ ਹੀ ਹੋਏਗਾ। ਪਰ ਚਿਤਰਕਾਰਾਂ ਨੇ ਉਹਨਾਂ ਨੂੰ ਭਾਰੀ ਭਰਕਮ ਚਰਬੀਦਾਰ ਦੇਹ ਦੇ ਮਾਲਕ ਵਜੋਂ ਹੀ ਚਿਤਰਿਆ ਹੈ।

ਉਦਾਸੀਆਂ ਉਪਰੰਤ ਗੁਰੂ ਸਾਹਿਬ ਦਾ 1521 ਈ. ਵਿਚ ਏਮਨਾਬਾਦ (ਸੈਦਪੁਰ) ਜਾਣਾ ਹੋਇਆ। ਆਪ ਸਥਾਪਤ ਜਾਤੀ ਪ੍ਰਬੰਧ ਅਨੁਸਾਰ ਨੀਵੀਂ ਸਮਝੀ ਜਾਂਦੀ ਜਾਤ ਦੇ ਕਿਰਤੀ ਸਿੱਖ ਭਾਈ ਲਾਲੋ ਦੇ ਘਰ ਠਹਿਰੇ। ਲਾਲੋ ਦੀ ਕਿਰਤ ਨੂੰ ਵਡਿਆਉਂਦਿਆਂ ਅਤੇ ਕਿਰਤੀਆਂ ਦਾ ਸ਼ੋਸ਼ਨ ਕਰਨ ਵਾਲੇ ਉੱਚ ਜਾਤ ਦੇ ਭਾਗੋ ਦੇ ਅਭਿਮਾਨ ਨੂੰ ਝੰਜੋੜਦਿਆਂ ਇਹ ਸ਼ਬਦ ਉਚਾਰਣ ਕੀਤਾ:

> ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ।
> ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।
> ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ।

ਆਪ ਨੇ ਕਿਰਤ ਨੂੰ ਧਰਮ ਦਾ ਪਵਿੱਤਰ ਮਾਰਗ ਕਿਹਾ ਅਤੇ ਦੂਸਰਿਆਂ ਦੀ ਕਿਰਤ ਤੇ ਪਲਣ ਵਾਲੇ ਵੇਹਲੜਾਂ ਨੂੰ ਰੱਤ ਪੀਣੇ ਪਾਪੀ ਕਹਿ ਕੇ ਫਿਟਕਾਰਿਆ। ਇਸ ਘਟਨਾ ਸਮੇਂ ਗੁਰੂ ਸਾਹਿਬ ਦੀ ਉਮਰ 52 ਸਾਲ ਤੋਂ ਘੱਟ ਹੀ ਸੀ ਪਰ ਇਸ ਨਾਲ ਸਬੰਧਤ ਚਿਤਰਾਂ ਵਿਚ ਉਹਨਾਂ ਨੂੰ ਬਹੁਤ ਵਡੇਰੀ ਉਮਰ ਦਾ ਦਰਸਾਇਆ ਜਾਂਦਾ ਹੈ।

ਇਹਨਾਂ ਦਿਨਾਂ ਵਿਚ ਬਾਬਰ ਕਾਬਲ ਤੋਂ ਚੱਲ ਕੇ ਹਿੰਦੋਸਤਾਨ ਦੇ ਪੱਛਮੀ ਹਿੱਸੇ ਵਿਚ ਕਾਬਜ਼ ਹੋਣਾ ਸ਼ੁਰੂ ਕਰ ਚੁੱਕਾ ਸੀ। ਲੋਕਾਂ ਨੂੰ ਲੁੱਟਿਆ ਅਤੇ ਕੁੱਟਿਆ ਜਾ ਰਿਹਾ ਸੀ। ਮਾਸੂਮ ਬੱਚਿਆਂ ਤੇ ਵੀ ਜ਼ੁਲਮ ਢਹਿ ਰਿਹਾ ਸੀ। ਇਸਤਰੀਆਂ ਦੀ ਬੇਪਤੀ ਹੋ ਰਹੀ ਸੀ। ਉਸ ਸਮੇਂ ਦੀ ਰਾਜਨੀਤਕ ਅਤੇ ਸਮਾਜਿਕ ਸਥਿਤੀ ਦੇ ਕਰੂਪ ਚਿਹਰੇ ਅਤੇ

ਇਸ ਪ੍ਰਤੀ ਸਥਾਪਤ ਧਰਮਾਂ ਦੀ ਨਿਰਾਰਥਕ ਉਦਾਸੀਨਤਾ ਅਤੇ ਅਪ੍ਰਸੰਗਿਕਤਾ ਬਾਰੇ ਗੁਰੂ ਨਾਨਕ ਦਾ ਕਾਵਿ-ਬਿਆਨ ਦੇਖੋ:

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ।
ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ।
ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ।
ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ।
ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ।
ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ।
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ।

ਗੁਰੂ ਜੀ ਅਜੇ ਭਾਈ ਲਾਲੋ ਕੋਲ ਹੀ ਠਹਿਰੇ ਹੋਏ ਸਨ ਜਦ ਬਾਬਰ ਦੀਆਂ ਫੌਜਾਂ ਨੇ ਏਮਨਾਬਾਦ ਸ਼ਹਿਰ ਤੇ ਹਮਲਾ ਕੀਤਾ। ਹਾਕਮਾਂ ਦੇ ਅਣਮਨੁੱਖੀ ਵਤੀਰੇ ਨੂੰ ਗੁਰੂ ਸਾਹਿਬ ਨੇ ਅੱਖੀਂ ਡਿੱਠਾ। 52 ਸਾਲਾਂ ਦੇ ਗੁਰੂ ਨਾਨਕ ਇਸ ਕਹਿਰ ਨੂੰ ਦੇਖ ਕੇ ਵਿਦਰੋਹੀ ਸੁਰ ਵਿਚ ਰੱਬ ਨੂੰ ਸੰਬੋਧਿਤ ਹੋਏ:

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ।
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ।
ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ।

ਗੁਰੂ ਸਾਹਿਬਾਨਾਂ ਵਿਚੋਂ ਗੁਰੂ ਅਮਰਦਾਸ ਜੀ ਸਭ ਤੋਂ ਵੱਧ ਉਮਰ (95 ਸਾਲ) ਦੇ ਹੋਏ ਹਨ। ਵਡੇਰੀ ਉਮਰ ਵਿਚ ਹੀ ਆਪ ਨੇ ਗੁਰੂ ਪਦਵੀ ਧਾਰਨ ਕੀਤੀ ਸੀ। ਪਰ ਆਪ ਦਾ ਫੁਰਮਾਨ ਹੈ:

ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਹਾ ਅੰਤਰਿ ਸੁਰਤਿ ਗਿਆਨੁ।
ਸਦਾ ਸਦਾ ਹਰਿ ਗੁਣ ਰਵਹਿ ਅੰਤਰਿ ਸਹਜ ਧਿਆਨੁ।

ਪਰ ਅਸੀਂ ਗੁਰੂ ਨਾਨਕ ਸਾਹਿਬ ਨੂੰ ਇਕ ਬੁੱਢੇ ਦੇ ਰੂਪ ਵਿਚ ਚਿਤਵ ਕੇ ਅੰਧੀ ਰਯਤਿ ਗਿਆਨ ਵਿਹੂਣੀ ਹੋਣ ਦਾ ਪ੍ਰਮਾਣ ਦੇ ਰਹੇ ਹਾਂ। ਗੁਰੂ ਗੋਬਿੰਦ ਸਿੰਘ ਜੀ ਦੀ ਕੁਲ ਉਮਰ 42 ਸਾਲ ਦੀ ਹੋਈ ਹੈ। ਸਾਡੇ ਮਨਾਂ ਵਿਚ ਉਹਨਾਂ ਦਾ ਇਕ ਨੌਜਵਾਨ ਸੂਰਬੀਰ ਵਾਲਾ ਤਸੱਵਰ ਹੈ। ਇਹ ਉਹਨਾਂ ਦੀ ਕੁਰਬਾਨੀ ਦੇ ਨਾਲ ਨਾਲ ਨੌਜਵਾਨੀ ਦੀ ਸ਼ਕਤੀ ਹੈ ਕਿ ਉਹਨਾਂ ਦੁਆਰਾ ਬਖਸ਼ੇ ਗਏ ਸਰੂਪ ਦੀ ਚਰਚਾ ਹੁੰਦੀ ਹੈ। ਇਸ ਸਰੂਪ ਦੇ ਧਾਰਨੀ ਗੌਰਵ ਮਹਿਸੂਸ ਕਰਦੇ ਹਨ। ਇਸ ਸਰੂਪ ਨੂੰ ਢਾਹ ਲੱਗਣ ਨੂੰ ਹੀ ਸਿੱਖੀ ਨੂੰ ਵੱਡਾ ਖਤਰਾ ਮੰਨਿਆਂ ਜਾਣ ਲੱਗਿਆ ਹੈ। ਨਤੀਜੇ ਵਜੋਂ 'ਪੰਥ ਦਰਦੀ' ਪਤਿਤਪੁਣੇ ਨੂੰ ਠੱਲਣ ਦੀਆਂ ਵਿਉਂਤਾਂ ਘੜਦੇ ਹਨ ਅਤੇ ਪ੍ਰਚਾਰ ਲਈ ਪੈਸਾ ਖਰਚਿਆ ਜਾਂਦਾ ਹੈ। ਪਰ ਸਿੱਖੀ ਦੇ ਮੁੱਢਲੇ ਸਿਧਾਂਤਕਾਰ ਗੁਰੂ ਨਾਨਕ ਨੇ ਜਿਸ ਤਰ੍ਹਾਂ ਦੇ ਆਚਾਰ ਅਤੇ

ਵਿਹਾਰ ਨੂੰ ਸੁਚੱਜੇ ਜੀਵਨ ਦੀਆਂ ਜ਼ਰੂਰੀ ਸ਼ਰਤਾਂ ਵਜੋਂ ਨਿਰਧਾਰਤ ਕਰਕੇ ਪ੍ਰਚਾਰਿਆ, ਉਹਨਾਂ ਦੇ ਛਿਪਨ ਹੋਣ ਤੇ ਕੋਈ ਹਾਲ ਪਾਰਿਆ ਨਹੀਂ ਹੋ ਰਹੀ।

ਹੁਣ ਜਦ ਅਸੀਂ ਬੁਢਾਪੇ ਨੂੰ ਸੂਝ, ਸਿਆਣਪ, ਗਿਆਨ ਅਤੇ ਵਡੱਪਣ ਦੀ ਬਜਾਏ ਬੇਵਸੀ, ਕਮਜ਼ੋਰੀ ਅਤੇ ਅਪ੍ਰਸੰਗਿਤਾ ਨਾਲ ਸਬੰਧਤ ਕਰ ਲਿਆ ਹੈ ਤਾਂ ਲੋੜ ਹੈ ਕਿ ਨੁਕਰੇ ਲੱਗੇ ਬਿਰਧ ਨਾਨਕ ਦੀ ਬਜਾਏ ਗੱਭਰੂ ਨਾਨਕ ਨੂੰ ਕੇਂਦਰ ਵਿਚ ਲਿਆਈਏ। ਗੁਰੂ ਨਾਨਕ ਬੁੱਢਿਆਂ ਦੀ ਸ਼ਰਧਾ ਲਈ ਆਸਰੇ ਮਾਤਰ ਨਹੀਂ ਸਗੋਂ ਸੰਸਾਰ ਭਰ ਦੇ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਵੀ ਹੋਣੇ ਚਾਹੀਦੇ ਹਨ। ਜੇ ਅਸੀਂ ਗੁਰੂ ਨਾਨਕ ਦੀ ਵਿਚਾਰਧਾਰਾ ਨੂੰ ਅੱਜ ਵੀ ਪ੍ਰਸੰਗਿਕ ਮੰਨਦੇ ਹਾਂ ਅਤੇ ਉਹਨਾਂ ਦੁਆਰਾ ਪ੍ਰਚਾਰੀ ਗਈ ਜੀਵਨ ਸ਼ੈਲੀ ਨੂੰ ਜਿਉਣ ਜੋਗੀ ਮੰਨਦੇ ਹਾਂ ਤਾਂ ਸਥਾਪਤ ਹੋ ਚੁੱਕੇ ਬਿਰਧ ਨਾਨਕ ਦੇ ਜਾਅਲੀ ਤਸੱਵਰ ਨੂੰ ਬੇਕਿਰਕੀ ਨਾਲ ਤੋੜਨਾ ਪਏਗਾ। ਚਿਤਰਕਾਰਾਂ ਨੂੰ ਬਜ਼ਾਰੂ ਪਹੁੰਚ ਤਿਲਾਂਜ ਕੇ ਇਤਿਹਾਸਕ ਅਤੇ ਸਿਧਾਂਤਕ ਦ੍ਰਿਸ਼ਟੀ ਅਪਨਾਉਣ ਦਾ ਜੇਰਾ ਕਰਨਾ ਪਏਗਾ। ਉਹਨਾਂ ਨੂੰ ਕ੍ਰਾਂਤੀਕਾਰੀ ਨੌਜਵਾਨ ਗੁਰੂ ਨਾਨਕ ਨੂੰ ਲੋਕ ਮਨਾਂ ਵਿੱਚ ਸਥਾਪਤ ਕਰਨ ਲਈ ਸੁੰਦਰਤਾ ਦੇ ਮਿਸਵਰਲਡੀ ਪ੍ਰਤੀਮਾਨਾਂ ਨੂੰ ਤਿਆਗ ਕੇ ਉਹਨਾਂ ਦੀ ਸ਼ਖ਼ਸੀਅਤ ਦੇ ਸੱਚ ਨੂੰ ਖੋਜਣ ਅਤੇ ਪ੍ਰਗਟਾਉਣ ਲਈ ਮਿਹਨਤ ਕਰਨੀ ਪਏਗੀ। ਘਰਾਂ, ਦਫ਼ਤਰਾਂ, ਦੁਕਾਨਾਂ, ਚਿਤਰ ਗੈਲਰੀਆਂ, ਧਾਰਮਿਕ ਅਤੇ ਵਿਦਿਅਕ ਸੰਸਥਾਨਾ ਵਿਚੋਂ ਗੁਰੂ ਨਾਨਕ ਨੂੰ ਬੁੱਢਾ ਦਰਸਾਉਣ ਵਾਲੀਆਂ ਝੂਠੀਆਂ ਅਤੇ ਗੁਮਰਾਹਕੁੰਨ ਤਸਵੀਰਾਂ ਨੂੰ ਉਤਾਰ ਕੇ ਜਲ ਪ੍ਰਵਾਹ ਜਾਂ ਅਗਨ ਭੇਟ ਕਰਨਾ ਪਏਗਾ। ਅਜਿਹੀਆਂ ਤਸਵੀਰਾਂ ਦੇ ਪੋਸਟਰ ਜਾਂ ਕਲੰਡਰ ਛਾਪਣ ਤੇ ਪਾਬੰਦੀ ਲਗਾਉਣੀ ਪਏਗੀ।

# ਗੁਰਮਤਿ ਵਿਚ ਸਮਾਜ ਦਾ ਸਰੂਪ

ਗੁਰਮਤਿ ਦਰਸ਼ਨ ਕੋਈ ਇਕਹਿਰਾ ਇਲਹਾਮ ਜਾਂ ਉਪਦੇਸ਼ ਨਹੀਂ। ਇਹ ਅਜਿਹਾ ਪ੍ਰਵਚਨ ਹੈ ਜਿਸ ਦੀਆਂ ਜੜ੍ਹਾਂ ਸਮੇਂ ਅਤੇ ਸਥਾਨ ਦੇ ਲਿਹਾਜ਼ ਨਾਲ ਬਹੁਤ ਦੂਰ-ਦੂਰ ਤੱਕ ਅਤੇ ਬਹੁਤ ਡੂੰਘੀਆਂ ਫੈਲੀਆਂ ਹੋਈਆਂ ਹਨ। ਜੇ ਗੁਰੂ ਨਾਨਕ ਦੇ ਪ੍ਰਕਾਸ਼ ਵਰ੍ਹੇ ਨੂੰ ਸਮੇਂ ਦਾ ਅਤੇ ਪੰਜਾਬ ਦੀ ਧਰਤੀ ਨੂੰ ਸਥਾਨ ਦਾ ਰੈਫਰੈਂਸ ਬਿੰਦੂ ਮੰਨ ਲਈਏ ਤਾਂ ਅਸੀਂ ਦੇਖ ਸਕਦੇ ਹਾਂ ਕਿ ਗੁਰੂ ਗਰੰਥ ਸਾਹਿਬ ਦੇ ਪਹਿਲੇ ਬਾਣੀਕਾਰਾਂ ਵਿਚੋਂ ਬਾਬਾ ਫਰੀਦ, ਭਗਤ ਜੈਦੇਵ ਅਤੇ ਭਗਤ ਸਧਨਾ ਜੀ ਗੁਰੂ ਨਾਨਕ ਦੇਵ ਜੀ ਤੋਂ ਤਕਰੀਬਨ ਤਿੰਨ ਸਦੀਆਂ ਪਹਿਲਾਂ ਪੈਦਾ ਹੋਏ ਅਤੇ ਆਖਰੀ ਬਾਣੀਕਾਰ ਗੁਰੂ ਤੇਗ ਬਹਾਦਰ ਜੀ ਤਕਰੀਬਨ ਦੋ ਸਦੀਆਂ ਬਾਅਦ ਸ਼ਹੀਦ ਹੋਏ। ਭਗਤ ਜੈਦੇਵ ਜੀ ਭਾਰਤ ਦੇ ਧੁਰ ਪੂਰਬ ਦੇ ਇਲਾਕੇ ਬੰਗਾਲ ਵਿਚ ਆਪਣੀ ਪਤਨੀ ਨਾਲ ਗਾਉਂਦੇ ਸਨ। ਭਗਤ ਪੀਪਾ ਜੀ ਗੁਜਰਾਤ ਦੇ ਦਵਾਰਕਾ ਇਲਾਕੇ ਦਾ ਭਰਮਣ ਕਰਦੇ ਸਨ। ਸਧਨਾ ਜੀ ਸਿੰਧ ਦੇ ਵਾਸੀ ਸਨ। ਨਾਮਦੇਵ ਜੀ, ਤ੍ਰਿਲੋਚਨ ਜੀ ਅਤੇ ਪਰਮਾਨੰਦ ਜੀ ਮਹਾਰਾਸ਼ਟਰ ਨਾਲ ਸਬੰਧਤ ਸਨ। ਬਾਬਾ ਫਰੀਦ ਜੀ ਨੇ ਤੁਰਕੀ ਭਾਵ ਮੱਧ ਏਸ਼ੀਆ ਤੱਕ ਘੁੰਮਦਿਆਂ ਬਾਣੀ ਰਚੀ। ਇਸ ਤਰ੍ਹਾਂ ਗੁਰਮਤਿ ਦਰਸ਼ਨ ਦੀ ਉਤਪਤੀ ਦਾ ਸਥਾਨ ਜਿਥੇ ਏਸ਼ੀਆ ਦੇ ਵੱਡੇ ਖੇਤਰਫਲ ਵਿਚ ਫੈਲਿਆ ਹੋਇਆ ਹੈ ਉਥੇ ਇਸ ਦੇ ਉਦੈ ਅਤੇ ਸੰਯੁਕਤ ਹੋਣ ਦਾ ਸਮਾਂ ਲਗਪਗ ਪੰਜ ਸਦੀਆਂ ਬਣਦਾ ਹੈ। ਸਮੇਂ ਅਤੇ ਸਥਾਨ ਦੀ ਏਨੀ ਵਿਭਿੰਨਤਾ ਦੇ ਨਾਲ-ਨਾਲ ਗੁਰਮਤਿ ਵਿਚਾਰਧਾਰਾ ਦੀ ਉਤਪਤੀ ਕਿਸੇ ਇਕ ਵਰਗ, ਜਾਤ ਜਾਂ ਜਮਾਤ ਵਿਚ ਨਹੀਂ ਹੋਈ। ਇਹ ਬਾਣੀਕਾਰ ਵੱਖ-ਵੱਖ ਕਿੱਤਿਆਂ, ਜਾਤਾਂ ਅਤੇ ਵੰਨ-ਸੁਵੰਨੇ ਸਮਾਜਕ ਪਿਛੋਕੜਾਂ ਵਾਲੇ ਸਨ। ਕੋਈ ਰਾਜ-ਘਰਾਣੇ ਨਾਲ ਸਬੰਧਤ ਸੀ, ਕੋਈ ਬ੍ਰਾਹਮਣ, ਕੋਈ ਖੱਤਰੀ, ਕੋਈ ਜੱਟ, ਕੋਈ ਜੁਲਾਹਾ, ਕੋਈ ਛੀਂਬਾ, ਕੋਈ ਚਮਾਰ, ਕੋਈ ਨਾਈ ਆਦਿ ਸੀ। ਇਸ ਤਰ੍ਹਾਂ ਵੱਖ-ਵੱਖ ਕਿੱਤਿਆਂ, ਖਿੱਤਿਆਂ, ਜਾਤਾਂ ਅਤੇ ਜਮਾਤਾਂ, ਸਮਾਜਾਂ ਅਤੇ ਰਿਵਾਜਾਂ ਨਾਲ ਸਬੰਧਤ ਵਿਭਿੰਨ ਵਕਤਾਂ ਅਤੇ ਵਕਤਿਆਂ ਦੇ ਅਨੁਭਵਾਂ ਅਤੇ ਸੁਪਨਿਆਂ ਦੇ ਅਧਾਰਤ ਵਿਚਾਰਾਂ ਦੀ ਰਗੜ ਅਤੇ ਸੰਯੁਕਤੀ ਨਾਲ ਗੁਰਮਤਿ ਦਰਸ਼ਨ ਜਾਂ ਗੁਰਮਤਿ ਵਿਚਾਰਧਾਰਾ ਗੁਰੂ ਗਰੰਥ ਸਾਹਿਬ ਦੇ ਰੂਪ ਵਿਚ ਸਾਹਮਣੇ ਆਈ ਹੈ।

ਵਿਚਾਰਾਂ ਦੀ ਰਗੜ ਅਤੇ ਸੰਯੁਕਤੀ ਲਈ ਸਾਂਝਾ ਸ਼ਬਦ ਹੈ 'ਸੰਵਾਦ'। ਕਬੀਰ ਜੀ ਨੇ ਦੋ ਸਲੋਕਾਂ ਰਾਹੀਂ ਆਪਣੇ ਤੋਂ ਇਕ ਸਦੀ ਪਹਿਲਾਂ ਪੈਦਾ ਹੋਏ ਦੋ ਬਾਣੀਕਾਰਾਂ

ਭਗਤ ਨਾਮਦੇਵ ਜੀ ਅਤੇ ਭਗਤ ਤ੍ਰਿਲੋਚਨ ਜੀ ਦੇ ਸੰਵਾਦ ਦੇ ਰੂਪ ਵਿਚ ਗੁਰਮਤਿ ਵਿਚਾਰਧਾਰਾ ਦੇ ਦੋ ਬੁਨਿਆਦੀ ਤੱਤਾਂ 'ਕਿਰਤ ਕਰਨ' ਅਤੇ 'ਨਾਮ ਜਪਣ' ਨੂੰ ਸਥਾਪਤ ਕੀਤਾ ਹੈ। ਇਸ ਸਬੰਧੀ ਗੁਰੂ ਗਰੰਥ ਸਾਹਿਬ ਦੇ ਪੰਨਾ 1375 ਦੇ ਅਖੀਰ ਤੇ ਦਰਜ ਪਹਿਲੇ ਸਲੋਕ ਵਿਚ ਭਗਤ ਤ੍ਰਿਲੋਚਨ ਜੀ ਆਪਣੇ ਮਿੱਤਰ ਭਗਤ ਨਾਮਦੇਵ ਜੀ ਨੂੰ ਸੰਬੋਧਤ ਹੋ ਆਖਦੇ ਹਨ ਕਿ ਤੂੰ ਹਮੇਸ਼ਾ ਕੱਪੜੇ ਛਾਪਣ ਦੇ ਆਹਰ ਵਿਚ ਹੀ ਲੱਗਿਆ ਰਹਿੰਦਾ ਹੈਂ, ਤੇਰਾ ਪ੍ਰਮਾਤਮਾ ਵੱਲ ਕੋਈ ਧਿਆਨ ਨਹੀਂ ਹੈ:

ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ ॥
ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ ॥

ਦੂਸਰੇ ਸਲੋਕ ਵਿਚ ਨਾਮਦੇਵ ਜੀ ਵਲੋਂ ਇਸ ਦਾ ਉਤਰ ਦਿੱਤਾ ਗਿਆ ਹੈ:

ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ॥
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥

ਤਿੰਨ ਬਾਣੀਕਾਰਾਂ ਦੇ ਇਸ ਸੰਵਾਦ ਵਿਚ ਕਿਰਤ ਕਰਨ ਅਤੇ ਨਾਮ ਜਪਣ ਦਾ ਮਹਿਜ਼ ਸ਼ਖ਼ਸੀ ਉਪਦੇਸ਼ ਨਹੀਂ ਸਗੋਂ ਅਜਿਹੇ ਸਮਾਜ ਦਾ ਮਾਡਲ ਪ੍ਰਸਤੁਤ ਹੋ ਰਿਹਾ ਹੈ ਜਿਸ ਵਿਚ ਸਭ ਨੇ ਆਪਣੇ ਵਰਤਣ-ਖਰਚਣ ਜੋਗੀ ਹੱਥੀਂ ਕਮਾਈ ਕਰਨੀ ਹੈ। ਹਰੇਕ ਨੇ ਆਪਣੀ ਜ਼ਿੰਦਗੀ ਦੀਆਂ ਜ਼ਰੂਰਤਾਂ ਨੂੰ ਆਪਣੀ ਕਿਰਤ ਨਾਲ ਪੂਰਾ ਕਰਨਾ ਹੈ ਨਾ ਕਿ ਹੋਰਾਂ ਦੀ ਲੁੱਟ-ਖਸੁੱਟ ਜਾਂ ਸੋਸ਼ਨ ਨਾਲ। ਜ਼ਿੰਦਗੀ ਨੂੰ ਸੋਹਣਾ, ਸੁਹਾਵਨਾ ਅਤੇ ਰੰਗੀਨ ਬਣਾਉਣ ਲਈ ਸਭ ਨੇ ਬਣਦੀ ਜ਼ਿੰਮੇਵਾਰੀ ਨਿਭਾਉਣੀ ਹੈ। ਪਰ ਆਪੋ-ਆਪਣਾ ਕੰਮ-ਧੰਦਾ ਅਤੇ ਰੁਝੇਵਾਂ ਕਿਸੇ ਨੂੰ ਨਿੱਜ-ਮੁਖੀ ਜਾਂ ਕੇਵਲ ਆਪਣੇ-ਆਪ ਦਾ ਫਿਕਰ ਕਰਨ ਜਾਂ ਸੋਚਣ ਵਾਲਾ ਨਾ ਬਣਾਵੇ ਸਗੋਂ ਚਿੱਤ ਨਿਰੰਜਨ ਨਾਲ ਰਹੇ ਭਾਵ ਸਾਂਝੀਵਾਲਤਾ ਦਾ ਖਿਆਲ ਰਹੇ। ਬੰਦੇ ਨੇ ਆਪਣੇ-ਆਪ ਨੂੰ ਜੀਵ ਤੇ ਤੌਰ ਤੇ ਪੂਰੀ ਸ੍ਰਿਸ਼ਟੀ ਦਾ ਅਤੇ ਮਨੁੱਖ ਦੇ ਤੌਰ ਤੇ ਮਾਨਵੀ ਸਮਾਜ ਦਾ ਅੰਗ ਸਮਝਣਾ ਹੈ। ਗੁਰਮਤਿ ਵਿਚ ਦ੍ਰਿੜ ਕਰਾਏ ਗਏ ਇਸ 'ਇਕ ਨਿਰੰਜਨ' ਦੇ ਸੰਕਲਪ ਨੂੰ ਅਸੀਂ ਕੇਵਲ ਅਧਿਆਤਮਕ ਦ੍ਰਿਸ਼ਟੀ ਤੋਂ ਹੀ ਵਿਚਾਰਦੇ ਰਹੇ ਹਾਂ, ਇਸ ਦੇ ਮਹੱਤਵ ਨੂੰ ਸਮਾਜਿਕ ਦ੍ਰਿਸ਼ਟੀ ਤੋਂ ਸਮਝਣਾ, ਵਿਚਾਰਨਾ ਅਤੇ ਮੰਨਣਾ ਵੀ ਬਹੁਤ ਜ਼ਰੂਰੀ ਹੈ।

ਗੁਰਮਤਿ ਦਰਸ਼ਨ ਸਮਾਜ ਨਾਲ ਗਹਿਰੀ ਤਰ੍ਹਾਂ ਜੁੜੇ ਹੋਏ, ਸਮਾਜ ਨੂੰ ਸਮਝਣ ਅਤੇ ਸੁਪਨਣ ਵਾਲੇ ਬਾਣੀਕਾਰਾਂ ਦੇ ਵਿਚਾਰਾਂ ਦੇ ਸੰਵਾਦ ਨਾਲ ਪੈਦਾ ਹੋਇਆ ਹੈ। ਇਸ ਲਈ ਨਵੀਂ ਤਰ੍ਹਾਂ ਦੇ ਸਮਾਜ ਦੀ ਸਿਰਜਨਾ ਇਸ ਦਾ ਮੂਲ ਸਰੋਕਾਰ ਬਣਦਾ ਹੈ। ਜੋ ਲੋਕ ਸਮਾਜ ਦੇ ਚਲਨ-ਵਿਚਰਨ, ਆਚਾਰ-ਵਿਹਾਰ, ਮੁੱਲ-ਪ੍ਰਬੰਧ ਨੂੰ ਵੱਡੇ ਪੱਧਰ ਤੇ ਰੁਪਾਂਤਰ ਕਰਨਾ ਚਾਹੁੰਦੇ ਹੋਣ ਭਾਵ ਸਮਾਜ ਦੀ ਤਾਸੀਰ ਬਦਲਨਾ ਲੋੜਦੇ ਹੋਣ ਉਹਨਾਂ ਲਈ ਲੋਕਾਈ ਦੀਆਂ ਸਮੂਹਿਕ ਮਨੌਤਾਂ, ਰਵਾਇਤਾਂ, ਧਾਰਨਾਵਾਂ ਆਦਿ ਨੂੰ ਵਿਸਥਾਪਤ ਕਰਨਾ ਲਾਜ਼ਮੀ ਹੁੰਦਾ ਹੈ। ਲੋਕਾਈ ਨੇ ਰਾਜੇ, ਬ੍ਰਾਹਮਣ ਅਤੇ ਦੇਵੀ-ਦੇਵਤਿਆਂ ਦੀ

ਸੱਤਾ ਨੂੰ ਅਟੱਲ ਸਚਾਈ ਵਾਂਗ ਮੰਨਿਆਂ ਹੋਇਆ ਸੀ। ਲੋਕਾਂ ਦਾ ਵਿਸ਼ਵਾਸ ਸੀ ਕਿ ਰਾਜੇ ਨੂੰ ਰੱਬ ਜਾਂ ਦੇਵਤਿਆਂ ਵਲੋਂ ਲੋਕਾਂ ਤੇ ਰਾਜ ਕਰਨ ਦਾ ਅਧਿਕਾਰ, ਜਿਸ ਵਿਚ ਜ਼ੁਲਮ ਕਰਨ ਦਾ ਅਧਿਕਾਰ ਵੀ ਸ਼ਾਮਲ ਹੈ, ਪ੍ਰਾਪਤ ਹੈ। ਬ੍ਰਾਹਮਣ ਨੂੰ ਉਸ ਦੀ ਜਾਤ ਕਾਰਨ ਸਮਾਜ 'ਤੇ ਚੌਧਰ ਦਾ ਅਧਿਕਾਰ ਹੈ। ਲੋਕਾਂ ਦੇ ਦੁੱਖ-ਸੁੱਖ, ਅਮੀਰੀ-ਗਰੀਬੀ, ਖੁਸ਼ੀ-ਗ਼ਮੀ, ਬਿਮਾਰੀ-ਤੰਦਰੁਸਤੀ, ਤਰੱਕੀ-ਬਰਬਾਦੀ ਆਦਿ ਸਭ ਦੇਵੀ ਦੇਵਤੇ ਨਿਰਧਾਰਤ ਕਰਦੇ ਹਨ। ਗੁਰਮਤਿ ਦਰਸ਼ਨ ਜਾਂ ਵਿਚਾਰਧਾਰਾ ਨੇ ਇਹਨਾਂ ਤਿੰਨਾਂ ਭਾਵ ਰਾਜੇ, ਬ੍ਰਾਹਮਣ ਅਤੇ ਦੇਵੀ-ਦੇਵਤਿਆਂ ਦੀ ਸੱਤਾ ਨੂੰ ਸਾਂਝੀਵਾਲਤਾ ਦੀ ਦੁਸ਼ਮਨ ਤਸਲੀਮ ਕੀਤਾ। ਬਾਣੀਕਾਰਾਂ ਨੇ ਇਕ ਨਿਰੰਕਾਰ ਦੀ ਸੱਤਾ ਸਥਾਪਤ ਕਰਕੇ ਇਹਨਾਂ ਤਿੰਨਾਂ ਦੀ ਸੱਤਾ ਨੂੰ ਮਿੱਟੀ 'ਚ ਮਿਲਾਉਣ ਦਾ ਕਾਰਜ ਆਰੰਭ ਕੀਤਾ। ਇਸ ਇੱਕ ਦੇ ਆਵਾਜ਼ੇ ਨਾਲ ਸਭ ਦੇਵੀ ਦੇਵਤਿਆਂ ਦੀ ਸੱਤਾ ਨੂੰ ਇਸ ਪਰਮ-ਸੱਤਾ ਵਿਚ ਵਲੀਨ ਕਰ ਦਿੱਤਾ। ਪਰਮ ਸੱਤਾ ਦੇ ਮੰਨੇ ਜਾਂਦੇ ਤਿੰਨ ਅੰਗਾਂ ਬ੍ਰਹਮਾਂ ਵਿਸ਼ਨੂੰ ਮਹੇਸ਼ ਨੂੰ ਵੀ ਅਲਹਿਲਾ ਅਲਹਿਲਾ ਨਹੀਂ ਰਹਿਣ ਦਿੱਤਾ। ਇਸ ਸਬੰਧੀ ਇਕੱਲੇ ਕਬੀਰ ਸਾਹਿਬ ਦੀਆਂ ਕੁਝ ਤੁਕਾਂ ਹੀ ਦੇਖ ਲੈਂਦੇ ਹਾਂ:

> ਨਾ ਓਹੁ ਬਢੈ ਨ ਘਟਤਾ ਜਾਇ॥
> ਅਕੁਲ **ਨਿਰੰਜਨ ਏਕੈ** ਭਾਇ॥ (343)
> ਤੀਨਿ ਦੇਵ **ਏਕ** ਸੰਗਿ ਲਾਇ॥ (344)
> ਸਰਬ ਭੂਤ **ਏਕੈ** ਕਰਿ ਜਾਨਿਆ ਚੂਕੇ ਬਾਦ ਬਿਬਾਦਾ॥ (483)
> ਪੂਜਹੁ ਰਾਮੁ **ਏਕੁ** ਹੀ ਦੇਵਾ॥ (484)
> ਕੇਵਲ ਨਾਮੁ ਜਪਹੁ ਰੇ ਪ੍ਰਾਨੀ ਪਰਹੁ **ਏਕ** ਕੀ ਸਰਨਾਂ॥ (692)

ਗੁਰੂ ਗਰੰਥ ਸਾਹਿਬ ਦੀ ਬਾਣੀ ਦਾ ਆਰੰਭ ਓਅੰਕਾਰ ਦੇ ਅੱਗੇ ਏਕਾ ਲਗਾ ਕੇ ਪੂਰੀ ਸ੍ਰਿਸ਼ਟੀ ਅੰਦਰ ਉਸ ਦੀ ਇਕਲੌਤੀ ਸੱਤਾ ਦੇ ਐਲਾਨ ਨਾਲ ਹੁੰਦਾ ਹੈ। ਇਹ ਇਕ ਓਅੰਕਾਰ ਨਿਰੰਕਾਰ ਹੈ, ਪਾਰ-ਭੌਤਿਕ ਹੈ, ਬੇਅੰਤ ਹੈ, ਸਭ ਦਾ ਮਾਲਕ ਵੀ ਹੈ, ਸਭ ਵਿਚ ਬਰਾਬਰ ਦਾ ਰਸਿਆ ਵਸਿਆ ਵੀ ਹੈ। ਇਸ ਕੇਂਦਰੀ ਸੱਤਾ ਨਾਲ ਸਭ ਦਾ ਬਰਾਬਰੀ ਵਾਲਾ ਸਬੰਧ ਹੈ। ਸਭ ਉਸ ਦੀ ਕਿਰਪਾ ਅਤੇ ਪਿਆਰ ਦੇ ਬਰਾਬਰ ਦੇ ਪਾਤਰ ਹਨ। ਉਹ ਆਪ ਨਿਰਭਉ, ਨਿਰਵੈਰ ਅਤੇ ਕਰਤਾ ਹੈ। ਉਸ ਦੇ ਸਾਰੇ ਧੀਆਂ ਪੁੱਤਰ ਵੀ ਨਿਰਭਉ, ਨਿਰਵੈਰ ਅਤੇ ਸਿਰਜਕ ਹੋਣੇ ਚਾਹੀਦੇ ਹਨ। ਕਿਸੇ ਦਾ ਕਿਸੇ ਨਾਲ ਸੱਤਾ ਪ੍ਰਾਪਤੀ ਜਾਂ ਸੱਤਾ ਦੀ ਊਚ-ਨੀਚ ਕਰਕੇ ਵੈਰ-ਵਿਰੋਧ ਨਹੀਂ ਹੋ ਸਕਦਾ ਜਾਂ ਹੋਣਾ ਚਾਹੀਦਾ:

> **ਏਕ ਅਨੇਕ ਬਿਆਪਕ** ਪੂਰਕ ਜਤ ਦੇਖਉ ਤਤ ਸੋਈ॥ (485, ਨਾਮਦੇਵ ਜੀ)
> ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ॥
> (485, ਨਾਮਦੇਵ ਜੀ)

**ਸਰਬੇ ਏਕੁ ਅਨੇਕੈ** ਸੁਆਮੀ ਸਭ ਘਟ ਭੁੋਗਵੈ ਸੋਈ॥ (658, ਰਵਿਦਾਸ ਜੀ)
ਜੀਉ **ਏਕੁ ਅਰੁ ਸਗਲ** ਸਰੀਰਾ॥ (330, ਕਬੀਰ ਜੀ)
**ਏਕ ਅਨੇਕ ਹੋਇ** ਰਹਿਓ ਸਗਲ ਮਹਿ ਅਬ ਕੈਸੇ ਭਰਮਾਵਹੁ॥
(1104, ਕਬੀਰ ਜੀ)

ਓਅੰਕਾਰ ਦੀ ਇਕਲੌਤੀ ਸੱਤਾ ਸਭ ਅੰਦਰ ਬਰਾਬਰ ਵਿਦਮਾਨ ਹੈ। ਸਭ ਅੰਦਰ ਉਸ ਦੀ ਮੌਜੂਦਗੀ ਕਾਰਨ ਸਭ ਬਰਾਬਰ ਦੇ ਸੱਤਾਵਾਨ ਹਨ। ਇਸ ਤਰ੍ਹਾਂ ਜਿਥੇ ਨਿਰੰਜਨ ਜਾਂ ਓਅੰਕਾਰ ਦੀ ਇਕਲੌਤੀ ਹਸਤੀ ਨਾਲ ਸੱਤਾ ਦਾ ਕੇਂਦਰੀਕਰਨ ਕੀਤਾ ਗਿਆ ਉਥੇ ਇਸ ਦੇ ਘਟ ਘਟ ਅੰਤਰ ਸਰਬ ਨਿਰੰਤਰ ਹੋਣ ਨਾਲ ਇਸ ਸੱਤਾ ਨੂੰ ਸਭਨਾਂ ਦਰਮਿਆਨ ਬਰਾਬਰ ਵਰਤਾਅ ਕੇ ਸੱਤਾ ਦਾ ਵਿਆਪਕ ਅਤੇ ਇਕਸਾਰ ਵਿਕੇਂਦਰੀਕਰਨ ਕੀਤਾ ਗਿਆ। ਇਸ ਤਰ੍ਹਾਂ ਜਿਥੇ ੧ੴ ਦੇ ਅੱਗੇ ਲੱਗਿਆ ਏਕਾ ਨਿਰੰਕਾਰ ਦੀ ਇਕਲੌਤੀ ਸੱਤਾ ਦਾ ਚਿੰਨ੍ਹ ਹੈ ਉਥੇ ਇਹ ਮਨੁੱਖੀ ਸਮਾਜ ਅੰਦਰ ਏਕਤਾ, ਇਕਸੁਰਤਾ ਅਤੇ ਸਾਂਝੀਵਾਲਤਾ ਦਾ ਵੀ ਲਿਖਾਇਕ ਹੈ:

ਸਭੁ ਕੋ ਆਸੈ ਤੇਰੀ ਬੈਠਾ॥ ਘਟ ਘਟ ਅੰਤਰਿ ਤੂੰਹੈ ਵੁਠਾ॥
ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥
(97, ਮ. 5)

ਅਜਿਹੇ ਸਾਂਝੀਵਾਲਤਾ ਵਾਲੇ ਸਮਾਜ ਦੇ ਲੋਕ ਸੰਪੂਰਨ ਸੁਤੰਤਰ ਹਨ, ਬਰਾਬਰ ਦੇ ਸੱਤਾਵਾਨ ਹਨ, ਕਿਸੇ ਰਾਜੇ ਦੇ ਅਧੀਨ ਨਹੀਂ ਹਨ। ਗੁਰਮਤਿ ਵਲੋਂ ਰਾਜੇ, ਰਾਣਿਆਂ, ਖਾਨਾਂ, ਨਬਾਬਾਂ ਦੀ ਸੱਤਾ ਨੂੰ ਤਾਂ ਨਿਰਾਥਕ ਦੱਸਿਆ ਗਿਆ। ਉਹਨਾਂ ਦੇ ਹੁਕਮਾਂ-ਹਦਾਇਤਾਂ ਨੂੰ ਝੂਠੀ ਅਬਾ-ਤਬਾ ਕਹਿ ਕੇ ਖਿੱਲੀ ਉਡਾਈ ਗਈ:

ਖਾਨੁ ਮਲੂਕੁ ਕਹਾਵਉ ਰਾਜਾ॥ ਅਬੇ ਤਬੇ ਕੂੜੇ ਹੈ ਪਾਜਾ॥ (225, ਮ. 1)

ਕਬੀਰ ਜੀ ਨੇ ਉਹਨਾਂ ਦੇ ਰੋਹਬ, ਸ਼ਕਤੀ ਆਦਿ ਸਭ ਨੂੰ ਪਰਮਾਤਮਾ ਦੀ ਹਸਤੀ ਸਾਹਮਣੇ ਨਿਗੂਣੇ ਕਿਹਾ। ਇਹਨਾਂ 'ਹੁਕਮਰਾਨਾਂ' ਨੂੰ ਪ੍ਰਮਾਤਮਾ ਦੀ ਹਸਤੀ ਜਾਂ ਸੱਤਾ ਨਾਲ ਤੁਲਨਾਉਣਯੋਗ ਵੀ ਨਹੀਂ ਸਮਝਿਆ ਗਿਆ:

ਤੁਮ ਘਰਿ ਲਾਖ ਕੋਟਿ ਅਸ੍ਵ ਹਸਤੀ ਹਮ ਘਰਿ ਏਕੁ ਮੁਰਾਰੀ॥ (336)
ਤੀਨਿ ਭਵਨ ਮਹਿ ਏਕੋ ਜੋਗੀ ਕਹਹੁ ਕਵਨੁ ਹੈ ਰਾਜਾ॥ (92)
ਕੋਊ ਹਰਿ ਸਮਾਨਿ ਨਹੀ ਰਾਜਾ॥
ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥ (856)

ਕਬੀਰ ਜੀ ਤੋਂ ਮਗਰਲੇ ਬਾਣੀਕਾਰਾਂ ਨੇ ਵੀ ਕੇਵਲ ਪ੍ਰਮਾਤਮਾ ਦੇ ਸੱਤਾਵਾਨ ਹੋਣ ਦੇ ਵਿਚਾਰ ਨੂੰ ਕਈ ਵਾਰ ਦੁਹਰਾ ਕੇ ਪੁਸ਼ਟ ਕੀਤਾ:

ੜਾੜੈ ਰੂੜਾ ਹਰਿ ਜੀਉ ਸੋਈ॥
ਤਿਸੁ ਬਿਨੁ ਰਾਜਾ ਅਵਰੁ ਨ ਕੋਈ॥ (936, ਮ. 1)

ਤਿਸੁ ਬਿਨੁ ਅਵਰੁ ਨ ਕੋਈ ਰਾਜਾ
ਕਰਿ ਤਪਾਵਸੁ ਬਣਤ ਬਣਾਈ॥ (912, ਮ. 3)

ਸਭ ਨਗਰੀ ਮਹਿ ਏਕੋ ਰਾਜਾ ਸਭੇ ਪਵਿਤੁ ਹਹਿ ਥਾਵਾ॥ (993, ਮ. 3)

ਇਸ ਤਰ੍ਹਾਂ ਇਹਨਾਂ ਰਾਜਿਆਂ ਨੂੰ ਸਥਾਪਤ ਸੱਤਾ ਤੋਂ ਹੇਠਾਂ ਖਿੱਚ ਕੇ ਆਮ ਬੰਦੇ ਦੀ ਪੱਧਰ ਤੇ ਲਿਆਂਦਾ ਗਿਆ ਜਾਂ ਆਮ ਬੰਦੇ ਨੂੰ ਰਾਜਿਆਂ ਬਰਾਬਰ ਹੋਣ ਦਾ ਵਿਸ਼ਵਾਸ ਦਿੱਤਾ ਗਿਆ:

ਤੈਸਾ ਰੰਕੁ ਤੈਸਾ ਰਾਜਾਨੁ॥ (275, ਮ. 5)

ਅਸਲ ਰਾਜਾ ਤਾਂ ਸਿਰਫ ਸਭੈ ਘਟ ਬੋਲਣ ਵਾਲੇ ਰਾਮ ਨੂੰ ਕਿਹਾ ਗਿਆ:

ਅਬ ਮੋ ਕਉ ਭਏ **ਰਾਜਾ ਰਾਮ** ਸਹਾਈ॥ (331, ਕਬੀਰ ਜੀ)

ਕਹਿ ਕਬੀਰ **ਰਾਜਾ ਰਾਮ** ਨ ਛੋਡਉ
ਸਗਲ ਊਚ ਤੇ ਊਚਾ॥ (338, ਕਬੀਰ ਜੀ)

ਤੁਮ ਸਰਨਾਗਤਿ **ਰਾਜਾ ਰਾਮ** ਚੰਦ ਕਹਿ ਰਵਿਦਾਸ ਚਮਾਰਾ॥
(659, ਰਵਿਦਾਸ ਜੀ)

ਕਹੈ ਰਵਿਦਾਸੁ ਇਕ ਬੇਨਤੀ ਹਰਿ ਸਿਉ
ਪੈਜ ਰਾਖਹੁ **ਰਾਜਾ ਰਾਮ** ਮੇਰੀ॥ (694, ਰਵਿਦਾਸ ਜੀ)

ਮੰਗਲਾ ਹਰਿ ਮੰਗਲਾ॥
ਨਿਤ ਮੰਗਲੁ **ਰਾਜਾ ਰਾਮ** ਰਾਇ ਕੋ॥ (695, ਸੈਣ ਜੀ)

**ਰਾਜਾ ਰਾਮ** ਜਪਤ ਕੋ ਕੋ ਨ ਤਰਿਓ॥ (1105, ਨਾਮਦੇਵ ਜੀ)

ਇਸ ਤਰ੍ਹਾਂ ਗੁਰਮਤਿ ਵਿਚਾਰਧਾਰਾ ਨੇ ਆਮ ਬੰਦੇ ਨੂੰ ਆਪਣੇ-ਆਪ ਦਾ ਰਾਜਾ ਹੋਣ ਦਾ ਗੌਰਵ ਪ੍ਰਦਾਨ ਕੀਤਾ ਅਤੇ ਰਾਜੇ ਦੇ ਅਧਿਕਾਰਾਂ ਨੂੰ ਖਤਮ ਕਰਕੇ ਰਾਜ ਸੱਤਾ ਸਿਰਫ ਇਕ ਨਿਰੰਜਨ ਦੀ ਮੰਨੀ ਗਈ ਜਿਸ ਵਿਚ ਸਭ ਬਰਾਬਰ ਦੇ ਹਿੱਸੇਦਾਰ ਹਨ।

ਸੱਤਾ ਸਿਰਫ ਰਾਜਿਆਂ ਕੋਲ ਜਾਂ ਰਾਜਧਾਨੀਆਂ ਵਿਚ ਹੀ ਕੇਂਦਰਤ ਨਹੀਂ ਹੁੰਦੀ। ਸਮਾਜ ਦੀ ਇਕਾਈ ਪਰਿਵਾਰ ਵਿਚ ਸੱਤਾ ਪੁਰਸ਼ਾਂ ਦੇ ਹੱਥ ਹੁੰਦੀ ਹੈ। ਪਰਿਵਾਰ ਨਾਲ ਸਬੰਧਤ ਫੈਸਲੇ ਸਿਰਫ ਪੁਰਸ਼ ਕਰਦੇ ਹਨ। ਔਰਤਾਂ ਅਤੇ ਬੱਚੇ ਉਹਨਾਂ ਦੀ ਪਰਜਾ ਹੁੰਦੇ ਹਨ। ਪਰਿਵਾਰ ਦਾ ਪੁਰਸ਼ ਮੁਖੀ ਕੇਵਲ ਆਪਣੀ ਪਤਨੀ ਜਾਂ ਨੂੰਹਾਂ, ਧੀਆਂ, ਭੈਣਾਂ, ਭਰਜਾਈਆਂ ਦਾ ਹੀ ਹੁਕਮਰਾਨ ਨਹੀਂ ਹੁੰਦਾ ਸਗੋਂ ਉਸ ਦੀ ਮਾਂ ਵੀ ਸਿੱਧੇ ਜਾਂ ਅਸਿੱਧੇ ਰੂਪ ਵਿਚ ਉਸ ਦੀ ਮਰਜ਼ੀ ਦੀ ਗੁਲਾਮ ਹੁੰਦੀ ਹੈ। ਗੁਰਮਤਿ ਨੇ ਕੇਵਲ ਪ੍ਰਮਾਤਮਾ ਨੂੰ ਇਕੋ ਇਕ ਸੱਚਾ ਪੁਰਸ਼ ਕਹਿ ਕੇ ਅਤੇ ਸਭ ਜੀਵਾਂ ਨੂੰ ਬਰਾਬਰ ਦੀਆਂ ਇਸਤਰੀਆਂ ਆਖ ਕੇ ਸਮਾਜ ਵਿਚੋਂ ਪੁਰਸ਼ਾਂ ਦੀ ਸੱਤਾ ਨੂੰ ਮਲੀਆਮੇਟ ਕਰਨ ਦਾ ਯਤਨ ਕੀਤਾ।

ਇਸ ਇਕੋ ਸੱਚੇ ਪੁਰਸ਼ ਦੀ ਪੁਰਸ਼ਈ ਸੱਤਾ ਵੀ ਸਾਰਿਆਂ ਅੰਦਰ ਬਰਾਬਰ ਵਿਦਮਾਨ ਹੈ। ਭਾਵ ਜੋ ਸੱਤਾ ਪੁਰਸ਼ ਨੂੰ ਪਰਿਵਾਰ ਜਾਂ ਸਮਾਜ ਵਿਚ ਪੁਰਸ਼ ਹੋਣ ਕਾਰਨ ਪ੍ਰਾਪਤ ਹੈ ਉਹ ਦੀਆਂ ਇਸਤਰੀਆਂ ਵੀ ਬਰਾਬਰ ਦੀਆਂ ਹੱਕਦਾਰ ਹਨ। ਜੋ ਪਰਿਵਾਰਕ ਜਾਂ ਸਮਾਜਕ ਜ਼ਿੰਮੇਵਾਰੀਆਂ ਇਸਤਰੀ ਨੂੰ ਇਸਤਰੀ ਹੋਣ ਕਰਕੇ ਨਿਭਾਉਣੀਆਂ ਪੈਂਦੀਆਂ ਹਨ ਉਹ ਮਰਦ ਦੁਆਰਾ ਵੀ ਨਿਭਾਈਆਂ ਜਾਣੀਆਂ ਬਣਦੀਆਂ ਹਨ:

**ਨਾਰੀ ਪੁਰਖ** ਸਬਾਈ ਲੋਇ॥ (223, ਮ. 1)
**ਸਤਿ ਪੁਰਖ** ਤੇ ਭਿੰਨ ਨ ਕੋਊ॥ (250, ਮ. 5)

ਨਾਨਕ ਤੁਮਰੀ ਸਰਨਿ **ਪੁਰਖ ਭਗਵਾਨ**॥ (290, ਮ. 5)
ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ
ਜੀ ਹਰਿ **ਏਕੋ ਪੁਰਖੁ** ਸਮਾਣਾ॥ (11, 348, ਮ. 4)

ਕਹਿ ਕਬੀਰ ਮੋਹਿ ਬਿਆਹਿ ਚਲੇ ਹੈ
ਪੁਰਖ **ਏਕ ਭਗਵਾਨਾ**॥ (482, ਕਬੀਰ ਜੀ)

ਇਸੁ ਜਗ ਮਹਿ **ਪੁਰਖੁ ਏਕੁ** ਹੈ
ਹੋਰ ਸਗਲੀ ਨਾਰਿ ਸਬਾਈ॥ (591, ਮ. 3)

ਸਭਿ ਘਟ ਆਪੇ ਭੋਗਵੈ ਪਿਆਰਾ
ਵਿਚਿ **ਨਾਰੀ ਪੁਰਖ ਸਭੁ** ਸੋਇ॥ (605, ਮ. 4)

ਪੁਰਸ਼ ਦੀ ਸੱਤਾ ਨੂੰ ਤੋੜਨ ਲਈ ਦੂਸਰੇ ਕੋਨ ਤੋਂ ਵੀ ਸੱਟ ਮਾਰੀ ਗਈ। ਪ੍ਰਚਲਤ ਸਮਾਜੀ ਨਿਯਮ ਅਨੁਸਾਰ ਪੁਰਸ਼ ਪਿਤਾ ਦੇ ਰੂਪ ਵਿਚ ਵੀ ਸੱਤਾ-ਕੇਂਦਰ ਹੈ। ਬੱਚੇ ਉਸ ਦੇ ਅਧੀਨ ਹਨ। ਗੁਰਮਤਿ ਦਰਸ਼ਨ ਨੇ ਪੁਰਸ਼ਾਂ ਅੰਦਰਲੀ ਪਿਤਾ ਦੇ ਰੂਪ ਵਿਚ ਵਿਦਮਾਨ ਸੱਤਾ ਨੂੰ ਖੋਹ ਕੇ ਉਸ ਦਾ ਵੀ ਪ੍ਰਮਾਤਮਾ ਦੇ ਰੂਪ ਵਿਚ ਕੇਂਦਰੀਕਰਨ ਕੀਤਾ:

ਤੂੰ ਸਾਝਾ ਸਾਹਿਬੁ ਬਾਪੁ ਹਮਾਰਾ॥ (97, ਮ. 5)
ਹਉ ਪੂਤੁ ਤੇਰਾ ਤੂੰ ਬਾਪੁ ਮੇਰਾ॥
ਏਕੈ ਠਾਹਰ ਦੁਹਾ ਬਸੇਰਾ॥ (476, ਕਬੀਰ ਜੀ)

ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥ (611, ਮ. 5)
ਹਮ ਬਾਰਿਕ ਤੁਮ ਪਿਤਾ ਪ੍ਰਭ ਮੇਰੇ
ਜਨ ਨਾਨਕ ਬਖਸਿ ਮਿਲਾਇ॥ (881, ਮ. 4)
ਮੇਰੋ ਬਾਪੁ ਮਾਧਉ ਤੂ ਧਨੁ ਕੇਸੌ ਸਾਂਵਲੀਓ ਬੀਠੁਲਾਇ॥ (988, ਨਾਮਦੇਵ ਜੀ)

ਤੂ ਪਿਤਾ ਸਭਿ ਬਾਰਿਕ ਥਾਰੇ॥
ਜਿਉ ਖੇਲਾਵਹਿ ਤਿਉ ਖੇਲਣਹਾਰੇ॥ (1081, ਮ. 5)

ਪੁਰਾਣੇ ਸਮਾਜੀ ਨਿਯਮ ਮੁਤਾਬਕ ਮਾਤਾ-ਪਿਤਾ ਦੇ ਹੁਕਮਾਂ, ਇਛਾਵਾਂ ਅਤੇ ਸੁਪਨਿਆਂ ਦਾ ਪਾਲਨ ਕਰਨਾ ਬੱਚਿਆਂ ਦਾ ਫਰਜ਼ ਹੈ। ਸੰਤਾਨ ਨੇ ਪੁਰਖਿਆਂ ਦੇ ਕੰਮ-ਧੰਦੇ ਨੂੰ ਅਪਨਾਉਣ ਦੇ ਨਾਲ-ਨਾਲ ਪੁਰਖਿਆਂ ਦੁਆਰਾ ਸਥਾਪਤ ਨਿਯਮਾਂ, ਮਰਿਆਦਾਵਾਂ, ਰਿਵਾਜਾਂ ਨੂੰ ਵੀ ਅੱਗੋਂ ਜਾਰੀ ਰੱਖਣ ਦਾ ਕਰਤਵ ਪਾਲਣਾ ਹੁੰਦਾ ਹੈ। ਗੁਰਮਤਿ ਨੇ ਪ੍ਰਮਾਤਮਾ ਨੂੰ ਸਭ ਦਾ ਮਾਂ-ਬਾਪ ਕਹਿ ਕੇ ਸਮਾਜੀ ਰਿਵਾਜਾਂ ਅਤੇ ਪ੍ਰੰਪਰਾਵਾਂ ਦੀ ਜੜ੍ਹਤਾ ਨੂੰ ਤੋੜਦੇ ਹੋਏ ਸੰਤਾਨ ਨੂੰ ਆਪਣੇ ਕੰਮਾਂ, ਵਿਚਾਰਾਂ, ਵਿਹਾਰਾਂ ਅਤੇ ਵਿਸ਼ਵਾਸਾਂ ਨੂੰ ਨਵਿਆਉਣ ਦੀ ਸੁਤੰਤਰਤਾ ਦਿੰਦੇ ਹੋਏ ਮਾਤਾ-ਪਿਤਾ ਦੀ ਸੱਤਾ ਨੂੰ ਖਤਮ ਕੀਤਾ ਹੈ। ਬਹੁਤ ਸਾਰੇ ਬਾਣੀਕਾਰਾਂ ਨੇ ਇਹ ਗੱਲ ਆਪੋ-ਆਪਣੇ ਢੰਗ ਨਾਲ ਕੀਤੀ ਹੈ, ਪਰ ਅਸੀਂ ਇਕੱਲੇ ਗੁਰੂ ਅਰਜਨ ਸਾਹਿਬ ਦੀਆਂ ਤੁਕਾਂ ਹੀ ਦੇਖ ਲੈਂਦੇ ਹਾਂ:

ਕਾ ਕੀ ਮਾਈ ਕਾ ਕੋ ਬਾਪ॥ ਨਾਮ ਧਾਰੀਕ ਝੂਠੇ ਸਭਿ ਸਾਕ॥ (188)
ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥ (268)
ਆਪਨ ਆਪੁ ਆਪਹਿ ਉਪਾਇਓ॥
ਆਪਹਿ ਬਾਪ ਆਪ ਹੀ ਮਾਇਓ॥ (250)
ਹਾਥ ਦੇਇ ਰਾਖੇ ਜਨ ਅਪਨੇ ਹਰਿ ਹੋਏ ਮਾਈ ਬਾਪ॥ (714)
ਪ੍ਰਭ ਰਖਵਾਲੇ ਮਾਈ ਬਾਪ॥ (1183)
ਨਾਨਕੁ ਬਾਰਿਕੁ ਕਛੂ ਨ ਜਾਨੈ ਰਾਖਨ ਕਉ ਪ੍ਰਭੁ ਮਾਈ ਬਾਪ॥ (1341)
ਭੂਲਹਿ ਚੂਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ॥ (51)

ਜਿਥੇ ਲੋਕਾਂ ਉਤੇ ਰਾਜਸੀ ਚੌਧਰ ਰਾਜੇ ਦੀ, ਪਰਿਵਾਰ ਉਤੇ ਚੌਧਰ ਪੁਰਸ਼ ਦੀ ਅਤੇ ਘਰਾਂ ਵਿਚ ਬੱਚਿਆਂ ਉਤੇ ਚੌਧਰ ਮਾਤਾ-ਪਿਤਾ ਦੀ ਸੀ ਉਥੇ ਸਮਾਜ ਉਤੇ ਸੱਭਿਆਚਾਰਕ ਚੌਧਰ ਅਤੇ ਜਾਂ ਸਮਾਜਕ ਧੌਂਸ ਬ੍ਰਾਹਮਣ ਦੀ ਸੀ। ਗੁਰਮਤਿ ਨੇ ਬ੍ਰਾਹਮਣ ਦੀ ਸਮਾਜਕ ਸੱਤਾ ’ਤੇ ਬਹੁਤ ਜ਼ੋਰਦਾਰ ਹਮਲਾ ਕੀਤਾ। ਬ੍ਰਾਹਮਣ ਨੂੰ ਬਾਕੀ ਲੋਕਾਂ ਵਾਂਗ ਹੀ ਪੈਦਾ ਹੋਇਆ ਅਤੇ ਬਾਕੀ ਲੋਕਾਂ ਵਾਂਗ ਹੀ ਲਹੂ ਮਾਸ ਦਾ ਬਣਿਆਂ ਆਖ ਕੇ ਉਸ ਨੂੰ ਹੋਰਾਂ ਵਾਂਗ ਸਧਾਰਨ ਹੋਣਾ ਯਾਦ ਕਰਾਇਆ ਗਿਆ। ਉਸ ਕੋਲ ਕੇਵਲ ਜਾਤ ਕਾਰਨ ਵਿਸ਼ੇਸ਼ ਅਧਿਕਾਰ ਪ੍ਰਾਪਤ ਹੋਣ ਨੂੰ ਕਬੀਰ ਸਾਹਿਬ ਨੇ ਨਜਾਇਜ਼ ਦੱਸਿਆ:

ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥
ਤਉ ਆਨ ਬਾਟ ਕਾਹੇ ਨਹੀ ਆਇਆ॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ॥
ਹਮ ਕਤ ਲੋਹੂ ਤੁਮ ਕਤ ਦੂਧ॥ (324, ਕਬੀਰ ਜੀ)

ਕਬੀਰ ਸਾਹਿਬ ਵਾਂਗ ਉਹਨਾਂ ਤੋਂ ਮਗਰਲੇ ਬਾਣੀਕਾਰਾਂ ਨੇ ਵੀ ਬ੍ਰਾਹਮਣ ਦੀ ਸੱਤਾ ਤੇ ਲਗਾਤਾਰ ਹਮਲਾ ਜਾਰੀ ਰੱਖਿਆ। ਪਰ ਬ੍ਰਾਹਮਣ ਦਾ ਇਹ ਵਿਰੋਧ ਉਸ ਦੀ

ਜਾਤ ਕਰਕੇ ਨਹੀਂ ਸਗੋਂ ਉਸ ਕੋਲ ਸਮਾਜੀ ਸੱਤਾ ਹੋਣ ਕਰਕੇ ਕੀਤਾ ਗਿਆ। ਉਸ ਦੇ ਗਿਆਨ ਅਤੇ ਵਿਦਿਆ ਕਰਕੇ ਤਾਂ ਉਸ ਦਾ ਆਦਰ ਹੈ। ਜਨਮ ਅਧਾਰਤ ਜਾਤੀ ਦੀ ਬਜਾਏ ਸ਼ੁਭ ਗੁਣ, ਸ਼ੁਭ ਕਰਮ ਅਤੇ ਸ਼ੁਭ ਵਿਚਾਰ ਅਧਾਰਤ ਜਾਤੀ ਨਿਧਾਰਨ ਦੀ ਵਕਾਲਤ ਕਰਦਿਆਂ ਅਸਲ ਬ੍ਰਾਹਮਣ ਨੂੰ ਪੁਨਰ-ਪਰਿਭਾਸ਼ਤ ਕੀਤਾ ਗਿਆ। ਬ੍ਰਾਹਮਣ ਹੋਣ ਦਾ ਮਤਲਬ ਸਮਾਜਕ ਚੌਧਰ, ਧੌਂਸ ਜਾਂ ਸੋਸ਼ਨ ਦੀ ਬਜਾਏ ਵਿਦਿਆ, ਗਿਆਨ, ਸਰਬ ਕਲਿਆਣਕਾਰੀ ਸਿਆਣਪ ਜਾਂ ਅਧਿਆਪਨ ਨਾਲ ਜੋੜਿਆ:

ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥
ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ॥ (324, ਕਬੀਰ ਜੀ)

ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ॥
ਆਪਿ ਤਰੈ ਸਗਲੇ ਕੁਲ ਤਾਰੈ॥ (662, ਮ. 1)

ਸੋ ਬ੍ਰਾਹਮਣੁ ਬ੍ਰਹਮੁ ਜੋ ਬਿੰਦੇ ਹਰਿ ਸੇਤੀ ਰੰਗਿ ਰਾਤਾ॥ (68, ਮ. 3)

ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਕਹੀਐ
ਜਿ ਅਨਦਿਨੁ ਹਰਿ ਲਿਵ ਲਾਏ॥ (512, ਮ. 3)

ਸੋ ਬ੍ਰਾਹਮਣੁ ਭਲਾ ਆਖੀਐ ਜਿ ਬੂਝੈ ਬ੍ਰਹਮੁ ਬੀਚਾਰੁ॥ (1093, ਮ. 3)

ਜਿਥੇ ਜਾਤ ਪਾਤ ਪ੍ਰਬੰਧ ਕਾਰਨ ਭੇਦ ਭਾਵ ਨੂੰ ਖਤਮ ਕਰਨ ਲਈ ਇਸ ਪ੍ਰਬੰਧ ਦੇ ਸਿਖਰਲੇ ਡੰਡੇ ਉਤੇ ਬੈਠੇ ਬ੍ਰਾਹਮਣ ਦੀ ਸੱਤਾ ਨੂੰ ਸਿੱਧਾ ਚੈਲੇਂਜ ਕਰਨਾ ਹੀ ਕਾਫੀ ਨਹੀਂ ਸਮਝਿਆ ਗਿਆ ਸਗੋਂ ਵੱਖ ਵੱਖ ਜਾਤਾਂ ਨਾਲ ਜੋੜੀ ਹੋਈ ਊਚ-ਨੀਚ ਦੀ ਭਾਵਨਾ ਬਹੁਤ ਵੱਡਾ ਸਮਾਜਕ ਵਿਕਾਰ ਜਾਂ ਵਿਗਾੜ ਮੰਨਿਆਂ ਗਿਆ। ਜਾਤ ਪ੍ਰਬੰਧ ਦੀ ਖੜ੍ਹੇ ਰੁਖ ਪਈ ਪੌੜੀ ਨੂੰ ਲੇਟਵੇਂ-ਰੁਖ ਕਰਨ ਲਈ ਕਿਹਾ ਗਿਆ। ਜਾਤ-ਪਾਤ ਨਾਲ ਜੁੜੀ ਉਸ ਸਮਝ ਨੂੰ ਨਕਾਰਿਆ ਗਿਆ ਜੋ ਸਮਾਜ ਅੰਦਰ ਬਰਾਬਰੀ ਅਤੇ ਸਾਂਝੀਵਾਲਤਾ ਦੇ ਭਾਵ ਦੇ ਪ੍ਰਵਾਹ ਵਿਚ ਅੜਿੱਕਾ ਬਣਦੀ ਹੈ:

ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥
ਚਾਰੇ ਵਰਨ ਆਖੈ ਸਭੁ ਕੋਈ॥
ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ॥
ਮਾਟੀ ਏਕ ਸਗਲ ਸੰਸਾਰਾ॥
ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ॥ (1127, ਮ. 3)

ਸਾਂਝੀਵਾਲਤਾ ਅਤੇ ਬਰਾਬਰੀ ਅਧਾਰਤ ਸਮਾਜ ਦੀ ਸਿਰਜਨਾ ਲਈ ਸਭ ਨੂੰ ਵਿਦਿਆ ਦਾ ਬਰਾਬਰ ਅਧਿਕਾਰ ਅਤੇ ਅਵਸਰ ਮਿਲਨਾ ਚਾਹੀਦਾ ਹੈ। ਜਾਤ ਪਾਤ

ਕਾਰਨ ਵਿਦਿਆ ਅਤੇ ਗਿਆਨ ਪ੍ਰਾਪਤੀ ਦਾ ਅਧਿਕਾਰ ਕੇਵਲ ਬ੍ਰਾਹਮਣ ਨੂੰ ਸੀ। ਪਰ ਗੁਰਮਤਿ ਵਿਚਾਰਧਾਰਾ ਅਨੁਸਾਰ ਵਿਦਿਆ ਅਤੇ ਗਿਆਨ ਕੇਵਲ ਕਿਸੇ ਕੁਲੀਨ ਵਰਗ ਲਈ ਹੀ ਨਹੀਂ ਹੈ। ਇਸ ਨੇ ਸਭ ਵਰਗਾਂ, ਜਾਤਾਂ, ਜਮਾਤਾਂ ਦੇ ਲੋਕਾਂ ਨੂੰ ਗਿਆਨ ਦੇ ਬਰਾਬਰ ਦੇ ਅਧਿਕਾਰੀ ਮੰਨਿਆਂ।

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥

(747, ਮ. 5)

ਬਰਾਬਰੀ ਵਾਲੇ ਜਾਂ ਸਾਂਝੀਵਾਲਤਾ ਵਾਲੇ ਸਮਾਜ ਦੇ ਨਿਰਮਾਣ ਅਤੇ ਸੰਚਾਲਨ ਲਈ ਹਰ ਬੰਦੇ ਦਾ ਗਿਆਨੀ ਹੋਣਾ ਜ਼ਰੂਰੀ ਹੈ। ਵਿਦਿਆ ਸਾਰੇ ਲੋਕਾਂ ਲਈ ਹਵਾ ਪਾਣੀ ਵਾਂਗ ਉਪਲਭਦ ਹੋਣੀ ਚਾਹੀਦੀ ਹੈ। ਇਹ ਤਾਂ ਹੀ ਸੰਭਵ ਹੈ ਜੇ ਵਿਦਿਆ ਕੋਈ ਮੰਡੀ ਦੀ ਵਿਕਾਊ ਵਸਤੂ ਨਹੀਂ ਹੋਵੇਗੀ। ਮਾਨਵੀ ਜੀਵਨ ਦੀ ਸੱਚੀ ਸਫਲਤਾ ਅਤੇ ਵਿਕਾਸ ਲਈ ਵਿਦਿਆ ਨੂੰ ਵਪਾਰ ਦੇ ਤਹਿਤ ਵੇਚਣ ਖਰੀਦਣ ਵਾਲਾ ਧੰਦਾ ਨਹੀਂ ਬਣਾਇਆ ਜਾ ਸਕਦਾ:

ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ॥

(1103, ਕਬੀਰ ਜੀ)

ਮਨਮੁਖੁ ਬਿਦਿਆ ਬਿਕ੍ਰਦਾ ਬਿਖੁ ਖਟੇ ਬਿਖੁ ਖਾਇ॥
ਮੂਰਖੁ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ॥ (938, ਮ. 1)

ਖਲਕਤ ਦਾ ਗਿਆਨ ਵਿਹੂਣੀ ਹੋਣਾ ਤਾਂ ਅੰਨ੍ਹਿਆਂ ਦਾ ਹਜੂਮ ਹੋਣ ਬਰਾਬਰ ਹੈ। ਜੇ ਅਗਿਆਨਤਾ ਦਾ ਪਸਾਰਾ ਹੋਵੇ ਤਾਂ ਲੋਕਾਈ ਅੰਦਰ ਜੀਵਨ ਤਰੰਗ ਨਹੀਂ ਹੁੰਦੀ। ਅਜਿਹੇ ਲੋਕਾਂ ਲਈ ਗੀਤ, ਸੰਗੀਤ, ਸ਼ਿੰਗਾਰ ਅਤੇ ਹੋਰ ਕਲਾਵਾਂ ਨਿਰਾਰਥਕ ਹੋ ਜਾਂਦੀਆਂ ਹਨ। ਜੀਵਨ ਲਿਸ਼ਕਾਉਣ ਵਾਲੇ ਸੁੰਦਰਤਾ, ਬਹਾਦਰੀ ਅਤੇ ਚੜ੍ਹਦੀ ਕਲਾ ਵਰਗੇ ਮੂਲ ਤੱਤ ਅਲੋਪ ਹੋ ਜਾਂਦੇ ਹਨ। ਥੋੜ੍ਹੇ ਜਿਹੇ ਚਤਰ ਲੋਕ ਆਪਣੀਆਂ ਚਲਾਕੀਆਂ ਨਾਲ ਲੋਕਾਂ ਨੂੰ ਬੁੱਧੂ ਬਣਾ ਕੇ ਉਹਨਾਂ ਦਾ ਸ਼ੋਸ਼ਣ ਕਰਕੇ ਧੰਨ ਇਕੱਠਾ ਕਰਨ ਦੇ ਆਹਰ ਵਿਚ ਲੱਗ ਜਾਂਦੇ ਹਨ:

ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥
ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ॥
ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ॥
ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ॥ (469, ਮ. 1)

# ਕੁਦਰਤੀ ਵਾਤਾਵਰਨ ਅਤੇ ਗੁਰੂ ਗੋਬਿੰਦ ਸਿੰਘ

ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਇਤਿਹਾਸ ਜਿਥੇ ਹੱਕ, ਸੱਚ, ਨਿਆਂ ਅਤੇ ਬਰਾਬਰੀ ਦੀ ਵਿਵਸਥਾ ਸਥਾਪਤ ਕਰਨ ਲਈ ਸੰਘਰਸ਼ ਅਤੇ ਕੁਰਬਾਨੀ ਦੀ ਲਾਸਾਨੀ ਦਾਸਤਾਨ ਹੈ ਉਥੇ ਇਸ ਦਾ ਸਬੰਧ ਕੁਦਰਤੀ ਵਾਤਾਵਰਨ ਪ੍ਰਤੀ ਲਗਾਓ ਅਤੇ ਮੁਹੱਬਤ ਨਾਲ ਵੀ ਓਨਾ ਹੀ ਗਹਿਰਾ ਅਤੇ ਅਟੁੱਟ ਹੈ। ਸ਼ਸਤਰਾਂ, ਘੋੜਿਆਂ, ਕਿਲਿਆਂ ਅਤੇ ਫੌਜਾਂ ਵਾਂਗ ਰੁੱਖਾਂ, ਬਿਰਖਾਂ, ਪਹਾੜਾਂ, ਨਦੀਆਂ, ਨਾਲਿਆਂ, ਚਸ਼ਮਿਆਂ ਅਤੇ ਹੋਰ ਕੁਦਰਤੀ ਨਜ਼ਾਰਿਆਂ ਅਤੇ ਸਰੋਤਾਂ ਨਾਲ ਉਹਨਾਂ ਦੇ ਜੀਵਨ ਬਿਰਤਾਂਤ ਦਾ ਗੂੜ੍ਹਾ ਰਿਸ਼ਤਾ ਹੈ। ਅੱਜ ਜਦੋਂ ਕੁਦਰਤੀ ਵਾਤਾਵਰਨ ਦਾ ਵਿਗਾੜ ਸਾਡੇ ਲਈ ਸਭ ਤੋਂ ਵੱਡੇ ਖਤਰੇ ਦੇ ਤੌਰ 'ਤੇ ਦਰਪੇਸ਼ ਹੈ ਤਾਂ ਪੌਣ ਪਾਣੀ ਦੀ ਸ਼ੁੱਧੀ ਅਤੇ ਕੁਦਰਤੀ ਵਾਤਾਵਰਨ ਦੀ ਸੰਭਾਲ ਪ੍ਰਤੀ ਆਪਣੀ ਜ਼ਿੰਮੇਵਾਰੀ ਦੇ ਮਹੱਤਵ ਨੂੰ ਜਾਨਣ ਸਮਝਣ ਲਈ ਗੁਰੂ ਸਾਹਿਬ ਦੇ ਜੀਵਨ ਅਤੇ ਇਤਿਹਾਸ ਤੋਂ ਚੋਖੀ ਰੋਸ਼ਨੀ ਮਿਲ ਸਕਦੀ ਹੈ।

ਜਿਥੇ ਗੁਰੂ ਸਾਹਿਬ ਦੇ ਸਮਕਾਲੀ ਭਾਈ ਨੰਦ ਲਾਲ ਨੇ ਗੁਰੂ ਸਾਹਿਬ ਨੂੰ ਬਾਦਸ਼ਾਹ ਦਰਵੇਸ਼ ਲਿਖਿਆ ਹੈ, ਉਥੇ ਸਾਡੇ ਆਦਿ ਬਾਣੀਕਾਰ ਬਾਬਾ ਫਰੀਦ ਨੇ ਕਿਹਾ ਹੈ ਕਿ ਦਰਵੇਸ਼ ਦਾ ਜਿਗਰਾ ਰੁੱਖਾਂ ਜਿੰਨਾ ਵਿਸ਼ਾਲ ਹੋਣਾ ਚਾਹੀਦਾ ਹੈ-

> ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ॥
> ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ॥

ਰੁੱਖ ਬਿਨਾਂ ਵਿਤਕਰੇ ਸਭ ਨੂੰ ਜੀਵਨ ਅਤੇ ਆਸਰਾ ਬਖ਼ਸ਼ਦੇ ਹਨ। ਹਰ ਦੁੱਖ ਅਤੇ ਔਖਿਆਈ ਨੂੰ ਚੁੱਪ ਚਾਪ ਜਿਗਰੇ ਨਾਲ ਸਹਿਣ ਕਰਦੇ ਹਨ। ਕਿਸੇ ਨਾਲ ਵੈਰ ਵਿਰੋਧ ਨਹੀਂ ਰੱਖਦੇ। ਬੁਰਾ ਕਰਨ ਵਾਲਿਆਂ ਦਾ ਵੀ ਭਲਾ ਚਿਤਵਦੇ ਹਨ। ਆਪਣੇ ਆਪ ਨੂੰ ਠੀਕ ਸਿੱਧ ਕਰਨ ਲਈ ਕਿਸੇ ਬਹਿਸ ਵਿਚ ਨਹੀਂ ਪੈਂਦੇ। ਰੁੱਖਾਂ ਨੂੰ ਵੱਢਣ ਵਾਲਿਆਂ ਪ੍ਰਤੀ ਵੀ ਰੁੱਖ ਬਦਲਾਖ਼ੋਰ ਨਹੀਂ ਹੁੰਦੇ। ਇਸ ਲਈ ਲੰਬੇ ਚੌੜੇ ਸੰਘਰਸ਼ ਦੌਰਾਨ ਪੂਰਾ ਪਰਿਵਾਰ ਗੁਆ ਕੇ ਰੁੱਖਾਂ ਜੇਡ ਵਿਸ਼ਾਲ ਜਿਗਰਾ ਸਾਬਤ ਕਰਨ ਵਾਲੇ ਗੁਰੂ ਗੋਬਿੰਦ ਸਿੰਘ ਨੂੰ ਸਾਰੇ ਮਨੁੱਖ ਇਕ ਜਾਤੀ ਦਿਖਾਈ ਦਿੰਦੇ ਹਨ-

> ਮਾਨਸ ਕੀ ਜਾਤ ਸਭੈ ਏਕ ਹੀ ਪਹਿਚਾਨ ਬੋ॥

ਉਹਨਾਂ ਨੂੰ ਹਰ ਪਾਸੇ ਈਸ਼ਵਰੀ ਮਹੱਬਤ ਦਾ ਇਕੋ ਜਿਹਾ ਪਸਾਰ ਮਹਿਸੂਸ ਹੁੰਦਾ ਹੈ-

ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥

ਗੁਰੂ ਗੋਬਿੰਦ ਸਿੰਘ ਜਦ ਕਿਸੇ ਪਿੰਡ, ਨਗਰ ਜਾਂ ਸ਼ਹਿਰ ਗਏ ਤਾਂ ਉਹਨਾਂ ਆਪਣਾ ਟਿਕਾਣਾ ਆਮ ਤੌਰ ਤੇ ਇਹਨਾਂ ਦੇ ਬਾਹਰ ਵਾਰ ਰੁੱਖਾਂ ਦੀਆਂ ਰੱਖਾਂ 'ਚ ਕੀਤਾ। ਇਹੀ ਕਾਰਨ ਹੈ ਕਿ ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ ਬਹੁਤ ਸਾਰੇ ਸਥਾਨਾਂ ਦੇ ਨਾਂ ਰੁੱਖਾਂ ਨਾਲ ਜੁੜੇ ਹਨ, ਜਿਵੇਂ ਝਾੜ ਸਾਹਿਬ, ਜੰਡ ਸਾਹਿਬ, ਫਲਾਹੀ ਸਾਹਿਬ, ਟਾਹਲੀਆਣਾ ਸਾਹਿਬ ਆਦਿ।ਪਰ ਅਸੀਂ ਇਹਨਾਂ ਅਸਥਾਨਾਂ ਤੇ ਇਮਾਰਤਾਂ ਨੂੰ ਵਿਸਥਾਰਨ ਲਈ ਇਹਨਾਂ ਪੁਰਾਤਨ ਰੁੱਖਾਂ ਦੀਆਂ ਰੱਖਾਂ ਨੂੰ ਮਲੀਆਮੇਟ ਕਰ ਦਿੱਤਾ ਹੈ। ਹਰ ਥਾਂ ਕੇਵਲ ਇਕ ਦਰੱਖਤ ਨੂੰ ਛੱਡ ਕੇ ਜਿਸ ਹੇਠ ਗੁਰੂ ਸਾਹਿਬ ਸੁੱਤੇ ਸਨ ਜਾਂ ਜਿਸ ਨਾਲ ਘੋੜਾ ਬੰਨ੍ਹਿਆਂ ਸੀ ਜਾਂ ਜਿਸ ਦੀ ਦਾਤਣ ਕੀਤੀ ਸੀ, ਬਾਕੀ ਸਭ ਦਾ ਵਢਾਂਗਾ ਕਰ ਦਿੱਤਾ ਹੈ। ਕੀ ਇਕ ਥਾਂ ਤੇ ਠਹਿਰਾਹ ਸਮੇਂ ਗੁਰੂ ਸਾਹਿਬ ਦਾ ਸਬੰਧ ਇਕਲੌਤੇ ਦਰਖਤ ਨਾਲ ਸੀ? ਉਸ ਥਾਂ ਦੇ ਸਾਰੇ ਰੁੱਖ ਗੁਰੂ ਸਾਹਿਬ ਦੀ ਆਮਦ ਦੇ ਜੀਵੰਤ ਗਵਾਹ ਸਨ। ਉਹਨਾਂ ਵਿਚੋਂ ਬਹੁਤ ਸਾਰਿਆਂ ਨੂੰ ਗੁਰੂ ਸਾਹਿਬ ਦੀ ਛੋਹ ਪ੍ਰਾਪਤ ਹੋਈ ਹੋਵੇਗੀ। ਪਰ ਦੁਖਦਾਈ ਗੱਲ ਇਹ ਹੈ ਕਿ ਇਸ ਤਬਾਹੀ ਲਈ ਮੋਹਰੀ ਖਲਨਾਇਕ ਦਾ ਰੋਲ ਅਦਾ ਕਰਨ ਵਾਲਿਆਂ ਨੂੰ 'ਕਾਰਸੇਵਾ ਵਾਲੇ ਬਾਬੇ' ਜਾਂ 'ਮਹਾਂਪੁਰਸ਼' ਕਿਹਾ ਜਾਂਦਾ ਹੈ। ਮੈਂ ਅੱਖੀਂ ਦੇਖਿਆ ਹੈ ਕਿ 15 ਕੁ ਸਾਲ ਪਹਿਲਾਂ ਗੁਰਦੁਆਰਾ ਚਰਨ ਕੰਵਲ ਸਾਹਿਬ ਮਾਛੀਵਾੜਾ ਜਿਥੇ ਗੁਰੂ ਸਾਹਿਬ ਚਮਕੌਰ ਦੀ ਲੜਾਈ ਪਿੱਛੋਂ ਟਿੰਡ ਦਾ ਸਿਰਹਾਣਾ ਕਰਕੇ ਜੰਡ ਹੇਠ ਸੁੱਤੇ ਸਨ, ਦੁਆਲੇ 60-70 ਅੰਬਾਂ ਦੇ ਅਤੇ ਹੋਰ ਦਰਖਤ ਸਨ, ਇਹ ਸਾਰੇ ਕਾਰਸੇਵਾ ਵਾਲੇ ਬਾਬਿਆਂ ਦੀ ਕਰੋਪੀ ਦਾ ਸ਼ਿਕਾਰ ਹੋ ਚੁੱਕੇ ਹਨ।

ਡਾ. ਸੰਤੋਖ ਸਿੰਘ ਸ਼ਹਰਯਾਰ (ਅੰਮ੍ਰਿਤਸਰ) ਦੇ ਦੱਸਣ ਮੁਤਾਬਿਕ ਸਰਹੰਦ ਦਾ ਉਹ ਠੰਡਾ ਬੁਰਜ ਜਿਸ ਵਿਚ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦੇ ਕੈਦ ਸਨ, ਨੂੰ ਢਾਹੁਣ ਮਗਰੋਂ 'ਕਾਰਸੇਵਾ ਵਾਲੇ ਬਾਬਾ ਜੀ' ਨੇ ਕਾਰ ਸੇਵਕਾਂ ਨੂੰ ਉਹ ਪਿੱਪਲ ਦਾ ਦਰਖਤ ਜੜ੍ਹੋਂ ਪੁੱਟ ਦੇਣ ਦੀ ਹਦਾਇਤ ਕੀਤੀ ਜਿਸ ਤੋਂ ਦੀ ਚੜ੍ਹ ਕੇ ਮੋਤੀ ਮਹਿਰੇ ਨੇ ਰਾਤ ਨੂੰ ਸਹਿਬਜ਼ਦਿਆਂ ਨੂੰ ਦੁੱਧ ਛਕਾਇਆ ਸੀ। ਕਿਸੇ ਸਿੱਖ ਨੇ ਉਸ ਨਿਰਦੋਸ਼ ਪਿੱਪਲ ਦੀ ਇਤਿਹਾਸਕ ਮਹੱਤਤਾ ਦਾ ਵਾਸਤੇ ਪਾਉਂਦੇ ਹੋਏ ਉਸ ਨੂੰ ਬਖਸ਼ ਦੇਣ ਦੀ ਅਰਜ਼ ਕੀਤੀ ਤਾਂ 'ਮਹਾਂਪੁਰਸ਼' ਗਰਜ ਕੇ ਬੋਲੇ, "ਇਹਨੂੰ ਅੰਬ ਲੱਗਣੇ ਨੇ? ਵੱਢੋ ਇਹਨੂੰ"। ਆਦੇਸ਼ ਮਿਲਦਿਆਂ ਹੀ 'ਸੰਗਤਾਂ' ਪਿੱਪਲ ਨੂੰ ਟੁੱਟ ਕੇ ਪੈ ਗਈਆਂ। ਅਜਿਹੀ ਕਾਰਸੇਵਾ ਨੇ ਰੁੱਖਾਂ ਦੇ ਝੁੰਡਾਂ ਵਿਚਲੇ ਤੇ ਰੁੱਖਾਂ ਦੇ ਨਾਵਾਂ ਵਾਲੇ ਤਕਰੀਬਨ ਸਾਰੇ ਇਤਿਹਾਸਕ ਸਥਾਨਾਂ ਨੂੰ ਸੰਗਮਰਮਰ ਸਾਹਿਬ ਜਾਂ ਮਕਰਾਣਾ ਸਾਹਿਬ (ਰਾਜਸਥਾਨ ਵਿਚ ਸੰਗਮਰਮਰ ਦੀਆ ਖਾਣਾਂ ਦਾ ਸਥਾਨ) ਬਣਾ ਦਿੱਤਾ ਹੈ।ਜਦ ਕਿ ਗੁਰਬਾਣੀ ਮੁਤਾਬਕ ਇਹ ਧਰਤੀ ਬਨਸਪਤੀ ਦੀ ਹਰਿਆਵਲ ਕਾਰਨ ਹੀ ਸੁਹਾਵਨੀ ਅਤੇ ਬਰਕਤਾਂ ਵਾਲੀ ਹੈ।ਧਰਤੀ ਦੀ ਸੁੰਦਰਤਾ ਅਤੇ ਬਨਸਪਤੀ ਦੀ ਹਰਿਆਵਲ ਸਮਾਨ ਅਰਥੀ ਹਨ।ਗੁਰੂ ਰਾਮਦਾਸ ਜੀ ਦਾ ਵਾਕ ਹੈ-

ਸਾ ਧਰਤੀ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ॥

ਇਥੇ ਗੁਰੂ ਰਾਮਦਾਸ ਜੀ ਨੇ ਇਹ ਨਹੀਂ ਸੀ ਕਿਹਾ ਕਿ ਜਿਥੇ ਗੁਰੂ ਬੈਠੇਗਾ ਉਥੇ ਬਹੁ-ਮੰਜ਼ਲੀ ਉਚੀਆਂ ਇਮਾਰਤਾਂ ਹੋਣਗੀਆਂ, ਮਹਿੰਗੀਆਂ ਸੰਗਮਰਮਰਾਂ ਲੱਗੀਆਂ ਹੋਣਗੀਆਂ ਜਾਂ ਤੇਜ਼ ਰੌਸ਼ਨੀਆਂ ਦੀ ਸਜਾਵਟ ਹੋਏਗੀ। ਸਗੋਂ ਗੁਰੂ ਦੇ ਸਥਾਨ ਦਾ ਹਰਿਆ ਭਰਿਆ ਹੋਣਾ ਲਾਜ਼ਮੀ ਦੱਸਿਆ ਹੈ। ਇਸ ਲਈ ਜਿਸ ਨੂੰ ਵੀ ਅਸੀਂ ਆਪਣਾ ਗੁਰੂ ਮੰਨਦੇ ਹੋਈਏ ਉਸ ਦੇ ਅਸਥਾਨ ਨੂੰ ਹਰਿਆ ਭਰਿਆ ਬਣਾਉਂਣਾ ਸਾਡਾ ਧਾਰਮਿਕ ਫ਼ਰਜ਼ ਹੈ। ਜੇ ਅਸੀਂ ਸਾਰੇ ਸੰਸਾਰ ਨੂੰ ਆਪਣੇ ਗੁਰੂ ਦਾ ਸਥਾਨ ਮੰਨਦੇ ਹਾਂ ਤਾਂ ਹਰ ਉਪਲਭਦ ਥਾਂ ਨੂੰ ਹਰੀ ਭਰੀ ਕਰਨ ਦਾ ਯਤਨ ਹੋਣਾ ਚਾਹੀਦਾ ਹੈ। ਗੁਰੂ ਅੰਗਦ ਦੇਵ ਜੀ ਸੱਚੇ ਗੁਰੂ ਦੀ ਵਡਿਆਈ ਅਤੇ ਗੁਣਾਂ ਦਾ ਵਰਨਣ ਰੁੱਖ ਦੀ ਉਦਾਹਰਣ ਨਾਲ ਕਰਦੇ ਹਨ ਕਿ ਗੁਰੂ ਅਤੇ ਰੁੱਖ ਅੰਮ੍ਰਿਤ ਦੇ ਦਾਤੇ ਹਨ, ਸ਼ੁਭ ਗੁਣਾਂ ਦੇ ਧਾਰਨੀ ਹੋਣ ਦਾ ਅਮਲੀ ਸੰਦੇਸ਼ ਦੇਣ ਵਾਲੇ ਹਨ ਅਤੇ ਮਹਾਨਤਾ ਦੀ ਸਿਖਰ ਹਨ-

ਸਤਿਗੁਰੁ ਅੰਮ੍ਰਿਤ ਬਿਰਖੁ ਹੈ ਅੰਮ੍ਰਿਤ ਰਸਿ ਫਲਿਆ॥

ਅਸੀਂ ਕੁੱਲੀ, ਗੁੱਲੀ ਅਤੇ ਜੁੱਲੀ ਨੂੰ ਜੀਵਨ ਦੀਆਂ ਮੁਢਲੀਆਂ ਜਰੂਰਤਾਂ ਮੰਨਦੇ ਹਾਂ। ਪਰੰਤੂ ਗੁਰਬਾਣੀ ਇਹਨਾਂ ਵਿਚੋਂ ਕਪੜੇ ਅਤੇ ਮਕਾਨ ਨੂੰ ਜੀਵਨ ਦੀਆਂ ਬੁਨਿਆਦੀ ਲੋੜਾਂ ਨਹੀਂ ਮੰਨਦੀ। ਬੁਨਿਆਦੀ ਲੋੜਾਂ ਹਨ: ਸਾਹ ਲੈਣ ਲਈ ਹਵਾ, ਪੀਣ ਲਈ ਪਾਣੀ ਅਤੇ ਖਾਣ ਲਈ ਭੋਜਨ।

ਪਾਣੀ ਪਖਾ ਪੀਸਉ ਸੇਵਕ ਕੈ ਠਾਕੁਰ ਹੀ ਕਾ ਆਹਰੁ ਜੀਉ॥ (ਪੰਨਾ 101)
ਪਾਨੀ ਪਖਾ ਪੀਸਉ ਸੰਤ ਆਗੈ ਗੁਣ ਗੋਵਿੰਦ ਜਸੁ ਗਾਈ॥ (ਪੰਨਾ 673)

ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ॥ (ਪੰਨਾ 811)

ਹਉ ਪਾਣੀ ਪਖਾ ਪੀਸਉ ਸੰਤ ਆਗੈ
ਪਗ ਮਲਿ ਮਲਿ ਧੂਰਿ ਮੁਖਿ ਲਾਈਐ॥ (ਪੰਨਾ 881)

ਇਸ ਤਰ੍ਹਾਂ ਜੀਵਨ ਦਾ ਪਹਿਲਾ ਸੱਚ ਪਾਣੀ ਨੂੰ ਪ੍ਰਵਾਨ ਕੀਤਾ ਗਿਆ ਹੈ-

ਨਾਨਕ ਇਹੁ ਜਗਤੁ ਸਭੁ ਜਲੁ ਹੈ ਜਲ ਹੀ ਤੇ ਸਭ ਕੋਇ॥
ਗੁਰ ਪਰਸਾਦੀ ਕੋ ਵਿਰਲਾ ਬੂਝੈ ਸੋ ਜਨੁ ਮੁਕਤੁ ਸਦਾ ਹੋਇ॥

ਸਾਰੀਆਂ ਸਭਿਅਤਾਵਾਂ ਦਾ ਜਨਮ ਅਤੇ ਵਿਕਾਸ ਪਾਣੀਆਂ ਭਾਵ ਨਦੀਆਂ ਕਿਨਾਰੇ ਹੋਇਆ। ਬਹੁਤੀਆਂ ਸਭਿਅਤਾਵਾਂ ਦੇ ਤਾਂ ਨਾਂ ਵੀ ਸਬੰਧਤ ਨਦੀਆਂ ਅਤੇ ਦਰਿਆਵਾਂ ਦੇ ਨਾਵਾਂ ਤੋਂ ਬਣੇ ਹਨ। ਕਈ ਭੂਗੋਲਿਕ ਖਿੱਤਿਆਂ ਦੀ ਪਛਾਣ ਉਥੇ ਵਗਦੇ ਦਰਿਆਵਾਂ ਨਾਲ ਜੁੜੀ ਹੋਈ ਹੈ। ਧਰਤੀ ਦੇ ਜਿਸ ਖਿੱਤੇ ਵਿਚ ਅਸੀਂ ਰਹਿ ਰਹੇ ਹਾਂ ਇਸ ਦਾ ਪੁਰਾਣਾ ਨਾਂ ਸੱਤ ਦਰਿਆਵਾਂ ਕਾਰਨ ਸਪਤ ਸਿੰਧੂ ਸੀ। ਨਵਾਂ ਨਾਂ ਪੰਜਾਬ ਇਥੇ ਵਗਦੇ

ਪੰਜ ਦਰਿਆਵਾਂ ਜਾਂ ਵੱਖ ਵੱਖ ਦਰਿਆਵਾਂ ਵਿਚਕਾਰ ਪੈਂਦੇ ਪੰਜ ਦੁਆਬਾਂ ਕਾਰਨ ਹੈ। ਇਹਨਾਂ ਸਬੰਧੀ ਪ੍ਰੋ. ਪੂਰਨ ਸਿੰਘ ਲਿਖਦੇ ਹਨ:

ਖਾੜ ਖਾੜ ਚੱਲਣ ਵਿਚ ਮੇਰੇ ਸੁਫ਼ਨਿਆਂ
ਪੰਜਾਬ ਦੇ ਦਰਿਆ
ਪਿਆਰ ਅੱਗ ਇਹਨਾਂ ਨੂੰ ਲੱਗੀ ਹੋਈ
ਪਿਆਰਾ ਜਾਪੁ ਸਾਹਿਬ ਗਾਉਂਦੇ, ਠੰਢੇ ਤੇ ਠਾਰਦੇ, ਪਯਾਰਦੇ

ਇਸ ਜਾਪੁ ਸਾਹਿਬ ਦੇ ਕਰਤਾ ਗੁਰੂ ਗੋਬਿੰਦ ਸਿੰਘ ਦਾ ਜਨਮ ਗੰਗਾ ਕਿਨਾਰੇ ਵਸੇ ਪਟਨਾ ਸ਼ਹਿਰ ਵਿਖੇ ਹੋਇਆ। ਬਚਪਨ ਦੇ ਪਹਿਲੇ ਛੇ ਸਾਲ ਇਸੇ ਗੰਗਾ ਦੇ ਤੱਟਾਂ ਉੱਤੇ ਅਤੇ ਗੰਗਾ ਦੇ ਪਾਣੀਆਂ ਨਾਲ ਖੇਡਦਿਆਂ ਬੀਤੇ। ਸੋਨੇ ਦੇ ਕੰਙਣਾਂ ਦੀ ਜੋੜੀ ਗੰਗਾ ਦੇ ਪਾਣੀਆਂ ਨੂੰ ਅਰਪਣ ਕੀਤੀ। ਪਿਤਾ ਗੁਰੂ ਤੇਗ ਬਹਾਦਰ ਨੇ ਆਨੰਦਪੁਰ ਸਾਹਿਬ ਨੂੰ ਵਸਾਉਣ ਲਈ ਦਰਿਆ ਸਤਲੁਜ ਦਾ ਕਿਨਾਰਾ ਚੁਣਿਆਂ। ਇਸ ਤੋਂ ਪਹਿਲਾਂ ਉਹਨਾਂ ਦੇ ਦਾਦਾ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੇ ਕੀਰਤਪੁਰ ਵੀ ਸਤਲੁਜ ਕੰਢੇ ਵਸਾਇਆ। ਗੁਰੂ ਗੋਬਿੰਦ ਸਿੰਘ ਜੀ ਨੇ ਚੌਪਈ ਸਾਹਿਬ ਦੀ ਬਾਣੀ ਦੀ ਰਚਨਾ ਇਸੇ ਸਤਲੁਜ ਦੇ ਕੰਢੇ ਬਿਭੌਰ ਸਾਹਿਬ ਵਿਖੇ ਕੀਤੀ। ਆਪਣੀ ਸ਼੍ਰੋਮਣੀ ਕਿਰਤ ਜਾਪੁ ਸਾਹਿਬ ਯਮੁਨਾ ਨਦੀ ਕਿਨਾਰੇ ਪਾਉਂਟਾ ਸਾਹਿਬ ਵਿਖੇ ਰਚੀ।

ਚਿਰਾਂ ਤੋਂ ਸਥਾਪਤ ਧਾਰਮਿਕ, ਸਮਾਜਿਕ, ਰਾਜਨੀਤਕ ਪ੍ਰਬੰਧ ਅਤੇ ਕਦਰਾਂ ਕੀਮਤਾਂ ਨੂੰ ਮੁੱਢੋਂ-ਸੁੱਢੋਂ ਨਵਾਂ ਰੂਪ ਦੇਣ ਲਈ ਉਹਨਾਂ ਨੇ ਪ੍ਰਤੀਬੱਧ ਸਿੱਖਾਂ ਦੀ ਜਮਾਤ ਤਿਆਰ ਕਰਨ ਭਾਵ ਖਾਲਸਾ ਪੰਥ ਦੀ ਸਾਜਨਾ ਕਰਨ ਦਾ ਨਿਰਨਾ ਲਿਆ। ਜਿਸ ਦੇ ਤਹਿਤ ਸਿੱਖਾਂ ਦੀ ਵਿਚਰਨ ਸ਼ੈਲੀ ਨੂੰ ਰੁਪਾਂਤ੍ਰਿਤ ਕਰਨ ਲਈ 1699 ਦੀ ਵਿਸਾਖੀ ਤੋਂ ਅੰਮ੍ਰਿਤ ਛਕਾਉਣ ਦੀ ਰੀਤ ਸ਼ੁਰੂ ਹੋਈ। ਖੰਡਾ ਬਾਟਾ ਸੀ, ਪੰਜ ਬਾਣੀਆਂ ਦਾ ਪਾਠ ਸੀ, ਪਤਾਸੇ ਸਨ। ਪਰ ਇਸ ਅੰਮ੍ਰਿਤ ਦਾ ਮੂਲ constituent ਤਾਂ ਸਤਲੁਜ ਦਾ ਸਵੱਛ ਤੇ ਸ਼ਫਾਫ਼ ਜਲ ਸੀ। ਏਸ ਅਮੁਲੀ ਦਾਤ ਕਾਰਨ ਗੁਰੂ ਸਾਹਿਬ ਨੇ ਆਪਣੀ ਸਾਰੀ ਦੌਲਤ ਪਿਆਰੇ ਸਤਲੁਜ ਤੋਂ ਵਾਰ ਦਿੱਤੀ। ਅਨੰਦਪੁਰ ਸਾਹਿਬ ਦੀ ਧਰਤੀ ਨੂੰ ਵਿਦਾ ਕਹਿਣ ਤੋਂ ਪਹਿਲਾਂ ਉਹਨਾਂ ਸਾਰਾ ਖਜ਼ਾਨਾ ਭਾਵ ਸੋਨਾ, ਚਾਂਦੀ, ਹੀਰੇ, ਮੋਤੀ, ਜਵਾਹਰਾਤ ਆਦਿ ਆਪਣੇ ਹੱਥੀਂ ਪਿਆਰੇ ਸਤਲੁਜ ਨੂੰ ਭੇਟ ਕੀਤੇ। ਇਸ ਸਾਰੇ ਕਾਸੇ ਦੀ ਕੀਮਤ ਉਹਨਾਂ ਸਮਿਆਂ ਵਿਚ ਅਠਾਰਾਂ ਕਰੋੜ ਰੁਪਏ ਦੇ ਕਰੀਬ ਦੱਸੀ ਜਾਂਦੀ ਹੈ। ਪਰ ਸਾਡੀ ਸਨਅਤੀ 'ਤਰੱਕੀ' ਨੇ ਸਤਲੁਜ ਦੇ ਪਾਣੀ ਨੂੰ ਪੀਣਯੋਗ ਨਹੀਂ ਛੱਡਿਆ।

ਅਨੰਦਪੁਰ ਸਾਹਿਬ ਛੱਡ ਕੇ ਜਦ ਗੁਰੂ ਦਾਹਿਬ ਚਮਕੌਰ, ਮਾਛੀਵਾੜਾ, ਆਲਮਗੀਰ, ਰਾਏਕੋਟ ਆਦਿ ਤੋਂ ਹੁੰਦੇ ਹੋਏ ਜਦ ਮਾਲਵੇ ਦੇ ਇਲਾਕੇ ਗਏ ਤਾਂ ਉਹਨਾਂ ਨਾਲ ਗਿਣਤੀ ਦੇ ਸਿੰਘ ਸਨ। ਖਿਦਰਾਣੇ ਦੇ ਸਥਾਨ ਤੇ ਹਜ਼ਾਰਾਂ ਦੀ ਗਿਣਤੀ ਵਿਚ ਚੜ੍ਹ ਕੇ ਆਈ ਸ਼ਾਹੀ ਫੌਜ ਨੇ ਉਹਨਾਂ ਤੇ ਹਮਲਾ ਕਰ ਦਿੱਤਾ। ਮੁਕਤਸਰ ਦੀ ਇਸ ਲੜਾਈ ਵਿਚ ਗਿਣਤੀ ਦੇ ਸਿੱਖਾਂ ਨੇ ਸ਼ਾਹੀ ਫੌਜ ਨੂੰ ਪਛਾੜ ਦਿੱਤਾ। ਇਹ ਕਿਵੇਂ ਸੰਭਵ ਹੋਇਆ?

ਇਕ ਦਸਮ ਪਾਤਸ਼ਾਹ ਦੇ ਰੂਪ 'ਚ ਗੁਰੂ ਅਤੇ ਦੂਜਾ ਖਿਦਰਾਣੇ ਦੀ ਢਾਬ ਦੇ ਪਾਣੀ ਦੇ ਰੂਪ 'ਚ ਪਿਤਾ ਸਿੰਘਾਂ ਦੇ ਅੰਗ ਸੰਗ ਸੀ।

ਜੀਵਨ ਦੇ ਆਖਰੀ ਸਾਲਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੱਖਣੀ ਭਾਰਤ ਦੀ ਨਦੀ ਗੋਦਾਵਰੀ ਦੇ ਸੰਗ ਸਾਥ ਰਹੇ। ਚੜ੍ਹਾਵੇ ਜਾਂ ਤੋਹਫੇ ਵਜੋਂ ਮਿਲੀਆਂ ਕੀਮਤੀ ਵਸਤਾਂ ਨੂੰ ਗੋਦਾਵਰੀ ਦੇ ਨਿਰਮਲ ਨੀਰ ਤੋਂ ਵਾਰ ਛੱਡਦੇ। ਨਵੇਂ ਨਵੇਂ ਜੇਤੂ ਹੋਏ ਦਿੱਲੀ ਦੇ ਬਾਦਸ਼ਾਹ ਬਹਾਦਰ ਸ਼ਾਹ ਨੇ ਆਪ ਨੂੰ ਬੇਸ਼ਕੀਮਤੀ ਨਗੀਨਾ ਭੇਟ ਕੀਤਾ ਤਾਂ ਗੁਰੂ ਸਾਹਿਬ ਨੇ ਇਹ ਨਗੀਨਾ ਉਸੇ ਵਕਤ ਬਾਦਸ਼ਾਹ ਦੇ ਵੇਂਹਦਿਆਂ ਵੇਂਹਦਿਆਂ ਗੋਦਾਵਰੀ ਦੇ ਪਾਣੀ ਨੂੰ ਅਰਪਣ ਕਰ ਦਿੱਤਾ। ਬਾਦਸ਼ਾਹ ਨੂੰ ਬੜੀ ਹੈਰਾਨੀ ਅਤੇ ਬੇਚੈਨੀ ਹੋਈ। ਗੁਰੂ ਲਈ ਗੋਦਾਵਰੀ ਦੇ ਧਰਾਤਲ ਤੇ ਪਏ ਸਾਰੇ ਵੱਟੇ ਗੀਟੇ ਨਗੀਨੇ ਸਨ। ਗੋਦਾਵਰੀ ਲਈ ਵੀ ਇਹ ਨਗੀਨਾ ਹੋਰ ਪੱਥਰਾਂ ਵਰਗਾ ਸੀ। ਗੁਰੂ ਦੀ ਦ੍ਰਿਸ਼ਟੀ ਨਦੀ ਵਰਗੀ ਅਤੇ ਨਦੀ ਦਾ ਸੁਭਾਅ ਗੁਰੂ ਵਰਗਾ। ਗੁਰੂ ਅਮਰ ਦਾਸ ਜੀ ਦਾ ਬਚਨ ਦੇਖੋ:

> ਜਿਉ ਮੀਹਿ ਵੁਠੈ ਗਲੀਆ ਨਾਲਿਆ ਟੋਭਿਆ ਕਾ ਜਲੁ ਜਾਇ ਪਵੈ ਵਿਚਿ ਸੁਰਸਰੀ ਸੁਰਸਰੀ ਮਿਲਤ ਪਵਿਤ੍ਰੁ ਪਾਵਨੁ ਹੋਇ ਜਾਵੈ॥ ਏਹ ਵਡਿਆਈ ਸਤਿਗੁਰ ਨਿਰਵੈਰ ਵਿਚਿ ਜਿਤੁ ਮਿਲਿਐ ਤਿਸਨਾ ਭੁਖ ਉਤਰੈ ਹਰਿ ਸਾਂਤਿ ਤੜ ਆਵੈ॥ (ਪੰਨਾ 855)

ਜਿਸ ਪਾਣੀ ਦੀ ਸੰਗਤ ਮਾਣਦਿਆਂ ਗੁਰੂ ਸਹਿਬ ਨੇ ਬਾਣੀ ਉਚਾਰਨ ਕੀਤੀ, ਜਿਸ ਪਾਣੀ ਨੂੰ ਗੁਰੂ ਨੇ ਅੰਮ੍ਰਿਤ ਰੂਪ ਕੀਤਾ, ਉਸ ਪਾਣੀ ਅਤੇ ਉਸ ਦੇ ਕੁਦਰਤੀ ਸਰੋਤਾਂ ਨੂੰ ਅਸੀਂ ਗਾਲ੍ਹਾਂ ਵਰਗੇ ਗੰਦੇ ਅਤੇ ਜ਼ਹਿਰ ਵਰਗੇ ਜ਼ਹਿਰੀਲੇ ਕਰ ਰਹੇ ਹਾਂ। ਜਿਸ ਪਾਣੀ ਨੂੰ ਗੁਰਬਾਣੀ ਨੇ ਪਿਤਾ ਕਹਿ ਕੇ ਇੰਨਾਂ ਸਨਮਾਨ ਦਿੱਤਾ ਅਸੀਂ ਆਪ ਵੀ ਉਸ ਦੇ ਸਿਰ ਸਵਾਹ ਪਾ ਰਹੇ ਹਾਂ ਅਤੇ ਦੂਸਰਿਆਂ ਨੂੰ ਪਾਉਂਦੇ ਦੇਖ ਕੇ ਬੜੇ ਆਰਾਮ ਨਾਲ ਸਹਿਣ ਕਰ ਰਹੇ ਹਾਂ। ਗੁਰੂ ਦੇ ਮੁਕਾਬਲੇ ਸਾਡਾ ਦਰਿਆਵਾਂ ਨਾਲ ਕਿਹੋ ਜਿਹਾ ਰਿਸ਼ਤਾ ਹੈ? ਪੰਜਾਬ ਦੀ ਰਜਨੀਤੀ ਵਿਚ ਦਰਿਆਵਾਂ ਦੇ ਪਾਣੀਆਂ ਦੀ ਵੰਡ ਵੱਡੇ ਮੁੱਦੇ ਅਤੇ ਮਸਲੇ ਦੇ ਤੌਰ ਤੇ ਉਭਰਦੀ ਰਹਿੰਦੀ ਹੈ। ਮੋਰਚੇ ਵੀ ਲੱਗਦੇ ਹਨ। ਪਰ ਪਾਣੀਆਂ ਦੀ ਸੰਭਾਲ ਤਾਂ ਪਾਣੀਆਂ ਦੀ ਵੰਡ ਨਾਲੋਂ ਵੀ ਅਹਿਮ ਅਤੇ ਜ਼ਰੂਰੀ ਮੁੱਦਾ ਹੈ। ਪਾਣੀ ਦੇ ਪ੍ਰਦੂਸ਼ਨ ਨੂੰ ਰੋਕਣ ਲਈ ਥਾਓਂ ਥਾਈਂ ਮੋਰਚੇ ਲਾਉਣ ਦੀ ਲੋੜ ਹੈ।ਅਮੀਰ ਸਮਝੇ ਜਾਂਦੇ ਮੁਲਕਾਂ ਦੇ ਲੋਕ ਆਪਣੇ ਨਦੀਆਂ, ਨਾਲਿਆਂ, ਝੀਲਾਂ ਆਦਿ ਦੇ ਪਾਣੀ ਦੀ ਨਿਰਮਲਤਾ ਬਣਾਈ ਰੱਖਣ ਲਈ ਬਹੁਤ ਸੁਚੇਤ ਹਨ।ਸਰਕਾਰਾਂ ਅਤੇ ਜਨਤਾ ਦੋਵੇਂ ਪਾਣੀ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਨੂੰ ਕਾਨੂੰਨੀ ਅਤੇ ਇਖਲਾਕੀ ਫ਼ਰਜ਼ ਸਮਝਦੀਆਂ ਹਨ। ਉਹਨਾਂ ਦੇ ਜੀਵਨ ਵਿਚ ਸਾਡੇ ਨਾਲੋਂ ਵਧੇਰੇ ਪ੍ਰਸੰਨਤਾ, ਸੁੰਦਰਤਾ ਅਤੇ ਸਿਹਤਮੰਦੀ ਦਾ ਇਕ ਕਾਰਨ ਪੌਣ ਪਾਣੀ ਦੀ ਸੰਭਾਲ ਪ੍ਰਤੀ ਉਹਨਾਂ ਦਾ ਚੰਗਾ ਰਵੱਈਆ ਵੀ ਹੈ। ਪਰ ਸਨਅਤੀ ਤੌਰ ਤੇ ਵਿਕਸਤ ਦੇਸ਼ ਬਹੁ ਰਾਸ਼ਟਰੀ ਕੰਪਨੀਆਂ ਦੇ ਮਾਧਿਅਮ ਰਾਹੀਂ ਜਾਂ ਹੋਰ ਢੰਗਾਂ ਨਾਲ ਆਪਣੀ ਪੁਰਾਣੀ ਉਦਯੋਗਿਕ ਤਕਨੀਕ ਅਤੇ ਮਸ਼ੀਨਰੀ ਨੂੰ ਵਿਕਾਸਸ਼ੀਲ ਜਾਂ ਪਛੜੇ

ਦੇਸ਼ਾਂ ਵੱਲ ਧੱਕ ਰਹੇ ਹਨ, ਜਿਸ ਦਾ ਇਹਨਾਂ ਦੇਸ਼ਾਂ ਦੇ ਵਾਤਾਵਰਨ ਤੇ ਬੁਰਾ ਅਸਰ ਪੈਂਦਾ ਹੈ। ਪਰ ਆਪਣੇ ਪੌਣ ਪਾਣੀ ਨੂੰ ਅਸੀਂ ਆਪ ਸੁਥਰਾ ਨਹੀਂ ਰੱਖਾਂਗੇ ਤਾਂ ਬੇਗਾਨੇ ਵੀ ਇਸ ਪਾਸੇ ਕਿਉਂ ਧਿਆਨ ਦੇਣਗੇ? ਪੌਣ ਪਾਣੀ ਪ੍ਰਤੀ ਸਾਡੇ ਆਪਣੇ ਨਕਾਰਾਤਮਕ ਰਵੱਈਏ ਕਾਰਨ ਜੇ ਕਿਸੇ ਨੂੰ ਕਮਾਈ ਹੁੰਦੀ ਹੈ ਤਾਂ ਉਹ ਜ਼ਰੂਰ ਕਰੇਗਾ। ਜੇ ਅਸੀਂ ਆਪ ਆਪਣੇ ਪਿਓ ਨੂੰ ਪਿਓ ਨਹੀਂ ਸਮਝਣਾ ਤਾਂ ਲੋਕਾਂ ਤੋਂ ਓਸ ਦੀ ਇੱਜ਼ਤ ਦੀ ਕੀ ਤਵੱਕੋਂ ਕਰਨੀ ਹੋਈ ? ਸਾਡੇ ਅਜਿਹੇ ਰਵੱਈਏ ਦਾ ਵੱਡਾ ਕਾਰਨ ਇਹ ਹੈ ਕਿ ਅਸੀਂ ਆਪਣੇ ਆਪ ਨੂੰ ਸਮੁੱਚੀ ਕੁਦਰਤ ਦਾ ਅੰਗ ਨਹੀਂ ਸਮਝਦੇ। ਅਸੀਂ ਗੈਰ ਜ਼ਿੰਮੇਵਾਰ ਅਤੇ ਜ਼ਾਲਮ ਹੁਕਮਰਾਨਾਂ ਵਾਂਗ ਵਿਚਰਨ ਲੱਗੇ ਹਾਂ।ਅਸੀਂ ਕੁਦਰਤੀ ਸੋਮਿਆਂ ਨੂੰ ਸੰਭਾਲਣ ਪ੍ਰਤੀ ਕੋਤਾਹੀ ਕਰਕੇ ਪ੍ਰਮਾਤਮਾ ਜਾਂ ਕੁਦਰਤ ਦੀ ਬਰਕਤ ਭਰਪੂਰ ਬਖਸ਼ਿਸ਼ ਤੋਂ ਮੂੰਹ ਮੋੜ ਰਹੇ ਹਾਂ। ਬਖਸ਼ਿਸ਼ ਤੋਂ ਮੂੰਹ ਮੋੜ ਕੇ ਕੁਦਰਤ ਦੀ ਕਰੋਪੀ ਨੂੰ ਵਾਜਾਂ ਮਾਰ ਰਹੇ ਹਾਂ। ਪਾਣੀ ਦੀ ਜੀਵਨ ਸ਼ਕਤੀ ਤੇਜ਼ੀ ਨਾਲ ਨਸ਼ਟ ਰਹੇ ਹਾਂ।ਜੇ ਸਾਰਾ ਪਾਣੀ ਰੋਗੀ ਹੋ ਗਿਆ ਤਾਂ ਧਰਤੀ ਵੀ ਰੋਗੀ ਹੋ ਜਾਏਗੀ। ਸਮੁੱਚੇ ਜੀਵ ਜੰਤੂਆਂ ਨੇ ਰੋਗੀ ਹੋ ਜਾਣਾ ਹੈ। ਮਨੁੱਖਾਂ ਨੇ ਤੰਦਰੁਸਤ ਅਤੇ ਸਿਹਤਮੰਦ ਕਿਥੋਂ ਰਹਿਣਾ ਹੈ? ਅੱਜ ਕੱਲ੍ਹ ਦਵਾਈਆਂ, ਹਸਪਤਾਲਾਂ, ਨਰਸਿੰਗ ਹੋਮਾਂ ਅਤੇ ਡਾਕਟਰੀ ਵਿਦਿਆ ਦਾ ਵਪਾਰ ਤੇਜ਼ੀ ਨਾਲ ਵਧ ਫੁੱਲ ਰਿਹਾ ਹੈ:

> ਪਉਣੁ ਪਾਣੀ ਬੈਸੰਤਰੁ ਰੋਗੀ ਰੋਗੀ ਧਰਤਿ ਸਭੋਗੀ॥
> ਮਾਤ ਪਿਤਾ ਮਾਇਆ ਦੇਹ ਸਿ ਰੋਗੀ ਰੋਗੀ ਕੁਟੰਬ ਸੰਜੋਗੀ॥ (ਪੰਨਾ 1153)

# ਬਦਲਾ ਕਿ ਬਖ਼ਸ਼ਿੰਦਗੀ

ਬਾਬਾ ਫ਼ਰੀਦ ਜੀ ਨੇ ਆਪਣੀ ਜਵਾਨੀ ਵੇਲ਼ੇ ਅਫਗਾਨਿਸਤਾਨ ਅਤੇ ਮੱਧ ਏਸ਼ੀਆ ਤੱਕ ਪੈਦਲ ਯਾਤਰਾਵਾਂ ਕੀਤੀ। ਇਹਨਾਂ ਯਾਤਰਾਵਾਂ ਦੌਰਾਨ ਬਗਦਾਦ, ਕੰਧਾਰ, ਗਜ਼ਨੀ, ਖੁਰਾਸਾਨ, ਬੁਖਾਰਾ ਆਦਿ ਥਾਵਾਂ ਤੇ ਸਥਿਤ ਇਲਮ ਦੇ ਕੇਂਦਰਾਂ ਤੇ ਜਾ ਕੇ ਆਪਣੇ ਮਸਤਕ ਨੂੰ ਰੌਸ਼ਨ ਕੀਤਾ। ਇਸਾਈਆਂ ਅਤੇ ਇਸਲਾਮੀ ਸੂਫੀਆਂ ਦੇ ਸਾਂਝੇ ਖਿੱਤੇ ਤੁਰਕੀ ਤੱਕ ਗਏ। ਦੁਨੀਆਂ ਨੂੰ ਖੂਬ ਦੇਖਿਆ, ਜਾਣਿਆਂ ਅਤੇ ਸਮਝਿਆ। ਇਸਲਾਮ ਦੇ ਸਾਰੇ ਰੰਗਾਂ ਢੰਗਾਂ ਨੂੰ ਜਾਨਣ ਸਮਝਣ ਦੇ ਨਾਲ-ਨਾਲ ਹੋਰ ਮਜ਼ਹਬਾਂ ਦੇ ਵਿਚਾਰਾਂ ਨਾਲ ਵੀ ਸਾਂਝ ਪਾਈ। ਹੋਰ ਧਰਤੀਆਂ ਤੇ ਵਿਚਰਦਿਆਂ, ਹੋਰ ਲੋਕਾਂ ਨੂੰ ਮਿਲਦਿਆਂ, ਹੋਰ ਸੱਭਿਆਚਾਰਾਂ ਨੂੰ ਦੇਖਦਿਆਂ ਉਹਨਾਂ ਦੇ ਅੰਦਰ ਆਪਣੀ ਧਰਤੀ ਅਤੇ ਆਪਣੇ ਸੱਭਿਆਚਾਰ ਨਾਲ ਸੰਵਾਦ ਵੀ ਚਲਦਾ ਰਿਹਾ। ਇਸ ਦੌਰਾਨ ਉਹ ਆਪਣੀ ਧਰਤੀ ਦੇ ਲੋਕਾਂ ਲਈ ਬੜੇ ਨਿਵੇਕਲੇ ਅਤੇ ਅੱਲੋਕਾਰੇ ਸੁਨੇਹੇ ਵੀ ਲਿਖਦੇ ਰਹੇ:

ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ॥
ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ॥ (1378)

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥ (1382)

ਫਰੀਦ ਜੀ ਜਿਸ ਸੱਭਿਆਚਾਰ ਨਾਲ ਸਬੰਧਤ ਸਨ ਜਾਂ ਜਿਸ ਖਿੱਤੇ ਵਿਚ ਉਹ ਜੰਮੇ, ਪਲ਼ੇ ਅਤੇ ਰਹੇ ਸਨ ਉਥੇ "ਬੁਰੇ ਦਾ ਭਲਾ" ਵਾਲੀ ਸਿਆਣਪ ਸ਼ਾਇਦ ਲੋਕ-ਮਨ ਦਾ ਹਿੱਸਾ ਨਹੀਂ ਸੀ। ਕਮਜ਼ੋਰ ਨਾਲ ਅਨਿਆਂ ਅਤੇ ਮਾਸੂਮ ਤੇ ਜ਼ੁਲਮ, ਜਾਂ ਕਹਿ ਲਓ "ਭਲੇ ਨਾਲ ਬੁਰਾ" ਤਾਂ ਬਹੁਤ ਸੀ, "ਭਲੇ ਦਾ ਭਲਾ" ਗਰਜ਼ ਮੁਤਾਬਕ ਹੋ ਸਕਦਾ ਸੀ ਪਰ "ਬੁਰੇ ਦਾ ਭਲਾ" ਸੋਚਿਆ ਨਹੀਂ ਸੀ ਜਾਂਦਾ। ਵੈਸੇ ਇਹ ਤੱਥ ਅਜੇ ਤੱਕ ਇਸ ਖਿੱਤੇ ਦੇ ਸੱਭਿਆਚਾਰ ਦੀ ਤਾਸੀਰ ਵਿਚ ਗੁੰਨ੍ਹਿਆਂ ਹੋਇਆ ਹੈ। ਫ਼ਰੀਦ ਜੀ ਦੇ ਇਸ ਉਪਦੇਸ਼ ਨੂੰ ਬਾਬਾ ਨਾਨਕ ਜੀ ਹੋਰ ਗੂੜ੍ਹਾ ਅਤੇ ਗਹਿਰਾ ਕਰਨਾ ਚਾਹੁੰਦੇ ਹਨ। ਉਹਨਾਂ ਮੁਤਾਬਕ ਸਾਨੂੰ ਬੁਰੇ ਦਾ ਭਲਾ ਕਰਨ ਵਿਚ ਓਨਾ ਚਿਰ ਦਿੱਕਤ ਆਉਂਦੀ ਰਹਿੰਦੀ ਹੈ ਜਦ ਤੱਕ ਬੁਰੇ ਨੂੰ ਬੁਰਾ ਸਮਝਦੇ ਰਹਿੰਦੇ ਹਾਂ ਜਾਂ ਕਹਿ ਲਓ ਕਿ ਜਦ ਤੱਕ ਬੁਰੇ ਅਤੇ ਭਲੇ ਨੂੰ ਅਲਹਿਦਾ ਅਲਹਿਦਾ ਤਸਲੀਮ ਕਰਦੇ ਹਾਂ ਤਦ ਤੱਕ ਸਾਡਾ ਮਨ ਬੁਰੇ ਦਾ ਭਲਾ ਕਰਨ ਵੱਲ ਰੁਚਿਤ ਨਹੀਂ ਹੁੰਦਾ। ਇਸ ਲਈ ਬਾਬਾ ਨਾਨਕ ਜੀ ਬੁਰੇ ਨੂੰ ਬੁਰਾ ਸਮਝਣ ਤੇ ਹੀ ਰੋਕ ਲਾਉਂਦੇ ਹਨ:

ਬੁਰਾ ਭਲਾ ਕਹੁ ਕਿਸ ਨੋ ਕਹੀਐ॥
ਦੀਸੈ ਬ੍ਰਹਮੁ ਗੁਰਮੁਖਿ ਸਚੁ ਲਹੀਐ॥ (353, ਮ.1)

ਗੁਰੂ ਨਾਨਕ ਸਾਹਿਬ ਦੂਸਰਿਆਂ ਨੂੰ ਬੁਰੇ ਅਤੇ ਭਲੇ ਵਿਚ ਨਿਖੇੜਨ 'ਤੇ ਰੋਕ ਲਾਉਣ ਲਈ ਕਬੀਰ ਜੀ ਦੀ ਦੱਸੀ ਜੁਗਤ ਦੀ ਪੁਸ਼ਟੀ ਕਰਦੇ ਹਨ ਕਿ ਸਾਰੇ ਲੋਕ ਤਾਂ ਹੀ ਭਲੇ ਲੱਗ ਸਕਦੇ ਹਨ ਜੇ ਅਸੀਂ ਆਪਣੇ ਆਪ ਨੂੰ ਬੁਰੇ ਅਤੇ ਹੋਰਨਾਂ ਨੂੰ ਆਪਣੇ ਤੋਂ ਚੰਗੇ ਸਮਝੀਏ:

ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥ (1364, ਕਬੀਰ ਜੀ)

ਹਮ ਨਹੀ ਚੰਗੇ ਬੁਰਾ ਨਹੀ ਕੋਇ॥
ਪ੍ਰਣਵਤਿ ਨਾਨਕੁ ਤਾਰੇ ਸੋਇ॥ (728, ਮ.1)

ਗੁਰੂ ਨਾਨਕ ਦੂਸਰੇ ਸ਼ਬਦਾਂ ਵਿਚ ਸਪਸ਼ਟ ਕਰਦੇ ਹਨ ਕਿ ਫ਼ਰੀਦ ਜੀ ਦੇ 'ਬੁਰੇ ਦਾ ਭਲਾ ਕਰਨ' ਦੇ ਉਪਦੇਸ਼ ਨੂੰ ਤਾਂ ਹੀ ਜੀਵਿਆ ਜਾ ਸਕਦਾ ਹੈ ਜੇਕਰ ਅਸੀਂ ਆਪਣੀ ਹਾਊਮੈ ਤਿਆਗ ਸਕਦੇ ਹੋਈਏ:

ਨਾ ਹਮ ਚੰਗੇ ਆਖੀਅਹ ਬੁਰਾ ਨ ਦਿਸੈ ਕੋਇ॥
ਨਾਨਕ ਹਉਮੈ ਮਾਰੀਐ ਸਚੇ ਜੇਹੜਾ ਸੋਇ॥ (1015, ਮ.1)

ਇਹ ਗੱਲ ਜਿੰਨੀ ਕਹਿਣੀ ਸੌਖੀ ਹੈ, ਸੁਣਨੀ ਓਸ ਤੋਂ ਔਖੀ, ਮੰਨਣੀ ਓਸ ਤੋਂ ਵੀ ਔਖੀ ਅਤੇ ਅਪਨਾਉਣੀ ਲਗਪਗ ਅਸੰਭਵ ਹੈ। ਜਿਸ ਧਰਤੀ ਦੇ ਸੱਭਿਆਚਾਰ ਵਿਚ 'ਦੁਸ਼ਮਣੀ' ਅਤੇ 'ਬਦਲਾ' ਏਨਾ ਰਚਿਆ ਹੋਵੇ ਉਥੋਂ ਦੇ ਲੋਕ-ਮਨ ਵਿਚ ਉਪਰੋਕਤ ਵਿਚਾਰ ਨੂੰ ਟਿਕਾਉਣਾ ਬਹੁਤ ਕਠਿੱਨ ਹੈ। ਇਸ ਲਈ ਗੁਰੂ ਅਰਜਨ ਜੀ ਮਹਿਸੂਸ ਕਰਦੇ ਹਨ ਕਿ ਇਸ ਵਿਚਾਰ ਨੂੰ ਵਾਰ-ਵਾਰ ਦੁਹਰਾਉਣ ਦੀ ਲੋੜ ਹੈ ਕਿ ਸਿੱਖ ਨੇ ਕਿਸੇ ਨੂੰ ਆਪਣਾ ਦੁਸ਼ਮਣ ਕਰਕੇ ਨਹੀਂ ਜਾਨਣਾ, ਕਿਸੇ ਨਾਲ ਵੈਰ ਨਹੀਂ ਕਮਾਉਣਾ, ਕਿਸੇ ਪ੍ਰਤੀ ਬਦਲੇ ਦੀ ਭਾਵਨਾ ਨਹੀਂ ਰੱਖਣੀ:

ਬੁਰਾ ਭਲਾ ਕੋਈ ਨ ਕਹੀਜੈ॥
ਛੋਡਿ ਮਾਨੁ ਹਰਿ ਚਰਨ ਗਹੀਜੈ॥ (186, ਮ.5)

ਮਨ ਅਪੁਨੇ ਤੇ ਬੁਰਾ ਮਿਟਾਨਾ॥
ਪੇਖੈ ਸਗਲ ਸ੍ਰਿਸਟਿ ਸਾਜਨਾ॥ (266, ਮ.5)

ਜਬ ਧਾਰੈ ਕੋਊ ਬੈਰੀ ਮੀਤੁ॥
ਤਬ ਲਗੁ ਨਿਹਚਲੁ ਨਾਹੀ ਚੀਤੁ॥ (278, ਮ.5)

ਬੁਰਾ ਭਲਾ ਕਹੁ ਕਿਸ ਨੋ ਕਹੀਐ ਸਗਲੇ ਜੀਅ ਤੁਮ੍ਾਰੇ॥ (383, ਮ.5)

ਪਰ ਕਾ ਬੁਰਾ ਨ ਰਾਖਹੁ ਚੀਤ॥
ਤੁਮ ਕਉ ਦੁਖੁ ਨਹੀ ਭਾਈ ਮੀਤ ॥ (386, ਮ.5)

ਬੈਰੀ ਸਭਿ ਹੋਵਹਿ ਮੀਤ॥
ਨਿਰਮਲੁ ਤੇਰਾ ਹੋਵੈ ਚੀਤ ॥ (895, ਮ.5)

ਬਿਨਸੇ ਬੈਰ ਨਾਹੀ ਕੋ ਬੈਰੀ ਸਭੁ ਏਕੋ ਹੈ ਭਾਲਣਾ॥ (1077, ਮ.5)

ਬੈਰੀ ਮੀਤ ਹੋਏ ਸੰਮਾਨ॥
ਸਰਬ ਮਹਿ ਪੂਰਨ ਭਗਵਾਨ॥ (1147, ਮ.5)

ਨਾ ਕੋ ਬੈਰੀ ਨਹੀਂ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥
(1299, ਮ.5)

ਇਹ ਗਿਣਤੀ ਦੀਆਂ ਉਦਾਹਰਨਾਂ ਹਨ, ਪਰ ਗੁਰੂ ਸਾਹਿਬ ਨੇ ਇਸ ਸੰਦੇਸ਼ ਨੂੰ ਅਣਗਿਣਤ ਵਾਰ ਦੁਹਰਾਇਆ ਹੈ। ਇਸ ਦੇ ਬਾਵਜੂਦ ਗੁਰਮਤਿ ਵਿਚਾਰਧਾਰਾ ਦਾ ਇਹ ਬੁਨਿਆਦੀ ਤੱਤ ਇਸ ਖਿੱਤੇ ਦੇ ਸਥਾਨਕ ਸੱਭਿਆਚਾਰ ਦੇ 'ਦੁਸ਼ਮਣੀ' ਅਤੇ 'ਬਦਲਾ' ਦੇ ਤੱਤ ਨੂੰ ਅਜੇ ਤੱਕ ਮਾਤ ਨਹੀਂ ਦੇ ਸਕਿਆ।ਮੈਂ ਆਪਣੇ ਬਚਪਨ ਤੋਂ ਹੁਣ ਤੱਕ ਸਿੱਖ ਸਟੇਜਾਂ ਤੋਂ ਸਿੱਖ ਪ੍ਰਚਾਰਕਾਂ, ਢਾਡੀਆਂ, ਕਵੀਸ਼ਰਾਂ ਅਤੇ ਲੀਡਰਾਂ ਤੋਂ ਇਹੀ ਸੁਣਿਆਂ ਹੈ ਅਤੇ 'ਸਿੱਖ ਹਤੈਸ਼ੀ' ਅਖਵਾਉਣ ਵਾਲੇ ਅਖ਼ਬਾਰਾਂ, ਰਸਾਲਿਆਂ 'ਚ ਇਹੀ ਪੜ੍ਹਿਆ ਹੈ ਕਿ ਸਿੱਖਾਂ ਦੇ ਮੁਗਲ ਦੁਸ਼ਮਨ, ਅਫਗਾਨ ਦੁਸ਼ਮਨ, ਡੋਗਰੇ ਦੁਸ਼ਮਨ, ਮਰਹੱਟੇ ਦੁਸ਼ਮਨ, ਅੰਗਰੇਜ਼ ਦੁਸ਼ਮਨ, ਮਹੰਤ ਦੁਸ਼ਮਨ, ਮੁਸਲਮਾਨ ਦੁਸ਼ਮਨ, ਕਾਂਗਰਸ ਦੁਸ਼ਮਨ, ਕੇਂਦਰ ਦੁਸ਼ਮਨ, ਹਿੰਦੂ ਦੁਸ਼ਮਨ, ਆਰ.ਐਸ.ਐਸ. ਦੁਸ਼ਮਨ, ਕਮਿਊਨਿਸਟ ਦੁਸ਼ਮਨ, ਮੀਡੀਆ ਦੁਸ਼ਮਨ। ਕਈ ਵਾਰ ਤਾਂ ਗੱਲ ਇਸ ਤੋਂ ਵੀ ਅਗਾਂਹ ਚਲੀ ਜਾਂਦੀ ਹੈ ਕਿ ਮਾਸਟਰ ਤਾਰਾ ਸਿੰਘ ਦੁਸ਼ਮਨ, ਸੰਤ ਲੌਂਗੋਵਾਲ ਦੁਸ਼ਮਨ ਵਗੈਰਾ ਵਗੈਰਾ। ਓਦੋਂ ਤਾਂ ਹੱਦ ਹੀ ਹੋ ਜਾਂਦੀ ਹੈ ਜਦ ਸੁਣਦੇ ਹਾਂ ਕਿ ਸਿੱਖ ਦਾ ਹਰ ਸਿੱਖ ਦੁਸ਼ਮਣ। ਕਿਸੇ ਵਲੋਂ ਸਾਡੇ ਨਾਲ ਦੁਸ਼ਮਨੀ ਕਰਨਾ ਹੋਰ ਗੱਲ ਹੈ ਪਰ ਸਾਡਾ ਉਸ ਨੂੰ ਆਪਣਾ ਦੁਸ਼ਮਨ ਤਸਲੀਮ ਕਰਨਾ ਹੋਰ ਗੱਲ ਹੈ। ਗੁਰੂ ਸਾਹਿਬ ਤਾਂ ਕਹਿ ਰਹੇ ਹਨ ਕਿ ਸਿੱਖ ਹੋ ਕੇ ਉਹ ਅਵੱਸਥਾ ਧਾਰਨ ਕਰਨੀ ਹੈ ਜਿਥੇ ਕੋਈ ਦੁਸ਼ਮਨ ਮਹਿਸੂਸ ਹੀ ਨਾ ਹੋਵੇ, ਦੁਸ਼ਮਨੀ ਦਾ ਭਾਵ ਹਿਰਦੇ ਤੋਂ ਦੂਰ ਰਹੇ। ਪਰ ਸਾਨੂੰ ਸਾਰੇ ਹੀ ਦੁਸ਼ਮਨ ਲਗਦੇ ਹਨ, ਕੋਈ ਮੀਤ ਨਜ਼ਰ ਹੀ ਨਹੀਂ ਆਉਂਦਾ। ਗੁਰੂ ਦੇ ਸਨਮੁਖ ਸਾਡੀ ਸਥਿਤੀ ਕਿੰਨੀ ਹਾਸੋਹੀਣੀ ਹੈ, ਗੁਰੂ ਕਿਵੇਂ ਬਹੁੜੀ ਕਰੇਗਾ?

ਸਾਡੇ ਮਨ ਨੂੰ ਜੋ ਹੁਲਾਰਾ 'ਦੁਸ਼ਮਨੀ' ਜਾਂ 'ਬਦਲੇ' ਦੇ ਜੈਕਾਰੇ ਜਾਂ ਲਲਕਾਰੇ ਨਾਲ ਮਿਲਦਾ ਹੈ ਉਹ ਗੁਰੂ ਦੇ 'ਸਰਬੱਤ ਦੇ ਭਲੇ' ਦੇ ਸੰਦੇਸ਼ ਨਾਲ ਨਹੀਂ ਮਿਲਦਾ।1984 ਤੋਂ 1992 ਦੌਰਾਨ ਜਦ ਡਾਹਢੇ 'ਸਿੱਖਾਂ' ਨੇ ਪੰਜਾਬੀ ਗਵੱਈਆਂ ਨੂੰ ਇਸ਼ਕੀਆ ਕਿਸਮ ਦੇ

ਗੀਤ ਗਾਉਣ ਤੋਂ ਵਰਜ ਦਿੱਤਾ ਸੀ ਤਾਂ ਇਹਨਾਂ ਗਵੱਈਆਂ ਨੇ ਸਿਰਾਂ ਤੇ ਗੋਲ ਕੇਸਰੀ ਪਰਨੇ ਸਜਾ ਕੇ "ਪੱਤਾ ਪੱਤਾ ਸਿੰਘਾਂ ਦਾ ਵੈਰੀ" ਵਰਗੇ ਗੀਤ ਰਿਕਾਰਡ ਕਰਾਉਣੇ ਸ਼ੁਰੂ ਕਰ ਦਿਤੇ ਸਨ, ਜੋ ਲੱਚਰ ਗੀਤਾਂ ਨਾਲੋਂ ਵੀ ਜ਼ਿਆਦਾ ਮਕਬੂਲ ਹੋਏ। ਭਾਵ ਹਰੇਕ ਨੂੰ ਆਪਣਾ ਵੈਰੀ ਤਸਲੀਮ ਕਰਨਾ ਸਾਨੂੰ ਬੜਾ ਸੁਖਦ ਲੱਗਦਾ ਹੈ, ਆਪਣੀ ਵਡਿਆਈ ਲਗਦੀ ਹੈ। ਬਾਬਾ ਫ਼ਰੀਦ, ਕਬੀਰ ਜੀ, ਬਾਬਾ ਨਾਨਕ ਅਤੇ ਗੁਰੂ ਅਰਜਨ ਦੇ ਉਪਰੋਕਤ ਵਿਚਾਰਾਂ ਸਮੇਤ ਆਦਿ ਸ੍ਰੀ ਗਰੰਥ ਸਾਹਿਬ ਨੂੰ ਗੁਰੂ ਦਰਜਾ ਮਿਲਣ ਤੋਂ ਬਾਅਦ ਦੇ ਬਹੁ-ਗਿਣਤੀ ਸਿੱਖ ਯੋਧਿਆਂ ਭਾਵ ਬਾਬਾ ਬੰਦਾ ਸਿੰਘ ਬਹਾਦਰ ਤੋਂ ਲੈ ਕੇ ਸ. ਬਲਵੰਤ ਸਿੰਘ ਰਾਜੋਆਣਾ ਤੱਕ ਦੀ ਮਹਿਮਾ (ਸਮੇਤ ਸ. ਭਗਤ ਸਿੰਘ, ਸ. ਊਧਮ ਸਿੰਘ ਦੇ) ਅਸੀਂ ਉਹਨਾਂ ਵਲੋਂ 'ਦੁਸ਼ਮਣਾਂ ਤੋਂ ਲਏ ਬਦਲੇ' ਕਾਰਨ ਗਾਉਂਦੇ, ਸੁਣਦੇ ਅਤੇ ਜਾਣਦੇ ਹਾਂ। ਨਾ ਬਾਬਾ ਬੰਦਾ ਸਿੰਘ ਨੂੰ ਵੱਡੀਆਂ ਅਤੇ ਸਿਫਤੀ ਪ੍ਰਸ਼ਾਸਨਕ ਤਬਦੀਲੀਆਂ ਲਿਆਉਣ ਵਾਲੇ ਸ਼ਾਸਕ ਵਜੋਂ ਅਤੇ ਨਾ ਸ. ਭਗਤ ਸਿੰਘ ਨੂੰ ਸਮਾਜਵਾਦੀ ਚਿੰਤਕ ਅਤੇ ਕਾਰਕੁੰਨ ਵਜੋਂ ਗਾਇਆ ਜਾਂਦਾ ਹੈ। ਸਰਬੱਤ ਦਾ ਭਲਾ ਚਾਹੁੰਣ ਵਾਲੇ ਅਤੇ ਮਨੁੱਖਤਾ ਦਾ ਦੁੱਖ ਘਟਾਉਣ ਵਾਲੇ ਭਗਤ ਪੂਰਨ ਸਿੰਘ ਦੀ ਬਜਾਏ 'ਦੁਸ਼ਮਣਾ ਤੋਂ ਬਦਲਾ ਲੈਣ' ਵਾਲੇ ਜਿਊਣੇ ਮੌੜ ਅਤੇ ਸੁੱਚੇ ਸੂਰਮੇ ਦੀਆਂ ਵਾਰਾਂ ਗਾਈਆਂ, ਸੁਣੀਆਂ ਜਾਂਦੀਆਂ ਹਨ। ਭਾਈ ਤਾਰੂ ਸਿੰਘ ਜੈਸੇ ਨਾਇਕ ਦੇ ਸਿੱਖੀ ਪਿਆਰ ਅਤੇ ਸਿੱਖੀ ਸਿਦਕ ਬਾਰੇ ਜਿੰਨੀ ਭਾਵਪੂਰਤ ਕਵਿਤਾ ਬੰਗਾਲ 'ਚ ਬੈਠੇ ਕਵੀ ਰਾਬਿੰਦਰ ਨਾਥ ਟੈਗੋਰ ਨੇ ਲਿਖੀ ਓਨੀ ਵੱਡੇ ਤੋਂ ਵੱਡੇ ਪੰਜਾਬੀ ਜਾਂ ਕਿਸੇ ਸਿੱਖ ਕਵੀ ਦੇ ਲਿਖਣੀਂ ਭਾਗੀਂ ਨਹੀਂ ਹੋਈ।

ਪੰਜਾਬ ਦੇ ਮੁਸਲਮਾਨ 'ਬੁਰੇ ਦਾ ਭਲਾ ਕਰਿ' ਕਹਿਣ ਵਾਲੇ ਬਾਬਾ ਫਰੀਦ ਨੂੰ ਆਪਣਾ ਪੀਰ ਮੰਨਦੇ ਹਨ ਅਤੇ ਸਿੱਖ 'ਬੁਰਾ ਨ ਦਿਸੈ ਕੋਇ' ਕਹਿਣ ਵਾਲੇ ਬਾਬੇ ਨਾਨਕ ਨੂੰ ਆਪਣਾ ਪੈਗੰਬਰ ਜਾਣਦੇ ਹਨ। ਪਰ 1947 ਦੀ ਪੰਜਾਬ ਵੰਡ ਵੇਲੇ ਪੱਛਮੀ ਪਾਸੇ ਦੇ ਮੁਸਲਮਾਨਾਂ ਨੇ ਬੇਕਸੂਰ ਹਿੰਦੂ ਅਤੇ ਸਿੱਖਾਂ ਦਾ ਅਤੇ ਪੂਰਬੀ ਪਾਸੇ ਦੇ ਹਿੰਦੂ ਅਤੇ ਸਿੱਖਾਂ ਨੇ ਬੇਕਸੂਰ ਮੁਸਲਮਾਨਾਂ ਦਾ ਰੱਜ ਕੇ ਲਹੂ ਵਹਾਇਆ, ਮਾਸੂਮ ਬੱਚਿਆਂ ਨੂੰ ਨਹੀਂ ਬਖ਼ਸ਼ਿਆ, ਦਿਲ ਖੋਲ੍ਹ ਕੇ ਲੁੱਟਾਂ-ਖੋਹਾਂ ਕੀਤੀਆਂ, ਔਰਤਾਂ ਦੀ ਰੱਜ ਕੇ ਬੇਪਤੀ ਕੀਤੀ। ਗੁਰਾਂ ਦੇ ਨਾਂ 'ਤੇ ਵਸਦੇ ਪੰਜਾਬ ਦੀ ਧਰਤੀ 'ਤੇ ਵਾਪਰਿਆ ਇਹ ਦੁਖਾਂਤ ਮਨੁੱਖੀ ਸਭਿਅਤਾ ਦੇ ਇਤਿਹਾਸ ਵਿਚ ਵਾਪਰੀਆਂ ਸਭ ਤੋਂ ਘਿਨਾਉਣੀਆਂ ਘਟਨਾਵਾਂ ਵਿਚ ਗਿਣਿਆਂ ਜਾਂਦਾ ਹੈ।ਅਸਲ ਵਿਚ "ਬੁਰੇ ਦਾ ਭਲਾ ਕਰਿ" ਕਹਿਣ ਵਾਲੇ ਬਾਬਾ ਫ਼ਰੀਦ ਤੋਂ ਲੈ ਕੇ "ਬੈਰੀ ਮੀਤ ਸਮਾਨਿ" ਕਹਿਣ ਵਾਲੇ ਗੁਰੂ ਤੇਗ ਬਹਾਦਰ ਤੱਕ ਸਾਰੇ ਰਹਿਬਰ ਗੁਰੂ ਗ੍ਰੰਥ ਸਾਹਿਬ ਦੇ ਰੂਪ 'ਚ ਇਕਜੁੱਟ ਹੋ ਕੇ 'ਦੁਸ਼ਮਣੀ' ਅਤੇ 'ਬਦਲਾ' ਦੇ ਤੱਤ ਨੂੰ ਸਾਡੇ ਸੱਭਿਆਚਾਰ 'ਚੋਂ ਮੇਟਣਾ ਚਾਹੁੰਦੇ ਹਨ। ਇਸ ਲਈ ਉਹ ਸਾਰੇ 'ਹਉਮੈ' ਨੂੰ ਮਿਟਾਉਣ ਦੀ ਗੁਹਾਰ ਲਗਾ ਰਹੇ ਹਨ। ਪਰ ਅਸੀਂ ਉਹਨਾਂ ਨੂੰ ਹਰਗਿਜ਼ ਕਾਮਯਾਬ ਨਹੀਂ ਹੋਣ ਦੇਣਾ ਚਾਹੁੰਦੇ, ਕਿਉਂਕਿ ਸਾਡੇ ਪੰਜਾਬੀ ਸੱਭਿਆਚਾਰ

ਦੀ ਤਾਂ ਬੱਲੇ-ਬੱਲੇ ਹੀ ਇਸ 'ਦੁਸ਼ਮਣੀ' ਅਤੇ 'ਬਦਲਾ' ਦੇ ਤੱਤ ਕਾਰਨ ਹੈ। ਇਹ ਗੱਲ ਵੱਖਰੀ ਹੈ ਕਿ ਗੁਰੂ ਨੂੰ ਘਚਾਨੀ ਦੇਣ ਲਈ ਅਸੀਂ ਆਪਣੀ ਵਿਅਕਤੀਗਤ ਅਤੇ ਜਮਾਤੀ ਹਉਮੈ ਦਾ ਨਾਂ ਬਦਲ ਕੇ 'ਅਣਖ' ਰੱਖ ਲੈਂਦੇ ਹਾਂ।

ਪੁਰਾਣੇ ਜ਼ਮਾਨੇ ਵਿਚ ਰਾਜ ਭਾਗ 'ਤੇ ਕਬਜ਼ੇ ਦਾ ਫੈਸਲਾ ਜੰਗਾਂ-ਯੁੱਧਾਂ ਵਿਚ ਹੋਣ ਵਾਲੀ ਹਾਰ ਜਿੱਤ ਨਾਲ ਹੁੰਦਾ ਸੀ। ਵਰਤਮਾਨ ਸਮੇਂ ਵਿਚ ਰਾਜ ਸੱਤਾ ਲਈ ਖ਼ੂਨ ਖਰਾਬੇ ਦੀ ਬਜਾਏ ਚੋਣਾਂ ਵਿਚ ਵੱਧ ਵੋਟਾਂ ਲੈਣ ਦਾ ਤਰੀਕਾ ਪ੍ਰਚੱਲਤ ਹੈ। ਪਰ ਸਾਡਾ ਆਪਣੇ ਪੁਰਾਣੇ ਸੱਭਿਆਚਾਰ ਨਾਲ ਪਿਆਰ ਦੇਖੋ। ਅਸੀਂ ਅਜੇ ਵੀ ਚੋਣਾਂ ਵਿਚ ਭਾਗ ਲੈਣ ਨੂੰ ਚੋਣ ਲੜਨਾ ਆਖਦੇ ਹਾਂ। ਗੱਲ ਕੀ, ਸਾਡਾ ਲੜਾਈ, ਟਾਕਰੇ, ਹਿੰਸਾ ਤੋਂ ਬਿਨਾ ਜਿਵੇਂ ਗੁਜ਼ਾਰਾ ਨਹੀਂ ਹੈ। ਹਿੰਸਾ, ਬਦਲੇ, ਹੈਂਕੜ, ਧੌਂਸ ਅਦਿ ਦੇ ਮਸਾਲੇ ਨਾਲ ਨੱਕੋ-ਨੱਕ ਭਰੇ ਪੰਜਾਬੀ ਗੀਤ ਗਾਉਣ ਵਾਲੇ ਗਵੱਈਏ ਜਦ ਆਪਣੇ ਆਪ ਨੂੰ ਪੰਜਾਬੀ ਸੱਭਿਆਚਾਰ ਨੂੰ ਬਚਾਉਣ ਵਾਲੇ ਰਖਵਾਲੇ ਦੱਸਦੇ ਹਨ ਤਾਂ ਜਾਪਦਾ ਹੈ ਕਿ ਉਹ ਠੀਕ ਹੀ ਕਹਿ ਰਹੇ ਹਨ ਕਿਉਂਕਿ ਅਜਿਹਾ ਕਰਕੇ ਉਹ ਪੰਜਾਬੀ ਸੱਭਿਆਚਾਰ ਨੂੰ ਗੁਰੂ ਗਰੰਥ ਸਾਹਿਬ ਦੇ ਫਲਸਫੇ ਦੇ ਪ੍ਰਭਾਵ ਤੋਂ ਬਚਾ ਰਹੇ ਹਨ।

ਦੁਸ਼ਮਨ ਵਲੋਂ ਇਕ ਗੱਲ੍ਹ 'ਤੇ ਚਪੇੜ ਮਾਰੇ ਜਾਣ 'ਤੇ ਦੂਜੀ ਗੱਲ੍ਹ ਅੱਗੇ ਕਰਨ ਵਾਲੀ ਮਹਾਤਮਾ ਗਾਂਧੀ ਦੀ ਗੱਲ ਦਾ ਪੰਜਾਬੀਆਂ ਵਲੋਂ ਸਭ ਤੋਂ ਵੱਧ ਮਜ਼ਾਕ ਉਡਾਇਆ ਜਾਂਦਾ ਹੈ ਹਾਲਾਂ ਕਿ ਮਹਾਤਮਾ ਗਾਂਧੀ ਦੀ ਇਸ ਗੱਲ ਦੀ ਭਾਵਨਾ ਪੰਜਾਬੀ ਦੇ ਮੋਢੀ ਸ਼ਾਇਰ ਬਾਬਾ ਫਰੀਦ ਦੇ ਗੁਰੂ ਗਰੰਥ ਸਾਹਿਬ ਵਿਚ ਦਰਜ "ਤਿਨ੍ਾ ਨ ਮਾਰੇ ਘੁੰਮਿ" ਅਤੇ "ਬੁਰੇ ਦਾ ਭਲਾ ਕਰਿ" ਵਾਲੇ ਦੋਹਾਂ ਸਲੋਕਾਂ ਦੇ ਬੜੀ ਨੇੜੇ ਤੇੜੇ ਹੈ। ਜਦ ਮੈਂ ਫ਼ਰੀਦ ਜੀ ਦੇ ਇਹਨਾਂ ਸਲੋਕਾਂ ਦਾ ਧਿਆਨ ਧਰਦਾ ਹਾਂ ਤਾਂ ਮੈਨੂੰ 1999 ਵਿਚ ਉੜੀਸਾ 'ਚ ਇਕ ਪਰਿਵਾਰ ਨਾਲ ਵਾਪਰੀ ਭਿਆਨਕ ਘਟਨਾ ਯਾਦ ਆ ਜਾਂਦੀ ਹੈ। ਆਸਟ੍ਰੇਲੀਆ ਦੇ ਇਸਾਈ ਮਿਸ਼ਨਰੀ ਡਾ. ਗਰ੍ਹਮ ਸਟੇਨਜ਼ 1965 ਤੋਂ ਉਡੀਸਾ ਦੇ ਕਬਾਇਲੀ ਇਲਾਕਿਆਂ ਦੇ ਗਰੀਬਾਂ ਖਾਸਕਰ ਕੋਹੜ ਦੇ ਮਰੀਜ਼ਾਂ ਲਈ ਕੰਮ ਕਰਦੇ ਸਨ। ਕਬਾਇਲੀ ਲੋਕ ਉਹਨਾਂ ਨੂੰ ਮਸੀਹੇ ਵਾਂਗ ਸਮਝਦੇ ਸਨ। ਉਹਨਾਂ ਦੀ ਨੇਕੀ ਕਰਕੇ ਕਈ ਲੋਕ ਇਸਾਈਅਤ ਵੱਲ ਵੀ ਆਕਰਸ਼ਤ ਹੋਏ ਹੋਣਗੇ। ਇਸ ਗੱਲ ਤੋਂ ਖ਼ਫ਼ਾ ਹੋ ਕੇ ਇਕ ਮਜ਼ਹਬੀ ਸੰਗਠਨ ਦੇ ਕਾਰਕੁੰਨਾ ਨੇ ਇਕ ਰਾਤ ਉਹਨਾਂ ਨੂੰ ਉਹਨਾਂ ਦੇ 9 ਸਾਲ ਅਤੇ 6 ਸਾਲ ਦੇ ਪੁੱਤਰਾਂ ਸਮੇਤ ਉਸ ਸਮੇਂ ਜਿੰਦਾ ਜ਼ਲਾ ਦਿੱਤਾ ਜਦ ਉਹ ਤਿੰਨੋਂ ਆਪਣੀ ਗੱਡੀ ਵਿਚ ਸੁੱਤੇ ਪਏ ਸਨ। ਆਪਣੇ ਪਤੀ ਅਤੇ ਮਾਸੂਮ ਬੱਚਿਆ ਦੇ ਇਸ ਬੇਰਹਿਮ ਕਤਲ ਮਗਰੋਂ ਸ਼੍ਰੀਮਤੀ ਗਲੈਡੀ ਸਟੇਨਜ਼ ਨੇ ਜੋ ਅਦਾਲਤੀ ਬਿਆਨ ਦਿੱਤਾ ਉਹ ਦੇਖਣ ਅਤੇ ਵਿਚਾਰਨ ਵਾਲਾ ਹੈ:

*"ਡਾ. ਗਰ੍ਹਮ ਦੁਆਰਾ ਆਰੰਭੇ ਕਾਰਜ ਨੂੰ ਅੱਗੇ ਤੋਰਨ ਲਈ ਅਤੇ ਮੈਨੂੰ ਨੇਕੀ ਦਾ ਰਸਤਾ ਦਿਖਾਉਣ ਲਈ ਪ੍ਰਮਾਤਮਾ ਹਮੇਸ਼ਾ ਮੇਰੇ ਅੰਗ ਸੰਗ ਹੈ। ਮੈਨੂੰ ਆਪਣੇ ਪਤੀ ਅਤੇ ਬੱਚਿਆਂ ਦੇ ਏਨੀ ਬੇਰਹਿਮੀ ਨਾਲ ਮਾਰੇ ਜਾਣ ਤੇ ਕਈ ਵਾਰ ਹੈਰਾਨੀ ਤਾਂ ਹੁੰਦੀ*

*ਹੈ ਪਰ ਮੇਰੇ ਦਿਲ'ਚ ਇਹ ਬਿਲਕੁਲ ਨਹੀਂ ਆਉਂਦਾ ਕਿ ਜ਼ਿੰਮੇਵਾਰ ਵਿਅਕਤੀਆਂ ਨੂੰ ਕੋਈ ਸਜ਼ਾ ਦਿੱਤੀ ਜਾਵੇ। ਮੈਨੂੰ ਆਸ ਹੈ ਕਿ ਉਹਨਾਂ ਦੇ ਮਨਾਂ 'ਚ ਜ਼ਰੂਰ ਆਪਣੇ ਕੀਤੇ ਲਈ ਪਛਤਾਵਾ ਹੋਵੇਗਾ ਅਤੇ ਉਹ ਆਪਣੇ ਆਪ ਨੂੰ ਸੁਧਾਰ ਲੈਣਗੇ।"*

ਸ਼੍ਰੀਮਤੀ ਗਲੈਡੀ ਨੇ ਆਪਣੇ ਪਤੀ ਡਾ. ਗਰ੍ਹੱਮ ਸਟੇਨਜ਼ ਤੋਂ ਮਗਰੋਂ ਉਸ ਦੇ ਮਿਸ਼ਨਰੀ ਕਾਰਜਾਂ ਨੂੰ ਉਸੇ ਤਰ੍ਹਾਂ ਜਾਰੀ ਰੱਖਿਆ, ਕੋਈ ਢਿੱਲ ਨਹੀਂ ਆਉਣ ਦਿੱਤੀ। ਕਬਾਇਲੀ ਖੇਤਰ ਵਿਚ ਕੋਹੜ ਦੇ ਰੋਗੀਆਂ ਦੀ ਭਲਾਈ ਲਈ ਕੀਤੇ ਕਾਰਜਾਂ ਲਈ ਉਸ ਨੂੰ 2005 ਵਿਚ ਪਦਮ ਸ਼੍ਰੀ ਐਵਾਰਡ ਦਿੱਤਾ ਗਿਆ। ਇਸ ਉਦਾਹਰਨ ਦਾ ਇਹ ਮਤਲਬ ਨਹੀਂ ਕਿ ਇਸਾਈਆਂ ਨੇ ਕਦੀ ਮਨੁੱਖਤਾ ਵਿਰੋਧੀ ਕੰਮ ਨਹੀਂ ਕੀਤੇ ਜਾਂ ਇਸਾਈਅਤ ਕਰਕੇ ਮਨੁੱਖਤਾ ਦਾ ਖ਼ੂਨ ਨਹੀਂ ਡੁਲ੍ਹਿਆ ਜਾਂ ਸਾਰੇ ਇਸਾਈ ਡਾ. ਗਰ੍ਹੱਮ ਜਾਂ ਗਲੈਡੀ ਸਟੇਨਜ਼ ਵਰਗੇ ਨੇਕ ਹਨ। ਅਸੀਂ ਜਾਣਦੇ ਹਾਂ ਕਿ ਸਿੱਖਾਂ 'ਤੇ ਸਟੇਨਜ਼ ਪਰਿਵਾਰ ਨਾਲੋਂ ਵੀ ਵੱਡੇ ਅਤੇ ਅਣਗਿਣਤ ਕਹਿਰ ਵਾਪਰੇ ਹਨ, ਅਸਹਿ ਅਤੇ ਅਕਹਿ ਕਸ਼ਟ ਸਹਾਰੇ ਹਨ ਪਰ ਗੁਰੂ ਸਾਹਿਬਾਨਾਂ ਤੋਂ ਮਗਰਲੇ ਸਿੱਖ ਇਤਿਹਾਸ ਵਿਚ ਕਿਸੇ ਵੀ ਦੁਖਦਾਈ ਘਟਨਾ ਮਗਰੋਂ ਕਦੀ ਇਹੋ ਜਿਹਾ ਪ੍ਰਤੀਕਰਮ ਸਾਹਮਣੇ ਨਹੀਂ ਆਇਆ ਜਿਸ ਤਰ੍ਹਾਂ ਦਾ ਅਸੀਂ ਸ਼੍ਰੀਮਤੀ ਗਲੈਡੀ ਦੇ ਲਫ਼ਜ਼ਾਂ ਵਿਚ ਉਪਰ ਪੜ੍ਹਿਆ ਹੈ।

# ਭਗਤ ਸਿੰਘ ਦੇ ਅਸਲ ਨੂੰ ਤਲਾਸ਼ਦਿਆਂ

ਸ਼ਹੀਦ ਭਗਤ ਸਿੰਘ ਨੇ ਆਜ਼ਾਦੀ ਦੀ ਲੜਾਈ ਦੌਰਾਨ ਇਨਕਲਾਬੀ ਲਹਿਰ ਨੂੰ ਅੰਗਰੇਜ਼ਾਂ ਨੂੰ ਦੇਸ਼ ਵਿਚੋਂ ਬਾਹਰ ਕੱਢਣ ਦੇ ਨਾਲ ਨਾਲ ਰਾਜ ਪ੍ਰਬੰਧ ਨੂੰ ਕਲਿਆਣਕਾਰੀ ਅਤੇ ਸਮਾਜਵਾਦੀ ਲੀਹਾਂ 'ਤੇ ਉਸਾਰਨ ਦੇ ਉਦੇਸ਼ ਨਾਲ ਵੀ ਸਬੰਧਤ ਕਰ ਦਿੱਤਾ। ਸੰਸਾਰ ਵਿੱਚ ਇਸ ਸਮੇਂ ਸਾਮਰਾਜਵਾਦ ਰਾਜਨੀਤਕ, ਉਦਯੋਗਿਕ, ਵਪਾਰਿਕ, ਸਾਹਿਤਕ, ਸਭਿਆਚਾਰਕ ਅਤੇ ਮਾਨਸਿਕ ਗਲਬੇ ਦੇ ਰੂਪ ਵਿਚ ਬਹੁਤ ਵਿਆਪਕ, ਜਟਿਲ ਅਤੇ ਖ਼ਤਰਨਾਕ ਰੂਪ ਧਾਰ ਰਿਹਾ ਹੈ। ਅਜਿਹੇ ਸਮੇਂ ਸ਼ਹੀਦ ਭਗਤ ਸਿੰਘ ਵਰਗੇ ਕ੍ਰਾਂਤੀਕਾਰੀ ਦੇ ਵਿਚਾਰਾਂ ਨੂੰ ਨਵੀਆਂ ਹਾਲਤਾਂ ਵਿੱਚ ਸਮਝਣਾ ਬਹੁਤ ਮਹੱਤਵਪੂਰਨ ਹੋ ਜਾਂਦਾ ਹੈ। ਪਰ ਉਸ ਦੇ ਕ੍ਰਾਂਤੀਕਾਰੀ ਵਿਚਾਰਾਂ ਦੇ ਸਨਮੁਖ ਉਸ ਦਾ ਸਥਾਪਤ ਬਿੰਬ ਵੱਡੇ ਅੜਿਕੇ ਦੇ ਤੌਰ ਤੇ ਪੇਸ਼ ਹੁੰਦਾ ਹੈ।

ਪਿਛਲੇ ਸਾਲੀਂ ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੇ ਸ਼ਹੀਦੀ ਦਿਨ ਤੇ ਸਰਕਾਰੀ ਛੁੱਟੀ ਬੰਦ ਹੋਣ ਤੇ ਕਈ ਵਿਦਿਅਕ ਅਦਾਰਿਆਂ ਵਿਚ ਵਿਦਿਆਰਥੀਆਂ ਵਲੋਂ ਹੜਤਾਲ ਕੀਤੀ ਗਈ। ਸੜਕਾਂ ਤੇ ਜਲੂਸ ਕੱਢੇ ਗਏ, ਮੁਜਾਹਰੇ ਕੀਤੇ ਗਏ। ਆਪਣੇ ਸ਼ਹੀਦੀ ਵੇਲੇ ਤੱਕ ਕਿਤਾਬ ਪੜ੍ਹਦੇ ਰਹਿਣ ਵਾਲੇ ਭਗਤ ਸਿੰਘ ਦੇ ਸ਼ਹੀਦੀ ਦਿਨ ਦੀ ਛੁੱਟੀ ਨੂੰ ਲੈ ਕੇ ਹੋ ਰਹੇ ਬਵਾਲ ਦੀਆਂ ਖ਼ਬਰਾਂ ਪੜ੍ਹ ਕੇ ਇਕ ਕਾਰਟੂਨ ਸੁੱਝਦਾ ਸੀ-

ਸ਼ਹੀਦ-ਏ-ਆਜ਼ਮ ਦੇ ਸ਼ਹੀਦੀ ਦਿਨ ਦੀ
ਛੁੱਟੀ ਨਾ ਹੋਵੇ
ਇਹ ਗੱਲ ਕਿਵੇਂ ਜਰੀਏ
ਚਲੋ ਰੋਸ ਹੜਤਾਲ ਕਰੀਏ

ਕਲਾਸਾਂ ਦਾ ਬਾਈਕਾਟ ਕਰਾਂਗੇ
ਨਾ ਪੜ੍ਹਨ ਪੜ੍ਹਾਉਣ ਦਿਆਂਗੇ
ਤੇ ਨਾ ਪੜ੍ਹਾਂਗੇ
ਉਸ ਸ਼ਹੀਦ ਦੇ ਸ਼ਹੀਦੀ ਦਿਨ 'ਤੇ
ਜੋ ਆਖਰੀ ਸਮੇਂ ਤੱਕ
ਪੜ੍ਹਦਾ ਰਿਹਾ ਸੀ

2007 ਸ਼ਹੀਦ ਭਗਤ ਸਿੰਘ ਦੇ ਜਨਮ ਦਾ ਸ਼ਤਾਬਦੀ ਵਰ੍ਹਾ ਸੀ। ਇਹਨੀਂ ਦਿਨੀਂ

ਲੁਧਿਆਣਾ ਦੇ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਵਿਚ ਚੱਲ ਰਹੇ ਪ੍ਰੋਗਰਾਮ ਦੌਰਾਨ ਜਦ ਪੁੱਛਿਆ ਗਿਆ ਕਿ ਕਿਸ ਨੂੰ ਭਗਤ ਸਿੰਘ ਬਹੁਤ ਪ੍ਰੇਰਤ ਕਰਦਾ ਜਾਂ ਚੰਗਾ ਲੱਗਦਾ ਹੈ ਤਾਂ ਭਰੇ ਹਾਲ ਵਿਚ ਸਭ ਦੀਆਂ ਬਾਹਵਾਂ ਖੜ੍ਹੀਆਂ ਸਨ। ਜਦ ਪੁੱਛਿਆ ਗਿਆ ਕਿ ਕੌਣ ਭਗਤ ਸਿੰਘ ਬਣਨਾ ਚਾਹੁੰਦਾ ਹੈ ਤਾਂ ਸਿਰਫ ਦੋ ਜਾਂ ਤਿੰਨ ਹੱਥ ਖੜ੍ਹੇ ਸਨ।

ਭਗਤ ਸਿੰਘ ਦਾ ਨਾਇਕਤਵ ਤਾਂ ਸਭ ਚੰਗਾ ਨੂੰ ਲੱਗਦਾ ਹੈ ਪਰ ਕੋਈ ਇਹ ਨਹੀਂ ਚਾਹੁੰਦਾ ਕਿ ਭਗਤ ਸਿੰਘ ਵਰਗਾ ਬਣਿਆਂ ਜਾਏ ਜਾਂ ਆਪਣੇ ਕਿਸੇ ਧੀ-ਪੁੱਤ ਨੂੰ ਉਸ ਵਰਗਾ ਬਣਾਇਆ ਜਾਏ। ਉਸ ਦੀ ਲੋਕ ਪ੍ਰਿਅਤਾ ਦਾ ਕੋਈ ਪਾਰਾਵਾਰ ਨਹੀਂ। ਸਿੱਖ ਉਸ ਨੂੰ ਸਿੱਖ ਹੋਣ ਕਰਕੇ ਵਧੇਰੇ ਪਸੰਦ ਕਰਦੇ ਹੋ ਸਕਦੇ ਹਨ। ਜੱਟਾਂ ਨੂੰ ਉਸ ਦਾ ਜੱਟ ਪਰਿਵਾਰ ਨਾਲ ਸਬੰਧਤ ਹੋਣਾ ਗੌਰਵ ਪਰਦਾਨ ਕਰਦਾ ਹੋਏਗਾ। ਹਿੰਦੂਆਂ ਖਾਸਕਰ ਆਰ. ਐਸ. ਐਸ. ਵਾਲਿਆਂ ਨੂੰ ਉਸਦਾ ਆਰੀਆ ਸਮਾਜ ਵਾਲਾ ਪਿਛੋਕੜ ਆਸਰਾ ਦਿੰਦਾ ਹੋਵੇਗਾ। ਨਕਸਲੀਆਂ ਅਤੇ ਖਾਲਸਤਾਨੀਆਂ ਨੂੰ ਉਸ ਦੇ ਬੰਬਾਂ ਅਤੇ ਗੋਲੀਆਂ ਦੀ ਗੂੰਜ ਪ੍ਰੇਰਤ ਕਰਦੀ ਰਹੀ ਹੋਵੇਗੀ। ਲਾਹੌਰ ਦੇ ਇਲਾਕੇ ਨਾਲ ਉਸ ਦੇ ਜੀਵਨ ਅਤੇ ਸ਼ਹੀਦੀ ਦਾ ਸਬੰਧ ਹੋਣ ਕਰਕੇ ਲਹਿੰਦੇ ਪੰਜਾਬ ਵਿੱਚ ਵੀ ਚੋਖੀ ਮਾਨਤਾ ਹੈ। ਪਰ ਭਗਤ ਸਿੰਘ ਬਾਰੇ ਸਾਂਝਾ ਤੱਥ ਜੋ ਸਭ ਦੇ ਮਨਾਂ ਵਿਚ ਉਸ ਦਾ ਉੱਚਾ ਸਥਾਨ ਸਥਾਪਤ ਕਰਦਾ ਹੈ ਉਹ ਹੈ ਉਸ ਦਾ ਚੜ੍ਹਦੀ ਜਵਾਨੀ ਵਿਚ ਹੱਸ ਹੱਸ ਕੇ ਫਾਂਸੀ ਦਾ ਰੱਸਾ ਚੁੰਮਣਾਂ। ਇਸ ਫਾਂਸੀ ਨੂੰ ਕੋਈ ਭਾਰਤ ਮਾਤਾ ਦੀ ਆਬਰੂ ਨਾਲ ਸਬੰਧਤ ਕਰਦਾ ਹੈ, ਕੋਈ ਆਜ਼ਾਦੀ ਨਾਲ, ਕੋਈ ਗਰੀਬਾਂ ਮਜ਼ਦੂਰਾਂ ਦੇ ਹਿੱਤਾਂ ਦੀ ਰਾਖੀ ਨਾਲ, ਕੋਈ ਅਣਖ ਨਾਲ ਤੇ ਕੋਈ ਸਿਰਫ ਮੁੱਛ ਦੇ ਸਵਾਲ ਨਾਲ। ਪਰ ਸਾਰਿਆਂ ਨੇ ਭਗਤ ਸਿੰਘ ਨੂੰ ਸਿਰਫ ਫਾਂਸੀ, ਮੌਤ ਜਾਂ ਸ਼ਹੀਦੀ ਨਾਲ ਜੋੜ ਕੇ ਹੀ ਆਪਣੇ ਮਨਾਂ ਵਿਚ ਪ੍ਰਤੀਬਿੰਬਤ ਕੀਤਾ ਹੋਇਆ ਹੈ। ਕਵੀਆਂ ਨੇ ਉਸ ਨੂੰ ਮੌਤ ਵਿਆਹੁਣ ਵਾਲਾ ਲਾੜਾ ਕਿਹਾ-

ਆਓ ਨੀ ਭੈਣੋ ਰਲ-ਮਿਲ ਗਾਵੀਏ ਘੋੜੀਆਂ
ਜੰਞ ਤਾਂ ਹੋਈ ਏ ਤਈਆਰ ਵੇ ਹਾਂ
ਮੌਤ ਕੁੜੀ ਨੂੰ ਪਰਣਾਵਣ ਚਲਿਆ ਭਗਤ ਸਿੰਘ ਸਰਦਾਰ ਵੇ ਹਾਂ

ਕਿਉਂਕਿ ਸਭ ਲਈ ਭਗਤ ਸਿੰਘ ਹੋਣ ਦਾ ਅਰਥ ਭਰ ਜਵਾਨੀ ਵਿੱਚ ਮੌਤ ਨੂੰ ਜੱਫੀਆਂ ਪਾਉਂਣਾ ਹੈ ਅਤੇ ਮੌਤ ਤੋਂ ਅਸੀਂ ਲਗਪਗ ਸਾਰੇ ਹੀ ਡਰਦੇ ਹਾਂ, ਇਸ ਲਈ ਉਸ ਵਰਗਾ ਹੋਣਾ ਸਾਡੀ ਇੱਛਾ ਨਹੀਂ ਹੋ ਸਕਦੀ। ਪਰ ਉਸ ਦੇ ਜੀਵਨ ਦੀਆਂ ਸਰਗਰਮੀਆਂ ਅਤੇ ਲਿਖਤਾਂ ਦਾ ਅਧਿਅਨ ਕਰਨ ਨਾਲ ਭਗਤ ਸਿੰਘ ਦਾ ਹੋਰ ਹੀ ਰੂਪ ਸਾਹਮਣੇ ਆਉਂਦਾ ਹੈ। ਭਗਤ ਸਿੰਘ ਦਾ ਅਜਿਹਾ ਰੂਪ ਕਿ ਜਿਸ ਵਰਗਾ ਹੋਣ ਤੋਂ ਡਰਨ ਨਹੀਂ ਸਗੋਂ ਉਸ ਜਹੇ ਬਣਨ ਦੀ ਲੋੜ ਹੈ। ਭਗਤ ਸਿੰਘ ਮੌਤ ਦਾ ਨਹੀਂ ਸਗੋਂ ਜ਼ਿੰਦਗੀ ਦਾ ਲਾੜਾ ਸੀ। ਜ਼ਿੰਦਗੀ ਦੇ ਗੀਤ ਗਾਉਣ ਵਾਲਾ ਜ਼ਿੰਦਗੀ ਦਾ ਆਸ਼ਕ। ਉਹ ਸ਼ਾਂਤੀ, ਆਜ਼ਾਦੀ, ਖੇੜੇ ਅਤੇ ਖੁਸ਼ਹਾਲੀ ਭਰੀ ਮਾਨਵੀ ਜ਼ਿੰਦਗੀ ਦੇ ਸੁਪਨੇ ਦੀ ਖੁਮਾਰੀ

ਨਾਲ ਭਰਿਆ ਪਿਆ ਸੀ। ਉਹ ਘਰੋਂ ਅੰਤਰ ਰਾਸ਼ਟਰੀ, ਕੌਮੀ ਅਤੇ ਸਥਾਨਕ ਪੱਧਰ ਦੀਆਂ ਤੱਤਕਾਲੀਨ ਰਾਜਨੀਤਕ, ਸਮਾਜਕ, ਆਰਥਿਕ ਅਤੇ ਪ੍ਰਸ਼ਾਸਨਿਕ ਸਥਿਤੀਆਂ ਨੂੰ ਸਮਝਣ ਸਮਝਾਉਣ ਲਈ ਅਤੇ ਲੋਕਾਂ ਨੂੰ ਆਜ਼ਾਦੀ, ਬਰਾਬਰੀ ਅਤੇ ਸਮਾਜਿਕ ਨਿਆਂ ਲਈ ਸੰਘਰਸ਼ ਕਰਨ ਲਈ ਜਾਗਰਿਤ ਕਰਨ ਲਈ ਤੁਰਿਆ ਸੀ ਨਾ ਕਿ ਮਰਨ ਲਈ। ਨਾ ਸਾਂਡਰਸ ਨੂੰ ਮਾਰਨ ਦਾ ਅਤੇ ਨਾ ਹੀ ਅਸੈਂਬਲੀ ਵਿਚ ਬੰਬ ਸੁੱਟਣ ਦਾ ਮਨੋਰਥ ਸ਼ਹੀਦੀ ਪਦਵੀ ਪ੍ਰਾਪਤ ਕਰਨਾ ਸੀ। ਹਾਂ, ਸ਼ਹੀਦੀ ਦਾ ਜ਼ਰੂਰੀ ਮਨੋਰਥ ਸੀ: ਇਨਕਲਾਬੀ ਚੇਤਨਾ ਨੂੰ ਹਰ ਭਾਰਤ ਦੇ ਹਰ ਕੋਨੇ ਵਿਸ਼ੇਸਕਰ ਨੌਜਵਾਨਾਂ ਤੱਕ ਪਰਵਾਹਿਤ ਕਰਨਾ। ਜਿਥੇ 23 ਮਾਰਚ ਦੇ ਦਿਨ ਦਾ ਸਬੰਧ ਸ਼ਹੀਦ-ਏ-ਆਜ਼ਮ ਦੀ ਸ਼ਹੀਦੀ ਨਾਲ ਹੈ ਉਥੇ ਸਾਲ ਦੇ ਬਾਕੀ 364 ਦਿਨਾਂ ਦਾ ਸਬੰਧ ਉੱਚ ਆਦਰਸ਼ ਨੂੰ ਸਮਰਪਿਤ ਉਸ ਦੀਆਂ ਸਾਰੀਆਂ ਜੀਵਨ ਸਰਗਰਮੀਆਂ ਨਾਲ ਹੈ। ਜੇ ਸਾਲ ਦੇ 364 ਦਿਨ ਅਸੀਂ ਉਸ ਦੇ ਜੀਵਨ ਸੰਗਰਾਮ ਅਤੇ ਜੀਵਨ ਮਨੋਰਥ ਦਾ ਧਿਆਨ ਨਹੀਂ ਧਰਦੇ ਤਾਂ ਇਕ ਦਿਨ ਉਸ ਦੀ ਸ਼ਹੀਦੀ ਨੂੰ ਯਾਦ ਕਰਨ ਦੇ ਪਾਖੰਡ ਦਾ ਕੀ ਲਾਭ?

ਜਿਸ ਮੌਤ ਕਰਕੇ ਉਹ ਸਾਡੇ ਚੇਤਿਆਂ ਵਿਚ ਹੈ ਉਸ ਮੌਤ ਦਾ ਫੈਸਲਾ ਤਾਂ ਬਰਤਾਨਵੀ ਸਾਮਰਾਜ ਦੀ ਨੌਕਰਸ਼ਾਹੀ ਨੇ ਕੀਤਾ ਸੀ। ਜੇ ਇਸ ਫੈਸਲੇ ਨੂੰ ਨੌਕਰਸ਼ਾਹੀ ਮੌਕੇ ਤੇ ਰੱਦ ਕਰ ਦਿੰਦੀ ਤਾਂ ਸ਼ਾਇਦ ਸਾਨੂੰ ਅੱਜ ਭਗਤ ਸਿੰਘ ਦਾ ਨਾਂ ਵੀ ਪਤਾ ਨਾ ਹੁੰਦਾ। ਕਾਰਨ ਇਹ ਹੈ ਕਿ ਜਿਸ ਭਗਤ ਸਿੰਘ ਨੂੰ ਭਗਤ ਸਿੰਘ ਨੇ ਸਿਰਜਿਆ ਸੀ ਉਸ ਨਾਲ ਸਾਡਾ ਬਹੁਤਾ ਵਾਸਤਾ ਨਹੀਂ ਹੈ। ਅਸੀਂ ਬੁੱਤ ਸਿਰਜਨਾ ਅਤੇ ਬੁੱਤ ਪੂਜਾ ਨਾਲ ਹੀ ਆਪਣੀ ਗੁਜ਼ਰ ਬਸਰ ਕਰਨੀ ਚਾਹੁੰਦੇ ਹਾਂ। ਪੜ੍ਹਨਾ, ਗੁੜਨਾ, ਜਾਨਣਾ, ਸਮਝਣਾ ਪੰਜਾਬੀਆਂ ਲਈ ਬਹੁਤ ਔਖੇ ਕੰਮ ਹਨ। ਸਾਡੇ ਅਜਿਹੇ ਰਵੱਈਏ ਬਾਰੇ ਭਗਤ ਸਿੰਘ ਨੇ 16-17 ਸਾਲ ਦੀ ਉਮਰ ਵਿੱਚ ਲਿਖੇ ਇਕ ਲੇਖ ਵਿਚ ਵਰਨਣ ਕੀਤਾ ਸੀ—

> *"ਲਗਪਗ ਇਕੋ ਹੀ ਸਮੇਂ ਤੇ ਬੰਗਾਲ ਵਿਚ ਸਵਾਮੀ ਵਿਵੇਕਾਨੰਦ ਅਤੇ ਪੰਜਾਬ ਵਿਚ ਸਵਾਮੀ ਰਾਮਤੀਰਥ ਪੈਦਾ ਹੋਏ। ਦੋਨੋਂ ਹੀ ਇਕੋ ਦਰਜੇ ਦੇ ਮਹਾਂਪੁਰਸ਼ ਸਨ। ਦੋਨਾਂ ਨੇ ਵਿਦੇਸ਼ਾਂ ਵਿਚ ਭਾਰਤੀ ਤੱਤਵ ਗਿਆਨ ਦੀ ਧਾਂਕ ਜਮਾ ਕੇ ਖ਼ੁਦ ਜਗਤ ਪ੍ਰਸਿੱਧੀ ਪ੍ਰਾਪਤ ਕੀਤੀ। ਪਰ ਸਵਾਮੀ ਵਿਵੇਕਾਨੰਦ ਦਾ ਮਿਸ਼ਨ ਬੰਗਾਲ ਵਿਚ ਇੱਕ ਪੱਕੀ ਸੰਸਥਾ ਬਣ ਗਿਆ। ਪਰ ਪੰਜਾਬ ਵਿਚ ਸਵਾਮੀ ਰਾਮਤੀਰਥ ਦੀ ਯਾਦਗਾਰ ਤੱਕ ਨਹੀਂ ਦਿਸਦੀ। ...ਉਹ (ਸਵਾਮੀ ਰਾਮਤੀਰਥ) ਕਈ ਵਾਰ ਅਮਰੀਕਾ ਵਿੱਚ ਅਸਤ ਹੁੰਦੇ ਸੂਰਜ ਨੂੰ ਦੇਖ ਕੇ ਆਂਸੂ ਵਗਾਉਂਦੇ ਹੋਏ ਕਹਿ ਉੱਠਦੇ ਸਨ "ਤੂੰ ਹੁਣ ਮੇਰੇ ਪਿਆਰੇ ਭਾਰਤ ਵਿਚ ਚੜ੍ਹਨ ਜਾ ਰਿਹਾ ਹੈਂ, ਮੇਰੇ ਇਹਨਾਂ ਆਂਸੂਆਂ ਨੂੰ ਭਾਰਤ ਦੇ ਸੁੰਦਰ ਹਰੇ ਖੇਤਾਂ ਵਿਚ ਉਸ ਦੀਆਂ*

> *ਬੂੰਦਾਂ ਦੇ ਰੂਪ ਵਿਚ ਰੱਖ ਦੇਣਾ।" ਏਨਾ ਮਹਾਨ ਦੇਸ਼ ਅਤੇ ਈਸ਼ਵਰ ਭਗਤ ਸਾਡੇ ਸੂਬੇ ਵਿਚ ਪੈਦਾ ਹੋਇਆ ਹੋਵੇ, ਪਰ ਉਸ ਦੀ ਯਾਦਗਾਰ ਤੱਕ ਨਾ ਦਿਸੇ, ਇਸ ਦਾ ਕਾਰਨ ਸਾਹਿਤਕ ਪਿਛੜਿਆਪਨ ਤੋਂ ਇਲਾਵਾ ਹੋਰ ਕੀ ਹੋ ਸਕਦਾ ਹੈ? ਇਹ ਗੱਲ ਅਸੀਂ ਪੈਰ ਪੈਰ ਤੇ ਅਨੁਭਵ ਕਰਦੇ ਹਾਂ। ਬੰਗਾਲ ਦੇ ਮਹਾਂ ਪੁਰਸ਼ ਸ਼੍ਰੀ ਰਵਿੰਦਰਨਾਥ ਠਾਕੁਰ ਅਤੇ ਸ਼੍ਰੀ ਕੇਸ਼ਵ ਚੰਦਰ ਸੇਨ ਦੀ ਟੱਕਰ ਦੇ ਪੰਜਾਬ ਵਿੱਚ ਕਈ ਮਹਾਂ ਪੁਰਸ਼ ਹੋਏ ਹਨ, ਪਰ ਉਹਨਾਂ ਦੀ ਉਹ ਕਦਰ ਨਹੀਂ ਅਤੇ ਮਰਨ ਦੇ ਬਾਅਦ ਉਹ ਜਲਦੀ ਹੀ ਭੁਲਾ ਦਿੱਤੇ ਗਏ, ਜਿਵੇਂ ਗੁਰੂ ਗਿਆਨ ਸਿੰਘ ਜੀ ਇਤਿਆਦਿ। ਇਸ ਸਾਰੇ ਦੀ ਤਹਿ ਵਿਚ ਅਸੀਂ ਦੇਖਦੇ ਹਾਂ ਕਿ ਇਕ ਹੀ ਮੁੱਖ ਕਾਰਨ ਹੈ ਅਤੇ ਉਹ ਹੈ ਸਾਹਿਤਕ ਰੁਚੀ ਤੇ ਜਾਗਰਿਤੀ ਦੀ ਪੂਰੀ ਤਰ੍ਹਾਂ ਘਾਟ।"*

ਭਗਤ ਸਿੰਘ ਪੜ੍ਹਾਈ ਤੋਂ ਭਗੌੜਾ ਹੋ ਕੇ ਬਣਿਆਂ ਇਨਕਲਾਬੀ ਨਹੀਂ ਸੀ।1921 ਦੀ ਨਾ ਮਿਲਵਰਤਣ ਲਹਿਰ ਦੌਰਾਨ ਵਿਦਿਆਰਥੀਆਂ ਨੂੰ ਕਿਹਾ ਗਿਆ ਸੀ ਕਿ ਉਹ ਅੰਗਰੇਜ਼ਾਂ ਦੀ ਨੌਕਰੀ ਵਾਲੀ ਵਿੱਦਿਆ ਨੂੰ ਤਿਆਗਦੇ ਹੋਏ ਸਕੂਲ ਛੱਡ ਦੇਣ।ਦਸਵੀਂ ਵਿਚ ਪੜ੍ਹਦੇ ਭਗਤ ਸਿੰਘ ਨੇ ਸਕੂਲ ਛੱਡ ਦਿੱਤਾ।1922 ਵਿਚ ਦੇਸ਼ ਭਗਤਾਂ ਨੇ ਲਾਹੌਰ ਨੈਸ਼ਨਲ ਕਾਲਜ ਖੋਲ੍ਹ ਕੇ ਨੌਜਵਾਨਾਂ ਲਈ ਦੇਸੀ ਤਰਜ਼ ਦੀ ਦੇਸ਼ ਭਗਤੀ ਦੀ ਵਿੱਦਿਆ ਦੇਣ ਦਾ ਪ੍ਰਬੰਧ ਕੀਤਾ।ਪਰ ਭਗਤ ਸਿੰਘ ਨੇ ਅਜੇ ਦਸਵੀਂ ਪਾਸ ਨਹੀਂ ਸੀ ਕੀਤੀ। ਉਸ ਨੇ ਬਹੁਤ ਮਿਹਨਤ ਕਰਕੇ ਵਿਸ਼ੇਸ਼ ਟੈਸਟ ਪਾਸ ਕਰਕੇ ਕਾਲਜ ਵਿਚ ਦਾਖਲਾ ਲਿਆ।ਇਥੇ ਉਹ ਰਾਜਨੀਤੀ, ਸਾਹਿਤ, ਭਾਸ਼ਾ, ਧਰਮ, ਇਤਿਹਾਸ, ਦਰਸ਼ਨ, ਸਮਾਜ ਸ਼ਾਸਤਰ ਆਦਿ ਵਿਸ਼ਿਆਂ ਦਾ ਨਾ ਕੇਵਲ ਵਿਦਿਆਰਥੀ ਬਣਿਆਂ ਸਗੋਂ ਖੋਜਾਰਥੀ ਹੋ ਨਿਬੜਿਆ।ਉਸ ਸਮੇਂ ਪੰਜਾਬ ਵਿਚ ਮਜ਼ਹਬਾਂ ਦੀ ਆੜ ਵਿਚ ਭਾਸ਼ਾ ਦੇ ਨਾਂ 'ਤੇ ਵੱਡਾ ਬਖੇੜਾ ਅਤੇ ਬਹਿਸ ਚੱਲ ਰਹੀ ਸੀ।16-17 ਸਾਲਾ ਭਗਤ ਸਿੰਘ ਨੇ ਆਪਣੇ ਲੰਮੇ ਲੇਖ, ਜਿਸ ਦਾ ਅਸੀਂ ਉਪਰ ਵੀ ਜ਼ਿਕਰ ਕੀਤਾ ਹੈ, ਰਾਹੀਂ ਭਾਸ਼ਾ ਦੇ ਮਹੱਤਵ ਨੂੰ ਲੈ ਕੇ ਪੰਜਾਬ ਦੀ ਭਾਸ਼ਾ ਅਤੇ ਲਿੱਪੀ ਸਬੰਧੀ ਵਿਚਾਰ ਪ੍ਰਗਟ ਕੀਤੇ।ਉਹ ਪੰਜਾਬ ਵਿਚ ਪੰਜਾਬੀ ਭਾਸ਼ਾ ਦੇ ਮਹੱਤਵ ਦੀ ਗੱਲ ਕਰਦਿਆਂ ਲਿਖਦਾ ਹੈ-

> *"ਸੰਸਕ੍ਰਿਤ ਦਾ ਸਾਰਾ ਸਾਹਿਤ ਹਿੰਦੂ ਸਮਾਜ ਨੂੰ ਮੁੜ ਸੁਰਜੀਤ ਨਾ ਕਰ ਸਕਿਆ। ਇਸ ਲਈ ਮੌਕੇ ਮੁਤਾਬਿਕ ਭਾਸ਼ਾ ਵਿਚ ਨਵੇਂ ਸਾਹਿਤ ਦੀ ਸਿਰਜਨਾ ਕੀਤੀ ਗਈ। ਉਸ ਮੌਕੇ ਮੁਤਾਬਕ ਭਾਵ ਦੇ ਸਾਹਿਤ ਨੇ ਆਪਣਾ ਜੋ ਪ੍ਰਭਾਵ ਦਿਖਾਇਆ ਉਹੀ ਅਸੀਂ ਅੱਜ ਤੱਕ ਅਨੁਭਵ ਕਰਦੇ ਹਾਂ।...ਔਖੀ ਸੰਸਕ੍ਰਿਤ ਦੇ ਮੰਤਰ ਅਤੇ*

*ਪੁਰਾਣੀ ਅਰਬੀ ਦੀਆਂ ਆਇਤਾਂ ਏਨੀਆਂ ਅਸਰਦਾਰ ਨਹੀਂ ਹੋ ਸਕਦੀਆਂ ਜਿੰਨੀਆਂ ਕਿ ਆਪਣੀ ਭਾਸ਼ਾ ਦੀਆਂ ਸਧਾਰਨ ਗੱਲਾਂ।"*

ਉਹ ਦੂਸਰੀਆਂ ਭਾਰਤੀ ਭਾਸ਼ਾਵਾਂ ਦੀ ਸਥਿਤੀ ਦਾ ਵਰਨਣ ਕਰਦਾ ਹੋਇਆ ਪੰਜਾਬੀ ਦੀ ਤੱਤਕਾਲੀਨ ਸਥਿਤੀ ਦਾ ਵਿਸ਼ਲੇਸ਼ਣ ਕਰਦਾ ਹੈ-

"ਦੂਜੇ ਸੂਬਿਆਂ ਵਿਚ ਅਸੀਂ ਦੇਖਦੇ ਹਾਂ ਕਿ ਮੁਸਲਮਾਨਾਂ ਨੇ ਸੂਬਾਈ ਭਾਸ਼ਾ ਨੂੰ ਖ਼ੂਬ ਅਪਨਾ ਲਿਆ ਹੈ। ਬੰਗਾਲ ਦੇ ਸਾਹਿਤਕ ਖੇਤਰ ਵਿਚ ਕਵੀ ਨਜ਼ਰ-ਉਲ-ਇਸਲਾਮ ਇਕ ਚਮਕਦਾ ਸਿਤਾਰਾ ਹੈ। ਹਿੰਦੀ ਕਵੀਆਂ ਵਿੱਚ ਲਤੀਫ ਹੁਸੈਨ ਨਟਵਰ ਉਲੇਖਨੀਯ ਹੈ।ਏਸੇ ਤਰ੍ਹਾਂ ਗੁਜਰਾਤ ਵਿਚ ਵੀ ਹੈ।ਪਰ ਬਦਕਿਸਮਤੀ ਹੈ ਪੰਜਾਬ ਦੀ। ਏਥੇ ਮੁਸਲਮਾਨਾਂ ਦਾ ਸਵਾਲ ਤਾਂ ਵੱਖਰਾ ਰਿਹਾ, ਹਿੰਦੂ ਸਿੱਖ ਵੀ ਇਸ ਗੱਲ ਤੇ ਨਹੀਂ ਮਿਲ ਸਕੇ।"

ਅਸੀਂ ਭਗਤ ਸਿੰਘ ਨੂੰ ਸਿਰਫ ਅਣਖੀਲੇ, ਨਿਡਰ ਅਤੇ ਹਿੰਸਕ ਯੋਧੇ ਦੇ ਰੂਪ ਵਿਚ ਹੀ ਸਥਾਪਤ ਕੀਤਾ ਹੈ। ਬਹੁਤ ਸੂਖ਼ਮ ਅਤੇ ਸੰਵੇਦਨਸ਼ੀਲ ਮਨ ਵਾਲੇ ਕੋਮਲ ਭਾਵੀ ਭਗਤ ਸਿੰਘ ਸਾਡੇ ਲੋਕ ਮਨ ਦਾ ਭਾਗ ਨਹੀਂ ਬਣਿਆਂ।1923-24 ਵਿਚ ਜਦ ਪਹਿਲੀ ਵਾਰ ਘਰੋਂ ਕਾਨਪੁਰ ਜਾ ਕੇ ਗਣੇਸ਼ ਸ਼ੰਕਰ ਵਿਦਿਆਰਥੀ ਦੇ ਪ੍ਰਤਾਪ ਅਖਬਾਰ ਵਿਚ ਕੰਮ ਕਰਨ ਲੱਗੇ ਤਾਂ ਉਥੇ ਬੀ. ਕੇ. ਦੱਤ, ਚੰਦਰ ਸ਼ੇਖਰ ਆਜ਼ਾਦ, ਜੈਦੇਵ ਕਪੂਰ, ਰਾਮ ਪ੍ਰਸਾਦ ਬਿਸਮਿਲ, ਸ਼ਿਵ ਵਰਮਾ ਆਦਿ ਇਨਕਲਾਬੀਆਂ ਨਾਲ ਮੇਲ ਹੋਇਆ।ਇਥੇ ਪਾਰਟੀ ਵਾਸਤੇ ਕਿਸੇ ਪਿੰਡ ਡਾਕਾ ਮਾਰਨ ਜਾਣਾ ਪਿਆ। ਇਸ ਘਟਨਾ ਨੇ ਭਗਤ ਸਿੰਘ ਦੇ ਮਨ ਨੂੰ ਵਲੂੰਦਰ ਦਿੱਤਾ।ਉਹ ਬਹੁਤ ਰੋਇਆ ਤੇ ਕਹਿਣ ਲੱਗਾ, "ਆਜ਼ਾਦ ਭਾਰਤ ਦੀ ਕੀ ਤਮੰਨਾ ਲੈ ਕੇ ਅਸੀਂ ਏਦਾਂ ਦੇ ਕੰਮਾਂ ਵਿੱਚ ਭਟਕੇ ਫਿਰਦੇ ਹਾਂ। ਇਹ ਜਬਰਦਸਤੀ ਹਥਿਆਰਾਂ ਦੇ ਜ਼ੋਰ ਪਾਰਟੀ ਲਈ ਪੈਸੇ ਇਕੱਠੇ ਕਰਨਾ ਸਾਨੂੰ ਆਜ਼ਾਦ ਭਾਰਤ ਦੀ ਕੀ ਤਸਵੀਰ ਦੇਵੇਗਾ?" ਇਸ ਸਵਾਲ ਦੇ ਜਵਾਬ ਦੀ ਖੋਜ ਸ਼ੁਰੂ ਹੋਈ। ਇਸੇ ਖੋਜ ਦੀ ਦ੍ਰਿਸ਼ਟੀ ਤੋਂ ਰੂਸ, ਆਇਰਲੈਂਡ, ਇਟਲੀ ਆਦਿ ਦੇਸ਼ਾਂ ਵਿਚ ਚੱਲੇ ਸੰਘਰਸ਼ਾਂ ਦੀਆਂ ਕਹਾਣੀਆਂ ਨੂੰ ਘੋਖਿਆ ਪੜਤਾਲਿਆ ਗਿਆ।ਇਸ ਤਰ੍ਹਾਂ ਭਗਤ ਸਿੰਘ ਨੇ ਇਨਕਲਾਬ ਦੇ ਰਾਹ ਤੁਰਨ ਲੱਗਿਆਂ ਆਪਣੇ ਆਪ ਨੂੰ ਬੰਬਾਂ, ਪਿਸਤੌਲਾਂ ਜਾਂ ਗੋਲੀਆਂ ਨਾਲ ਲੈਸ ਕਰਨ ਦੀ ਥਾਂ ਅਧਿਐਨ ਨਾਲ ਲੈਸ ਕੀਤਾ। 9 ਅਗਸਤ 1925 ਨੂੰ ਕਾਕੋਰੀ ਵਿਖੇ ਸਰਕਾਰੀ ਖ਼ਜ਼ਾਨਾ ਲੁੱਟਣ ਵਾਲੇ ਸਾਰੇ ਇਨਕਲਾਬੀ (ਸਿਵਾਏ ਚੰਦਰ ਸ਼ੇਖਰ ਆਜ਼ਾਦ ਦੇ) ਪਕੜੇ ਗਏ ਤਾਂ ਜਥੇਬੰਦੀ ਦੀ ਲੀਡਰਸ਼ਿਪ ਦੀ ਜ਼ਿੰਮੇਵਾਰੀ ਦਾ ਸਾਰਾ ਭਾਰ ਭਗਤ ਸਿੰਘ ਹੋਰਾਂ ਤੇ ਆਣ ਪਿਆ।ਉਸ ਵੇਲੇ ਆਪਣੀ ਮਨੋ-ਸਥਿਤੀ ਦਾ ਭਗਤ ਸਿੰਘ ਨੇ ਇਸ ਤਰ੍ਹਾਂ ਵਰਨਣ ਕੀਤਾ ਹੈ-

"ਅਧਿਐਨ ਕਰਨ ਦੇ ਅਹਿਸਾਸ ਦੀਆਂ ਤਰੰਗਾਂ ਮੇਰੇ ਮਨ ਵਿਚ ਉਭਰਦੀਆਂ ਰਹੀਆਂ।ਅਧਿਐਨ ਕਰ, ਤਾਂ ਕਿ ਤੂੰ ਆਪਣੇ ਵਿਰੋਧੀਆਂ ਦੀਆਂ ਦਲੀਲਾਂ ਦਾ ਜਵਾਬ ਦੇ ਸਕਣ ਦੇ ਯੋਗ ਹੋ ਜਾਏਂ।ਆਪਣੇ ਸਿਧਾਂਤ ਦੀ ਹਮਾਇਤ ਵਿਚ ਦਲੀਲਾਂ ਨਾਲ ਆਪਣੇ ਆਪ ਨੂੰ ਲੈਸ ਕਰਨ ਲਈ ਅਧਿਅਨ ਕਰ।ਮੈਂ ਅਧਿਅਨ ਕਰਨਾ ਸ਼ੁਰੂ ਕਰ ਦਿੱਤਾ। ਮੇਰੇ ਪਹਿਲੇ ਅਕੀਦੇ ਤੇ ਵਿਸ਼ਵਾਸਾਂ ਵਿਚ ਬਹੁਤ ਵੱਡੀ ਤਬਦੀਲੀ ਆ ਗਈ।ਸਾਡੇ ਤੋਂ ਪਹਿਲਾਂ ਦੇ ਇਨਕਲਾਬੀਆਂ ਵਿਚ ਸਿਰਫ ਤਸ਼ੱਦਦ ਦੇ ਤੌਰ ਤਰੀਕਿਆਂ ਦਾ ਰੋਮਾਂਸ ਏਨਾ ਭਾਰੂ ਸੀ, ਹੁਣ ਉਹਦੀ ਥਾਂ ਗੰਭੀਰ ਵਿਚਾਰਾਂ ਨੇ ਲੈ ਲਈ।"

1927 ਦੇ ਅਖੀਰ ਵਿੱਚ ਭਗਤ ਸਿੰਘ ਤੋਂ ਉਸ ਦੇ ਬਚਪਨ ਦੇ ਦੋਸਤ ਅਮਰ ਚੰਦ, ਜੋ ਅਮਰੀਕਾ ਵਿਚ ਪੜ੍ਹਨ ਗਿਆ ਹੋਇਆ ਸੀ, ਦੀ ਮਾਤਾ ਨੇ ਆਪਣੇ ਪੁੱਤਰ ਨੂੰ ਖ਼ਤ ਲਿਖਵਾਇਆ।ਭਗਤ ਸਿੰਘ ਨੇ ਆਪਣੇ ਵਲੋਂ ਵੀ ਅਮਰ ਚੰਦ ਨੂੰ ਇਕ ਚਿੱਠੀ ਲਿਖ ਕੇ ਉਸੇ ਲਿਫਾਫੇ ਵਿਚ ਪਾਈ। ਇਸ ਚਿੱਠੀ ਵਿਚ ਮੁੱਖ ਤੌਰ 'ਤੇ ਆਪਣੇ ਹਾਲਾਤ ਦਾ ਵਰਨਣ ਕੀਤਾ ਸੀ। ਇਸ ਵਿਚ ਉਹ ਆਪਣੇ ਦੋਸਤ ਨੂੰ ਇਹ ਵੀ ਲਿਖਦਾ ਹੈ-

"ਭਾਈ ਖ਼ੂਬ ਦਿਲ ਲਾ ਕੇ ਤਾਲੀਮ ਹਾਸਲ ਕਰਦੇ ਜਾਓ।... ਕਦੀ ਮੌਕਾ ਮਿਲੇ ਤਾਂ ਕੋਈ ਚੰਗੀਆਂ ਚੰਗੀਆਂ ਕਿਤਾਬਾਂ ਭੇਜਣ ਦੀ ਤਕਲੀਫ ਉਠਾਣਾ। ਆਖਰ ਅਮਰੀਕਾ ਵਿਚ ਲਿਟਰੇਚਰ ਤਾਂ ਬਹੁਤ ਹੈ।"

ਇਸ ਤੋਂ ਉਸ ਦੇ ਸਾਹਿਤ ਅਤੇ ਅਧਿਅਨ ਪ੍ਰਤੀ ਲਗਾਓ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ।ਰੂਪੋਸ਼ੀ ਦੇ ਸਮੇਂ ਜਦ ਉਸ ਦੀ ਕਮੀਜ਼ ਤੇ ਪਜਾਮਾ ਵੀ ਸਾਥ ਛੱਡ ਗਏ, ਉਸ ਕੋਲ ਪਹਿਨਣ ਲਈ ਸਿਰਫ਼ ਇਕ ਫਟਿਆ ਪੁਰਾਣਾ ਖੱਦਰ ਦਾ ਕੋਟ ਅਤੇ ਇੱਕ ਚਾਦਰ ਸੀ, ਉਸ ਸਮੇਂ ਵੀ ਉਸ ਕੋਲ ਕੋਈ ਨਾ ਕੋਈ ਵਧੀਆ ਕਿਤਾਬ ਜ਼ਰੂਰ ਹੁੰਦੀ ਸੀ।ਅਧਿਐਨ ਦੇ ਨਾਲ ਨਾਲ ਦੂਸਰਿਆਂ ਨੂੰ ਵੀ ਪੜ੍ਹਾਉਣਾ ਸ਼ੁਰੂ ਕੀਤਾ। ਬਾਹਰਲੇ ਚੰਗੇਰੇ ਸਾਹਿਤ ਦੇ ਤਰਜੁਮੇ ਕੀਤੇ।ਬੱਬਰ ਅਕਾਲੀ ਲਹਿਰ, ਗਦਰ ਲਹਿਰ, ਕੂਕਾ ਲਹਿਰ ਅਤੇ ਭਾਰਤ ਦੀ ਆਜ਼ਾਦੀ ਨਾਲ ਸਬੰਧਤ ਹੋਰ ਲਹਿਰਾਂ ਅਤੇ ਇਹਨਾਂ ਨਾਲ ਜੁੜੇ ਦੇਸ਼ ਭਗਤਾਂ ਸਬੰਧੀ ਸਿਲਸਿਲੇਵਾਰ ਲਿਖਿਆ।ਕਿਰਤੀ ਅਖ਼ਬਾਰ ਦੇ ਸੰਪਾਦਨ ਦੀ ਜ਼ਿੰਮੇਵਾਰੀ ਨਿਭਾਉਣੀ ਸ਼ੁਰੂ ਕੀਤੀ।ਦੁਨੀਆਂ ਵਿਚ ਵਾਪਰ ਰਹੀਆਂ ਵਿਚਾਰਧਾਰਕ ਅਤੇ ਰਾਜਨੀਤਕ ਤਬਦੀਲੀਆਂ ਬਾਰੇ ਖ਼ੂਬ ਲਿਖਿਆ।ਕਾਕੋਰੀ ਕਾਂਡ ਨਾਲ ਸਬੰਧਤ ਇਨਕਲਾਬੀਆਂ ਬਾਰੇ ਲੇਖ ਲੜੀ ਲਿਖੀ।ਉਸ ਨੇ ਪੰਜਾਬੀ, ਹਿੰਦੀ, ਅੰਗਰੇਜ਼ੀ ਅਤੇ ਉਰਦੂ ਚਾਰ ਜ਼ੁਬਾਨਾਂ ਵਿਚ ਇੱਕੋ ਜਿੰਨਾ ਵਧੀਆ ਲਿਖਣ ਦੀ ਮੁਹਾਰਤ ਹਾਸਿਲ

ਕੀਤੀ। ਉਸ ਦੇ ਦੁਆਰਾ ਤੱਥਾਂ ਅਧਾਰਿਤ ਲਿਖੀ ਸੰਘਣੀ ਵਾਰਤਕ ਵਿੱਚ ਵੀ ਕਵਿਤਾ ਵਰਗੇ ਸੰਗੀਤ ਸੀ ਛਣਕਾਰ ਤੇ ਰਵਾਨੀ ਹੁੰਦੀ ਸੀ-

"ਅਨਿਆਈ ਪ੍ਰਬੰਧ! ਉਹ ਲੋਕ ਜੋ ਮਹੱਲ ਬਣਾਉਂਦੇ ਹਨ ਝੌਂਪੜੀਆਂ ਵਿਚ ਰਹਿੰਦੇ ਹਨ। ਉਹ ਲੋਕ ਜੋ ਸੋਹਣੀਆਂ ਸੋਹਣੀਆਂ ਅਤੇ ਆਰਾਮ ਦੇਣ ਵਾਲੀਆਂ ਚੀਜ਼ਾਂ ਬਣਾਉਂਦੇ ਹਨ ਪੁਰਾਣੀਆਂ ਅਤੇ ਗੰਦੀਆਂ ਚਟਾਈਆਂ ਤੇ ਸੌਂਦੇ ਹਨ। ਐਸਾ ਕਿਉਂ ਰਹਿਣਾ ਚਾਹੀਦਾ ਹੈ ? ਜੇ ਐਸੀ ਹੀ ਹਾਲਤ ਪਿਛਲੇ ਸਮੇਂ ਵਿੱਚ ਰਹੀ ਹੈ ਤਾਂ ਆਉਂਣ ਵਾਲੇ ਸਮੇਂ ਵਿਚ ਕਿਉਂ ਨਹੀਂ ਹੋਰ ਹੋਣੀ ਚਾਹੀਦੀ ? ਜੇ ਅਸੀਂ ਚਾਹੁੰਦੇ ਹਾਂ ਕਿ ਹਿੰਦੋਸਤਾਨੀਆਂ ਦੀ ਹਾਲਤ ਅੱਜ ਨਾਲੋਂ ਚੰਗੀ ਹੋਵੇ ਤਾਂ ਇਹ ਹਾਲਤ ਤਬਦੀਲ ਹੋਣੀ ਚਾਹੀਦੀ ਹੈ। ਸਾਨੂੰ ਤਬਦੀਲ ਕਰਨੀ ਚਾਹੀਦੀ ਹੈ।"

ਅੱਜ ਕੱਲ੍ਹ ਬਹੁਤੇ ਪੋਸਟਰਾਂ ਵਿਚ ਭਗਤ ਸਿੰਘ ਨੂੰ ਪਿਸਤੌਲ ਚੁੱਕੀ ਦਿਖਾਇਆ ਹੁੰਦਾ ਹੈ। ਪਰ ਭਗਤ ਸਿੰਘ ਨੇ ਅੰਗਰੇਜ਼ੀ ਸਾਮਰਾਜ ਵਿਰੱਧ ਵਿੱਢੀ ਜੰਗ ਵਿੱਚ ਜਿਹੜਾ ਪਹਿਲਾ ਹਥਿਆਰ ਚੁੱਕਿਆ ਸੀ ਉਹ ਪਿਸਤੌਲ ਨਹੀਂ ਸਗੋਂ ਕਲਮ ਸੀ। ਗੁਰੂ ਗੋਬਿੰਦ ਸਿੰਘ ਸੰਗੀਤ, ਕਾਵਿ, ਦਰਸ਼ਨ, ਨਾਟਕ, ਸੰਵਾਦ ਆਦਿ ਸਭ ਵਸੀਲਿਆਂ ਦੇ ਭਰਵੇਂ ਉਪਯੋਗ ਤੋਂ ਮਗਰੋਂ ਹੀ ਹਥਿਆਰ ਉਠਾਉਣ ਨੂੰ ਵਾਜਿਬ ਮੰਨਦੇ ਹਨ-

ਚੂੰ ਕਾਰ ਅਜ਼ ਹਮਾਂ ਹੀਲਤੇ ਦਰ ਗੁਜ਼ਸ਼ਤ
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ

ਇਸੇ ਤਰ੍ਹਾਂ ਹਿੰਸਾ ਭਗਤ ਸਿੰਘ ਦਾ ਵੀ ਮਨਭਾਉਂਦਾ ਪਹਿਲਾ ਹਥਿਆਰ ਪਿਸਤੌਲ ਕਦਾਚਿੱਤ ਨਹੀਂ ਸੀ। ਉਹ ਲਿਖਦਾ ਹੈ-

"ਸਖਤ ਲੋੜ ਵੇਲੇ ਤਾਕਤ ਦੀ ਵਰਤੋਂ ਜਾਇਜ਼ ਹੈ ਪਰ ਅਹਿੰਸਾ ਸਾਰੀਆਂ ਜਨਤਕ ਲਹਿਰਾਂ ਦੀ ਅਟੁੱਟ ਨੀਤੀ ਹੈ।"

ਭਗਤ ਸਿੰਘ ਅਤੇ ਬੀ. ਕੇ. ਦੱਤ ਵਲੋਂ 8 ਅਪਰੈਲ 1929 ਨੂੰ ਦਿੱਲੀ ਅਸੈਂਬਲੀ ਵਿੱਚ ਬੰਬ ਸੁੱਟਣ ਮਗਰੋਂ ਸੁੱਟੇ ਪੈਂਫਲੇਟਾਂ ਵਿਚ ਹਿੰਸਾ-ਅਹਿੰਸਾ ਬਾਰੇ ਵਿਚਾਰਾਂ ਨੂੰ ਸਪੱਸ਼ਟ ਕੀਤਾ ਗਿਆ ਸੀ-

"ਅਸੀਂ ਮਨੁੱਖੀ ਜੀਵਨ ਨੂੰ ਬੜਾ ਪਵਿੱਤਰ ਮੰਨਦੇ ਹਾਂ ਅਤੇ ਉਸ ਦੇ ਸੁਨਹਿਰੀ ਭਵਿੱਖ ਦਾ ਸੁਪਨਾ ਵੇਖਦੇ ਹਾਂ ਜਦੋਂ ਮਨੁੱਖ ਪੂਰਨ ਸ਼ਾਂਤੀ ਤੇ ਆਜ਼ਾਦੀ ਨਾਲ ਵਿਚਰੇਗਾ। ਸਾਨੂੰ ਇਹ ਪਰਵਾਨ ਕਰਦਿਆਂ ਦੁੱਖ ਹੁੰਦਾ ਹੈ ਅਸੀਂ ਇਨਸਾਨੀ ਖ਼ੂਨ ਡੋਲ੍ਹਣ ਤੇ ਮਜਬੂਰ ਕੀਤੇ ਹਏ ਹਾਂ।"

ਅਸੈਂਬਲੀ ਬੰਬ ਕੇਸ ਵਿੱਚ ਭਗਤ ਸਿੰਘ ਦਾ ਅਦਾਲਤੀ ਬਿਆਨ ਸੀ -

> "ਇਨਕਲਾਬ ਵਾਸਤੇ ਖ਼ੂਨੀ ਲੜਾਈਆਂ ਜ਼ਰੂਰੀ ਨਹੀਂ ਹਨ ਅਤੇ ਨਾ ਹੀ ਇਸ ਵਿਚ ਨਿੱਜੀ ਬਦਲੇ ਲਈ ਕੋਈ ਥਾਂ ਹੈ। ਇਹ ਬੰਬ ਅਤੇ ਪਿਸਤੌਲ ਦਾ ਫਿਰਕਾ ਨਹੀਂ। ਇਨਕਲਾਬ ਤੋਂ ਸਾਡਾ ਮਤਲਬ ਹੈ ਕਿ ਨੰਗੇ ਅਨਿਆਂ ਉਤੇ ਟਿਕਿਆ ਹੋਇਆ ਮੌਜੂਦਾ ਢਾਂਚਾ ਜ਼ਰੂਰ ਬਦਲਣਾ ਚਾਹੀਦਾ ਹੈ।"

ਇਸੇ ਦੌਰਾਨ 19 ਅਕਤੂਬਰ 1929 ਨੂੰ ਪੰਜਾਬ ਸਟੂਡੈਂਟ ਯੂਨੀਅਨ ਦੀ ਦੂਸਰੀ ਕਾਨਫਰੰਸ, ਜਿਸ ਦੇ ਸਭਾਪਤੀ ਨੇਤਾ ਜੀ ਸੁਭਾਸ਼ ਚੰਦਰ ਬੋਸ ਸਨ, ਵਿਚ ਭਗਤ ਸਿੰਘ ਹੋਰਾਂ ਦੁਆਰਾ ਘੱਲੇ ਸੰਦੇਸ਼ ਵਿਚ ਦਰਜ ਸੀ—

> "ਅਸੀਂ ਨੌਜਵਾਨਾਂ ਨੂੰ ਬੰਬ ਤੇ ਪਿਸਤੌਲ ਚੁੱਕਣ ਦੀ ਸਲਾਹ ਨਹੀਂ ਦੇ ਸਕਦੇ। ਵਿਦਿਆਰਥੀਆਂ ਦੇ ਕਰਨ ਲਈ ਇਸ ਤੋਂ ਜ਼ਿਆਦਾ ਵੱਡੇ ਕੰਮ ਹਨ।"

ਕਿਉਂਕਿ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਅੰਗਰੇਜ਼ ਪੁਲਿਸ ਅਫ਼ਸਰ ਸਾਂਡਰਸ ਦਾ ਕਤਲ ਕਰਕੇ ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ ਲਿਆ ਇਸ ਲਈ ਸਾਨੂੰ ਲੱਗਦਾ ਹੈ ਕਿ ਉਹਨਾਂ ਦੇ ਮਨਾਂ ਵਿਚ ਲਾਲਾ ਜੀ ਪ੍ਰਤੀ ਬਹੁਤ ਸ਼ਰਧਾ ਦਾ ਭਾਵ ਸੀ। ਸਾਨੂੰ ਲੱਗਦਾ ਹੈ ਕਿ ਗਰਮ ਖਿਆਲੀਏ ਹੋਣ ਕਰਕੇ ਲਾਲਾ ਜੀ ਇਹਨਾਂ ਇਨਕਲਾਬੀਆ ਦੇ ਸਰਪਰਸਤ ਹੋਣਗੇ ਅਤੇ ਉਹਨਾਂ ਦੀ ਕਿਸੇ ਬੁਲੰਦ ਸਖ਼ਸ਼ੀਅਤ, ਉਚ ਆਦਰਸ਼ਾਂ ਅਤੇ ਦੇਸ਼ ਭਗਤੀ ਕਾਰਨ ਭਗਤ ਸਿੰਘ ਅਤੇ ਉਸ ਦੇ ਸਾਥੀ ਲਾਲਾ ਜੀ ਦੇ ਅਨਿਨ ਭਗਤ ਹੋਣਗੇ। ਪਰ ਅਸਲੀਅਤ ਇਸ ਤੋਂ ਉਲਟ ਸੀ। ਭਗਤ ਸਿੰਘ ਤੇ ਉਸਦੇ ਸਾਥੀ ਲਾਲਾ ਲਾਜਪਤ ਰਾਏ ਦੀਆਂ ਇਨਲਾਬੀ ਲਹਿਰ ਨਾਲ ਧ੍ਰੋਹ ਕਰਨ, ਵਿਦੇਸ਼ਾਂ 'ਚੋਂ ਆਜ਼ਾਦੀ ਸੰਗਰਾਮ ਦੇ ਨਾਂ ਤੇ ਧਨ ਇਕੱਠਾ ਕਰਕੇ ਆਪਣੀ ਮਰਜ਼ੀ ਅਤੇ ਹਿੱਤ ਮੁਤਾਬਕ ਵਰਤਣ ਅਤੇ ਫੋਕੀ ਲੀਡਰੀ ਚਮਕਾਉਣ ਵਰਗੀਆਂ ਸੁਆਰਥੀ ਕਾਰਵਾਈਆਂ ਤੋਂ ਬੜੀ ਸ਼ਲੀਨਤਾ ਅਤੇ ਦਲੀਲ ਨਾਲ ਪਰਦਾ ਚੁੱਕਦੇ ਰਹੇ ਸਨ। ਸਾਂਡਰਸ ਦਾ ਕਤਲ ਇਕ ਮਨੁੱਖ ਦੀ ਮੌਤ ਦਾ ਦੂਸਰੇ ਮਨੁੱਖ ਨੂੰ ਮਾਰ ਕੇ ਲਿਆ ਨਿੱਜੀ ਕਿਸਮ ਦਾ ਬਦਲਾ ਨਹੀਂ ਸੀ। ਇਹ ਅੰਗਰੇਜ਼ੀ ਹਕੂਮਤ ਦੇ ਕਾਲੇ ਕਾਨੂੰਨ ਵਿਰੁੱਧ ਸ਼ਾਂਤਮਈ ਰੋਸ ਪ੍ਰਦਰਸ਼ਨ ਕਰਨ ਵਾਲੇ ਇਕ ਭਾਰਤੀ ਆਗੂ ਦੀ ਪੁਲਿਸ ਦੀਆਂ ਡਾਂਗਾਂ ਦੀਆਂ ਸੱਟਾਂ ਨਾਲ ਹੋਈ ਮੌਤ ਕਾਰਨ ਦੇਸ਼ ਵਾਸੀਆਂ ਦੇ ਡਿੱਗੇ ਕੌਮੀ ਮਨੋਬਲ ਨੂੰ ਮੁੜ ਉਭਾਰਨ ਲਈ ਕੀਤਾ ਗਿਆ ਕਾਰਨਾਮਾ ਸੀ।

ਦੂਜੇ ਪਾਸੇ ਅਸੀਂ ਭਗਤ ਸਿੰਘ ਅਤੇ ਮਹਾਤਮਾ ਗਾਂਧੀ ਨੂੰ ਇੱਕ ਦੂਸਰੇ ਦੇ ਕੱਟੜ ਵਿਰੋਧੀ ਅਤੇ ਦੁਸ਼ਮਣ ਤਸਲੀਮ ਕਰਦੇ ਹਾਂ। ਭਗਤ ਸਿੰਘ ਦੇ ਪ੍ਰਸ਼ੰਸਕ ਅਖਵਾਉਣ ਲਈ ਗਾਂਧੀ ਨੂੰ ਗਾਲ੍ਹਾਂ ਕੱਢਣਾ ਜ਼ਰੂਰੀ ਸ਼ਰਤ ਮੰਨੀ ਜਾਣ ਲੱਗੀ ਹੈ। ਭਗਤਸਿੰਘਵਾਦੀ

ਦਰਸਾਉਣ ਲਈ ਗਾਂਧੀ ਅਤੇ ਭਗਤ ਸਿੰਘ ਦੇ ਵਿਚਾਰਾਂ ਅਤੇ ਲਿਖਤਾਂ ਨੂੰ ਪੜ੍ਹੇ ਬਗੈਰ ਹੀ ਗਾਂਧੀ ਨੂੰ ਨਿੰਦਣਾ ਭੰਡਣਾ ਆਪਣਾ ਹੱਕ ਸਮਝਦੇ ਹਾਂ। ਉਸ ਦੇ ਇਖ਼ਲਾਕ ਅਤੇ ਚਰਿੱਤਰ ਬਾਰੇ ਏਨੀਆਂ ਘਟੀਆ ਅਤੇ ਕਮੀਨੀਆਂ ਗੱਲਾਂ ਕਰਦੇ ਹਾਂ ਜਿਹੜੀਆਂ ਕਿਸੇ ਸਧਾਰਨ ਆਦਮੀ ਬਾਰੇ ਵੀ ਕਰਨੀਆਂ ਵਾਜਿਬ ਨਹੀਂ। ਪਰ ਭਗਤ ਸਿੰਘ ਭਾਵੇਂ ਗਾਂਧੀ ਦੇ ਵਿਚਾਰਾਂ ਅਤੇ ਸਿਆਸਤ ਨੂੰ ਕਿਰਤੀ ਲੋਕਾਂ ਦੇ ਹਿੱਤ ਵਿਚ ਨਹੀਂ ਸੀ ਮੰਨਦਾ ਪਰ ਉਸ ਦੇ ਇਖ਼ਲਾਕ ਅਤੇ ਸੁਹਿਰਦਤਾ ਤੇ ਕਦੇ ਕਿੰਤੂ ਨਹੀਂ ਕੀਤਾ। ਭਾਵੇਂ ਗਾਂਧੀ ਦੁਆਲੇ ਆਪਣੇ ਹਿੱਤਾਂ ਖਾਤਰ ਜੁੜੀ ਖ਼ੁਦਗਰਜ਼ ਸਰਮਾਏਦਾਰੀ ਨੂੰ ਉਹ ਆਮ ਭਾਰਤੀ ਜਨਤਾ ਲਈ ਵੱਡਾ ਖ਼ਤਰਾ ਮੰਨਦਾ ਸੀ ਪਰ ਉਸ ਦੀ ਸਿਆਸੀ ਸ਼ਕਤੀ ਅਤੇ ਜੁਗਤਾਂ ਦਾ ਕਾਇਲ ਸੀ। ਉਹ ਲਿਖਦਾ ਹੈ-

> "ਗਾਂਧੀ ਇਕ ਦਿਆਲੂ ਮਾਨਵਤਾਵਾਦੀ ਆਦਮੀ ਹੈ ਪਰ ਅਜਿਹੇ ਦਿਆਲੂਪੁਣੇ ਨਾਲ ਸਮਾਜਕ ਤਬਦੀਲੀ ਨਹੀਂ ਆਉਂਦੀ, ਸਗੋਂ ਉਸ ਲਈ ਇਕ ਵਿਗਿਆਨਕ ਅਤੇ ਗਤੀਸ਼ੀਲ ਸਮਾਜਕ ਸ਼ਕਤੀ ਦੀ ਜ਼ਰੂਰਤ ਹੈ।...ਇਹ ਲਹਿਰ ਜੋ ਅੱਜ ਹੈ ਇਸ ਨੂੰ ਗਾਂਧੀਵਾਦ ਕਹਿਣਾ ਹੀ ਠੀਕ ਹੈ।...ਇਸ ਦਾ ਤਰੀਕਾ ਅਨੂਠਾ ਹੈ, ਪਰ ਇਸ ਦੇ ਵਿਚਾਰ 'ਵਿਚਾਰੇ ਲੋਕਾਂ' ਦੇ ਕਿਸੇ ਕੰਮ ਦੇ ਨਹੀਂ।... ਇਸ (ਗਾਂਧੀ) ਨੂੰ ਚਲਾਉਣ ਵਾਲੇ ਵੀ ਦੇਸ਼ ਦੇ ਅਜਿਹੇ ਲੋਕ ਹਨ, ਜਿਨ੍ਹਾਂ ਦਾ ਹਿੱਤ ਇਸ ਨਾਲ ਬੱਝਾ ਹੈ, ਉਹ ਆਪਣੇ ਹਿੱਤਾਂ ਨਾਲ ਬੁਰਜਵਾ ਹੱਠ ਰਾਹੀਂ ਚਿਪਕੇ ਹੋਏ ਹਨ।...ਇਸ ਨੂੰ ਤਾਂ ਇਸ ਦੇ ਦੋਸਤਾਂ ਤੋਂ ਬਚਾਉਣ ਦੀ ਲੋੜ ਹੈ। ਗਾਂਧੀਵਾਦ ਆਪਣੇ ਭਾਣਾ ਮੰਨਣ ਦੇ ਮੱਤ ਰੱਖਣ ਦੇ ਬਾਵਜੂਦ ਇਨਕਲਾਬੀ ਵਿਚਾਰਾਂ ਦੇ ਨੇੜੇ ਪਹੁੰਚਣ ਦੀ ਕੋਸ਼ਿਸ਼ ਕਰਦਾ ਹੈ।...ਉਹਨਾਂ ਨੇ ਕਿਰਤੀਆਂ ਨੂੰ ਲਹਿਰ ਵਿਚ ਹਿੱਸੇਦਾਰ ਬਣਾ ਕੇ ਕਿਰਤੀ ਇਨਕਲਾਬ ਲਈ ਰਾਹ ਪਾ ਦਿੱਤਾ ਹੈ।...ਇਨਕਲਾਬੀਆਂ ਨੂੰ ਅਹਿੰਸਾ ਦੇ ਫਰਿਸ਼ਤੇ ਨੂੰ ਉਸਦਾ ਯੋਗ ਥਾਂ ਦੇਣਾ ਚਾਹੀਦਾ ਹੈ।"

ਆਮ ਤੌਰ ਤੇ ਇਹੀ ਮਹਿਸੂਸ ਕੀਤਾ ਜਾਂਦਾ ਹੈ ਕਿ ਭਗਤ ਸਿੰਘ ਭਾਰਤੀਆਂ ਦੀ ਗੁਲਾਮੀ ਅਤੇ ਪੱਛੜੇਪਨ ਲਈ ਅੰਗਰੇਜ਼ੀ ਸਾਮਰਾਜ ਨੂੰ ਹੀ ਜ਼ਿੰਮੇਵਾਰ ਸਮਝਦਾ ਸੀ ਅਤੇ ਸਿਰਫ਼ ਅੰਗਰੇਜ਼ਾਂ ਨੂੰ ਦੇਸ਼ ਤੋਂ ਬਾਹਰ ਭਜਾਉਣ ਲਈ ਬੰਦੂਕਾਂ ਚੁੱਕੀ ਫਿਰਦਾ ਸੀ। ਪਰ ਉਹ ਭਾਰਤੀਆਂ ਦੇ ਰਾਜਨੀਤਕ, ਸੱਭਿਆਚਾਰਕ, ਆਤਮਿਕ ਅਤੇ ਮਾਨਸਿਕ ਪਛੜੇਵੇਂ ਲਈ ਜ਼ੋਰ ਸ਼ੋਰ ਨਾਲ ਭਾਰਤੀਆਂ ਨੂੰ ਜ਼ਿੰਮੇਵਾਰ ਠਹਿਰਾਉਂਦਾ ਰਿਹਾ ਹੈ। ਅਜਿਹੇ ਪੱਛੜੇਪਨ ਨੂੰ ਚਿਤਵ ਕੇ ਤੜਫਦਾ, ਕਲਪਦਾ ਤੇ ਵਿਲਕਦਾ ਰਿਹਾ ਹੈ। ਏਨਾ ਹੀ ਨਹੀਂ, ਉਹ ਹਿੰਦ ਵਾਸੀਆਂ ਦੀਆਂ ਰਗਾਂ 'ਚੋਂ ਇਸ ਪੱਛੜੇਪਨ ਨੂੰ ਹੂੰਝ ਕੇ ਬਾਹਰ ਸੁੱਟਣ

ਲਈ ਆਪਣੇ ਸ਼ਬਦਾਂ ਦੀਆਂ ਗੋਲੀਆਂ ਚਲਾਉਂਦਾ ਰਿਹਾ, ਆਪਣੀਆਂ ਲਿਖਤਾਂ ਦੇ ਬੰਬ ਫਟਾਉਂਦਾ ਰਿਹਾ। ਮਹਾਨ ਦੇਸ਼ ਭਗਤਾਂ ਬਾਰੇ ਲਿਖੇ ਲੇਖਾਂ ਵਿਚ ਉਹ ਅਕ੍ਰਿਤਘਣ ਭਾਰਤੀਆਂ ਨੂੰ ਵਾਰ ਵਾਰ ਫਿਟਕਾਰਦਾ ਰਿਹਾ।

ਅਸੀਂ ਭਗਤ ਸਿੰਘ ਦੇ ਪੰਜਾਬੀ ਹੋਣ ਤੇ ਲੱਖ ਚੌੜੇ ਹੁੰਦੇ ਫਿਰੀਏ ਪਰ ਭਗਤ ਸਿੰਘ ਨੂੰ ਸਾਡੀ (ਪੰਜਾਬੀਆਂ ਦੀ) 'ਮਹਾਨਤਾ' ਬਾਰੇ ਕੋਈ ਭਰਮ ਨਹੀਂ ਸੀ। ਉਸ ਨੇ ਆਪਣੇ ਪੰਜਾਬੀ ਜਾਂ ਜੱਟ ਦੀ ਹੋਣ ਜਾਂ ਸਿੱਖ ਭਾਈਚਾਰੇ ਨਾਲ ਸਬੰਧਤ ਹੋਣ ਦੀ ਕਦੇ ਟਾਹਰ ਨਹੀਂ ਮਾਰੀ। ਸਗੋਂ ਇਸ ਤੋਂ ਉਲਟ ਆਪਣੀਆਂ ਲਿਖਤਾਂ ਵਿਚ ਉਹ ਪੰਜਾਬੀਆਂ ਨੂੰ ਹੋਰ ਦੇਸ਼ ਵਾਸੀਆਂ ਦੇ ਮੁਕਾਬਲੇ ਵਧੇਰੇ ਖ਼ੁਦਗਰਜ਼, ਅਕ੍ਰਿਤਘਣ ਅਤੇ ਰਾਜਸੀ ਚੇਤਨਾ ਪੱਖੋਂ ਅਵੇਸਲੇ ਤਸਲੀਮ ਕਰਦਾ ਸੀ। 27 ਫਰਵਰੀ 1926 ਨੂੰ ਹੋਲੀ ਵਾਲੇ ਦਿਨ ਛੇ ਬੱਬਰ ਅਕਾਲੀਆਂ- ਕਿਸ਼ਨ ਸਿੰਘ ਗੜਗੱਜ, ਸੰਤਾ ਸਿੰਘ, ਦਲੀਪ ਸਿੰਘ, ਨੰਦ ਸਿੰਘ, ਕਰਮ ਸਿੰਘ ਅਤੇ ਧਰਮ ਸਿੰਘ ਨੂੰ ਫਾਂਸੀ ਤੇ ਲਟਕਾ ਦਿੱਤਾ ਗਿਆ। ਇਹਨਾਂ ਸੂਰਬੀਰਾਂ ਦੇ ਜੀਵਨ, ਉਦੇਸ਼ ਅਤੇ ਘਾਲਣਾ ਬਾਰੇ ਭਗਤ ਸਿੰਘ ਦਾ ਲੇਖ 15 ਮਾਰਚ 1926 ਦੇ ਪ੍ਰਤਾਪ ਅਖ਼ਬਾਰ ਵਿਚ ਪ੍ਰਕਾਸ਼ਤ ਹੋਇਆ। ਉਹ ਲਿਖਦਾ ਹੈ ਕਿ ਜਿਸ ਦਿਨ ਇਹਨਾਂ ਯੋਧਿਆਂ ਨੂੰ ਲਾਹੌਰ ਜੇਲ੍ਹ ਵਿਚ ਫਾਂਸੀ ਦਿੱਤੀ ਗਈ ਅਤੇ ਫਿਰ ਚੁੱਪ ਚਾਪ ਸ਼ਹਿਰ ਦੇ ਸ਼ਮਸ਼ਾਨ ਘਾਟ ਵਿੱਚ ਇਹਨਾਂ ਦੀ ਅੰਤਮ ਕ੍ਰਿਆ ਕੀਤੀ ਗਈ ਉਸ ਦਿਨ ਪੰਜਾਬ ਦੇ ਲੋਕ ਪੂਰੀ ਬੇਸ਼ਰਮੀ ਨਾਲ ਇੱਕ ਦੂਸਰੇ ਤੇ ਰੰਗ ਸੁੱਟ ਕੇ ਹੋਲੀ ਦੀ ਖੁਸ਼ੀ ਮਨਾ ਰਹੇ ਸਨ। ਇਸ ਤੋਂ ਲੱਗਦਾ ਹੈ ਕਿ ਅਸੀਂ ਭਾਵੇਂ ਭਗਤ ਸਿੰਘ ਨੂੰ ਬਹੁਤਾ ਨਹੀਂ ਜਾਣਦੇ ਪਰ ਉਹ ਸਾਨੂੰ ਚੰਗੀ ਤਰ੍ਹਾਂ ਜਾਣਦਾ ਸੀ।

ਇਹ ਨਤੀਜਾ ਕੱਢਣਾ ਠੀਕ ਨਹੀਂ ਹੋਵੇਗਾ ਕਿ ਭਗਤ ਸਿੰਘ ਨੂੰ ਆਪਣੀ ਵਿਦਵਤਾ ਅਤੇ ਗਿਆਨ ਦਾ ਕੋਈ ਅਫ਼ਰੇਵਾਂ ਸੀ। ਜਾਂ ਉਹ ਆਮ ਲੋਕਾਂ ਤੋਂ ਰੁੱਸਿਆ ਅਤੇ ਟੁੱਟਿਆ ਹੋਇਆ ਸੀ। ਜਾਂ ਇਨਕਲਾਬ ਦੇ ਹਵਾਈ ਕਿਲੇ ਦੀ ਮਿਰਗ ਤ੍ਰਿਸ਼ਨਾ ਲਈ ਲੁਕਿਆ ਜਾਂ ਭੱਜਿਆ ਫਿਰਦਾ ਗੁਰੀਲਾ ਸੀ। ਇਸ ਤੋਂ ਉਲਟ ਉਹ ਜਨ ਸਧਾਰਨ ਦੇ ਦੁੱਖਾਂ ਤਕਲੀਫ਼ਾਂ ਨਾਲ ਅਤੇ ਤੱਤਕਾਲੀ ਲੋਕ ਲਹਿਰਾਂ ਨਾਲ ਗਹਿਰੀ ਤਰ੍ਹਾਂ ਜੁੜਿਆ ਹੋਇਆ ਸੀ। ਗੁਰਦੁਆਰਾ ਸੁਧਾਰ ਲਹਿਰ ਤਹਿਤ 1924 ਵਿਚ ਜੈਤੋ ਦੇ ਮੋਰਚੇ ਦੌਰਾਨ ਜਥੇ ਜੈਤੋ ਨੂੰ ਜਾ ਰਹੇ ਸਨ। ਸਰਕਾਰ ਵਲੋਂ ਪਾਬੰਦੀ ਸੀ ਕਿ ਇਹਨਾਂ ਜਥਿਆਂ ਨੂੰ ਕੋਈ ਪਾਣੀ ਤੱਕ ਨਾ ਪਿਆਵੇ। ਭਗਤ ਸਿੰਘ ਨੇ ਆਪਣੇ ਪਿੰਡ ਬੰਗੇ ਦੇ ਲੋਕਾਂ ਨੂੰ ਲਾਮਬੰਦ ਕਰਕੇ ਲੰਗਰ ਤਿਆਰ ਕਰਵਾ ਕੇ ਕਮਾਦ ਦੇ ਖੇਤਾਂ ਵਿਚ ਰਖਾਇਆ ਕਿਉਂਕਿ ਪੁਲਿਸ ਵਲੋਂ ਨਾਕਾਬੰਦੀ ਸੀ। ਤੇਰ੍ਹਵੇਂ ਸ਼ਹੀਦੀ ਜਥੇ ਨੂੰ ਰੋਕ ਕੇ ਲੰਗਰ ਛਕਾਇਆ ਗਿਆ। ਉਸ ਨੇ ਜਥੇ ਨੂੰ ਬਹੁਤ ਪ੍ਰਭਾਵਸ਼ਾਲੀ ਅਤੇ ਜਜ਼ਬਾਤੀ ਲੈਕਚਰ ਵੀ ਦਿਤਾ ਕਿ ਬਹੁਤਿਆਂ ਦੀਆਂ ਅੱਖਾਂ ਭਰ ਆਈਆਂ। ਇਸ ਬਦਲੇ ਉਸਦੇ ਵਾਰੰਟ ਨਿਕਲੇ। ਉਹ ਦੁਬਾਰਾ ਕਾਨਪੁਰ ਚਲਿਆ ਗਿਆ। ਉਥੇ ਗਣੇਸ਼ ਸ਼ੰਕਰ ਵਿਦਿਆਰਥੀ ਦੀ ਸਹਾਇਤਾ ਨਾਲ

ਅਲੀਗੜ੍ਹ ਜ਼ਿਲੇ ਦੇ ਪਿੰਡ ਸਾਦੀਪੁਰ ਵਿਚ ਨੈਸ਼ਨਲ ਸਕੂਲ ਦਾ ਮੁੱਖ ਅਧਿਆਪਕ ਲੱਗ ਕੇ ਜੀਅ ਜਾਨ ਨਾਲ ਯੋਗਦਾਨ ਪਾਇਆ। ਜਦ ਕਾਨਪੁਰ ਵਿਚ ਭਿਆਨਕ ਹੜ੍ਹ ਆਇਆ ਤਾਂ ਉਸ ਨੇ ਅੱਗੇ ਲੱਗ ਕੇ ਹੜ੍ਹ ਪੀੜਤਾਂ ਦੀ ਸੇਵਾ ਅਤੇ ਸਹਾਇਤਾ ਕੀਤੀ।

ਰੂਸੀ ਇਨਕਲਾਬੀਆਂ ਦੀ ਜੀਵਨਸ਼ੈਲੀ ਅਤੇ ਕਾਰਜਸ਼ੈਲੀ ਤੋਂ ਉਹ ਬਲਿਹਾਰੇ ਜਾਂਦਾ ਸੀ। ਜਿਸ ਬਾਰੇ ਉਸ ਨੇ ਪ੍ਰਿੰਸ ਕ੍ਰੋਪਾਟਕਿਨ ਦੇ ਹਵਾਲੇ ਨਾਲ ਜੋ ਲਿਖਿਆ ਹੈ ਉਹ ਸਾਡੇ ਦੇਸ਼ ਵਿਚ ਮਜ਼ਦੂਰਾਂ ਅਤੇ ਗਰੀਬ ਲੋਕਾਂ ਦੇ ਸਿਰ ਤੇ ਸਿਆਸਤ ਕਰਨ ਵਾਲਿਆਂ ਨੂੰ ਵੀ ਹਲੂਣ ਦੇਣ ਵਾਲਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਜੇ ਅੱਜ ਕੱਲ੍ਹ ਵੀ ਝੁੱਗੀਆ ਝੌਂੜੀਆਂ ਦੀ ਗਿਣਤੀ ਵਧ ਰਹੀ ਹੈ ਤਾਂ ਉਸ ਲਈ ਉਹਨਾਂ ਦੇ ਸਿਰੋਂ ਸਿਆਸੀ ਰੋਟੀਆ ਸੇਕਣ ਵਾਲੇ ਉਹਨਾਂ ਦੇ ਅਖੌਤੀ ਨੁਮਾਇੰਦੇ ਬਰਾਬਰ ਦੇ ਨਹੀਂ ਸਗੋਂ ਵਧੇਰੇ ਜਿੰਮੇਵਾਰ ਹਨ। ਵੇਰਵਾ ਇਸ ਤਰ੍ਹਾਂ ਹੈ–

> "ਰੂਸੀ ਕਿਸਾਨ ਕਿਸੇ ਵੀ ਸਫੇਦਪੋਸ਼ ਨੂੰ, ਜੋ ਨਾ ਹਲ਼ ਵਾਹੁੰਦਾ ਹੋਵੇ, ਨਾ ਕੋਹਾੜਾ ਚਲਾਉਂਦਾ ਹੋਵੇ, ਜਿਸ ਦੇ ਹੱਥਾਂ ਤੇ ਹਥੌੜਾ ਚਲਾਉਣ ਨਾਲ ਛਾਲੇ ਨਾ ਪਏ ਹੋਣ ਅਤੇ ਜਿਸ ਨੇ ਨਾ ਕਹੀ ਵਾਹੀ ਹੋਵੇ, ਉਸ ਨੂੰ ਆਪਣਾ ਦੁਸ਼ਮਣ ਸਮਝਦੇ ਸਨ। ਪਰ ਇਨਕਲਾਬੀਆਂ ਨੂੰ ਉਹਨਾਂ ਦੀ ਮੁਹੱਬਤ ਤੇ ਵਿਸ਼ਵਾਸ ਚਾਹੀਦਾ ਸੀ। ਇਸ ਕਰਕੇ ਉਹਨਾਂ ਦੇ ਨਾਲ ਮਿਹਨਤ ਕਰਨ ਅਤੇ ਉਹਨਾਂ ਵਾਂਗ ਰਹਿਣ ਦੀ ਲੋੜ ਸੀ। ਅੱਜ ਅਸੀਂ ਹਿੰਦੋਸਤਾਨ ਨੂੰ ਆਜ਼ਾਦ ਕਰਾਉਣ ਦੀਆਂ ਵਧ ਵਧ ਕੇ ਗੱਲਾਂ ਪਏ ਕਰਦੇ ਹਾਂ। ਕਿੰਨੇ ਕੁ ਆਦਮੀ ਇਸ ਤਰ੍ਹਾਂ ਸ਼ਹਿਰਾਂ ਨੂੰ ਛੱਡ ਕੇ ਪਿੰਡਾਂ ਵਾਲਿਆਂ ਵਾਂਗੂੰ ਗੰਦੇ ਮੰਦੇ ਰਹਿਣ ਨੂੰ ਤਿਆਰ ਹੋਣਗੇ? ਪਰ ਓਥੇ ਲੋਕਾਂ ਨੇ ਆਪਣੇ ਕਾਲਜ, ਪਲਟਨਾਂ ਅਤੇ ਕੁਰਸੀਆਂ ਛੱਡ ਦਿੱਤੀਆਂ। ਜੱਟਾਂ ਤੇ ਲੁਹਾਰਾਂ ਵਾਲੇ ਕੰਮ ਸਿੱਖ ਕੇ ਪਿੰਡਾਂ ਨੂੰ ਤੁਰ ਪਏ। ਉਹ! ਕਿੱਡੀ ਵੱਡੀ ਕੁਰਬਾਨੀ ਹੈ!! ਬੜੇ ਬੜੇ ਅਮੀਰ ਖ਼ਾਨਦਾਨਾਂ ਦੀਆਂ ਪਲ਼ੀਆਂ ਹੋਈਆਂ ਬੜੀਆਂ ਨਾਜ਼ੁਕ ਲੜਕੀਆਂ ਕਾਰਖਾਨਿਆਂ ਵਿੱਚ ਮਜ਼ਦੂਰੀ ਕਰਨ ਵਾਸਤੇ ਟੁਰ ਪਈਆਂ। ਦੂਸਰੇ ਮਜ਼ਦੂਰਾਂ ਵਾਂਗ ਘੁਰਨਿਆਂ ਵਿਚ ਸੌਂਦੀਆਂ, ਸੋਲ਼ਾਂ ਸੋਲ਼ਾਂ ਘੰਟੇ ਮਸ਼ੀਨ ਤੇ ਕੰਮ ਕਰਦੀਆਂ। ਨੰਗੇ ਪੈਰੀਂ ਦਰਿਆ ਤੋਂ ਘਰਾਂ ਜੋਗਾ ਪਾਣੀ ਲਿਆਉਂਦੀਆਂ। ਬਸ ਇੱਕੋ ਲਗਨ, ਇਕੋ ਧੁਨ ਵਿਚ ਮਸਤ ਸਨ। ਇਹਨਾਂ ਗਰੀਬਾਂ ਮਜ਼ਦੂਰਾਂ ਨੂੰ ਇਹਨਾਂ ਦੀ ਭੈੜੀ ਹਾਲਾਤ ਦਾ ਗਿਆਨ ਕਰਾਉਣਾ ਅਤੇ ਉਸ ਦਾ ਇਲਾਜ ਦੱਸਣਾ। ...ਰੂਸੀ ਯੁੱਗਗਰਦੀ ਦੀ ਦਾਦੀ ਕਹਾਉਣ ਵਾਲੀ ਸ਼੍ਰੀਮਤੀ ਕੈਥੇਰਾਈਨ ਬੜੀ ਅਮੀਰ ਤੇ ਖ਼ੂਬਸੂਰਤ ਔਰਤ ਸੀ। ਉਹ ਵੀ ਇਹਨਾਂ ਵਿਚ

ਸ਼ਾਮਲ ਹੋਈ। ...ਅੱਜ ਐਸਾ ਕਰ ਸਕਣ ਦੀ ਹਿੰਮਤ ਕਰ ਸਕਣ ਵਾਲੇ ਕਿੰਨੇ ਕੁ ਆਦਮੀ ਹਿੰਦੋਸਤਾਨ ਵਿਚ ਮੌਜੂਦ ਹਨ?"

ਭਗਤ ਸਿੰਘ ਦਾ ਇਹ ਸਵਾਲ ਆਜ਼ਾਦੀ ਸੰਗਰਾਮ ਦੇ ਮੋਹਰੀਆਂ ਲਈ ਹੀ ਨਹੀਂ ਸਗੋਂ ਅੱਜ ਕੱਲ੍ਹ ਮਜ਼ਦੂਰਾਂ ਦੇ ਹਰੇਕ 'ਹਮਦਰਦ', ਗਰੀਬਾਂ ਦੇ ਹਰ 'ਮਸੀਹੇ', ਹਰ ਟਰੇਡ ਯੂਨੀਅਨ ਆਗੂ ਅਤੇ ਭਗਤ ਸਿੰਘ ਦੇ ਸੁਪਨਿਆ ਨੂੰ ਸਾਕਾਰ ਕਰਨ ਦੇ ਹਰ 'ਦਾਅਵੇਦਾਰ' ਲਈ ਚਣੌਤੀ ਹੈ।

ਉਹ ਜਾਤ ਪਾਤ ਅਧਾਰਿਤ ਸਮਾਜਿਕ ਪ੍ਰਬੰਧ ਦੇ ਬਹੁਤ ਖਿਲਾਫ਼ ਸੀ। ਉਸ ਦੀ ਦਲੀਲ ਸੀ ਕਿ ਜਦ ਤੱਕ ਅਸੀਂ ਕੁਝ ਜਾਤਾਂ ਦੇ ਲੋਕਾਂ ਨੂੰ ਨੀਵੇਂ ਸਮਝਦੇ ਹਾਂ, ਉਹਨਾਂ ਨੂੰ ਸਮਾਜਿਕ ਤੌਰ 'ਤੇ ਪਿਛਾੜ ਕੇ ਰੱਖਦੇ ਹਾਂ ਅਤੇ ਕਈ ਵਾਰੀ ਤਾਂ ਉਹਨਾਂ ਨਾਲ ਪਸ਼ੂਆਂ ਤੋਂ ਭੈੜਾ ਸਲੂਕ ਕਰਦੇ ਹਾਂ ਤਾਂ ਸਾਨੂੰ ਅੰਗਰੇਜ਼ਾਂ ਤੋਂ ਆਪਣੀ ਬਰਾਬਰੀ ਅਤੇ ਆਜ਼ਾਦੀ ਦੀ ਮੰਗ ਕਰਨ ਦਾ ਕੀ ਨੈਤਿਕ ਅਧਿਕਾਰ ਹੈ?

ਭਗਤ ਸਿੰਘ ਜਜ਼ਬਿਆਂ ਤੋਂ ਕੋਰੀ ਖੁਸ਼ਕ ਸ਼ਖ਼ਸੀਅਤ ਦਾ ਮਾਲਕ ਨਹੀਂ ਸਗੋਂ ਮਾਨਵੀ ਸੰਵੇਦਨਾ ਅਤੇ ਜਜ਼ਬਿਆਂ ਦੀ ਤਰਲਤਾ ਨਾਲ ਗੜੁੱਚ ਸੀ। ਫਾਂਸੀ ਤੋਂ 20 ਦਿਨ ਪਹਿਲਾਂ 3 ਮਾਰਚ 1931 ਨੂੰ ਆਪਣੇ ਭਰਾ ਕੁਲਬੀਰ ਸਿੰਘ ਨੂੰ ਖ਼ਤ ਲਿਖਆ-

> "ਅਹਿਸਤਾ ਅਹਿਸਤਾ ਮਿਹਨਤ ਨਾਲ ਪੜ੍ਹਦੇ ਜਾਣਾ। ਅਗਰ ਕੋਈ ਕੰਮ ਸਿੱਖੋ ਤਾਂ ਬਿਹਤਰ ਹੋਵੇਗਾ। ਪਰ ਸਭ ਕੁਝ ਪਿਤਾ ਜੀ ਦੀ ਸਲਾਹ ਨਾਲ ਕਰਨਾ। ਜਿਥੋਂ ਤੱਕ ਹੋ ਸਕੇ ਪਿਆਰ ਨਾਲ ਸਾਰੇ ਜਣੇ ਗੁਜ਼ਾਰਾ ਕਰਨਾ। ਇਸ ਤੋਂ ਬਿਨਾਂ ਕੀ ਕਹਾਂ? ਜਾਣਦਾ ਹਾਂ ਕਿ ਅੱਜ ਤੁਹਾਡੇ ਦਿਲ ਵਿੱਚ ਗ਼ਮ ਦਾ ਸਮੁੰਦਰ ਠਾਠਾਂ ਮਾਰ ਰਿਹਾ ਹੈ। ਤੁਹਾਡੀ ਗੱਲ ਸੋਚ ਕੇ ਮੇਰੀਆਂ ਅੱਖਾਂ ਵਿਚ ਹੰਝੂ ਆ ਰਹੇ ਹਨ।"

ਇਸੇ ਤਰ੍ਹਾਂ ਦਾ ਖਤ ਦੂਸਰੇ ਭਰਾ ਕੁਲਤਾਰ ਸਿੰਘ ਨੂੰ ਲਿਖਿਆ -

> "ਅੱਜ ਤੁਹਾਡੀਆਂ ਅੱਖਾਂ ਵਿਚ ਹੰਝੂ ਦੇਖ ਕੇ ਬਹੁਤ ਦੁੱਖ ਹੋਇਆ। ਅੱਜ ਤੁਹਾਡੀਆਂ ਗੱਲਾਂ ਵਿਚ ਬਹੁਤ ਦਰਦ ਸੀ, ਤੁਹਾਡੇ ਹੰਝੂ ਮੇਰੇ ਤੋਂ ਸਹਿਣ ਨਹੀਂ ਹੁੰਦੇ।"

ਉਹ ਕਿਸੇ ਹਉਮੈ ਜਾਂ ਹਿੰਡ ਦੇ ਆਸਰੇ ਅਜਿਹੀ ਸ਼ਹੀਦੀ ਦੇ ਮੁਕਾਮ ਦਾ ਭਾਗੀ ਨਹੀਂ ਬਣਿਆਂ ਸਗੋਂ ਗਹਿਰੀ ਵੇਦਨਾ ਅਤੇ ਕਾਵਿਕ ਊਰਜਾ ਉਸਦੇ ਅੰਸ ਸੰਗ ਸੀ। ਜਦ ਜੇਲ੍ਹ ਵਿਚ ਪੁਰਾਣੇ ਗਦਰੀਆਂ ਦੇ ਸਾਥੀ ਭਾਈ ਰਣਧੀਰ ਸਿੰਘ ਨੇ ਇਹ ਕਹਿ ਕੇ ਉਸ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ ਕਿ ਭਗਤ ਸਿੰਘ ਦੇ ਕੇਸ ਕੱਟੇ ਹੋਏ ਹਨ ਤਾਂ ਭਗਤ ਸਿੰਘ ਦਾ ਜਵਾਬ ਤਰਕਸ਼ੀਲਤਾ ਨਾਲੋਂ ਵਧੇਰੇ ਲਰਜਦੀ ਕਾਵਿਕਤਾ ਨਾਲ ਲਬਰੇਜ਼ ਸੀ-

> "ਮੈਂ ਸਿੱਖੀ ਦੀ ਬੰਦ ਬੰਦ ਕਟਵਾਉਣ ਦੀ ਰਵਾਇਤ ਦਾ ਕਾਇਲ ਹਾਂ, ਅਜੇ ਤਾਂ ਮੈਂ ਇਕ ਬੰਦ ਕਟਵਾਇਆ ਹੈ, ਉਹ ਵੀ ਪੇਟ ਲਈ ਨਹੀਂ ਦੇਸ਼ ਲਈ, ਜਲਦੀ ਹੀ ਗਰਦਣ ਵੀ ਕਟਵਾਵਾਂਗਾ।"

ਜਿਥੇ ਉਸ ਨੂੰ ਇਸ ਗੱਲ ਦਾ ਅਥਾਹ ਹੌਸਲਾ ਸੀ ਕਿ ਉਹ ਹੱਸਦਿਆਂ ਹੱਸਦਿਆਂ ਫਾਂਸੀ ਚੜ੍ਹ ਕੇ ਵਲੱਖਣ ਢੰਗ ਨਾਲ ਕਰੋੜਾਂ ਭਾਰਤੀ ਨੌਜਵਾਨਾਂ ਤੱਕ ਇਨਕਲਾਬ ਦੇ ਮਹੱਤਵ ਅਤੇ ਉਦੇਸ਼ ਦਾ ਸੁਨੇਹਾ ਪਹੁੰਚਾ ਕੇ ਉਹਨਾਂ ਦਾ ਰਾਹ ਰੁਸ਼ਨਾ ਸਕੇਗਾ ਉਥੇ ਉਸ ਨੂੰ ਇਸ ਗੱਲ ਦਾ ਉਦਰੇਵਾਂ ਸੀ-

> "ਦੇਸ਼ ਅਤੇ ਇਨਸਾਨੀਅਤ ਲਈ ਜੋ ਕੁਝ ਕਰਨ ਦੀਆਂ ਹਸਰਤਾਂ ਮੇਰੇ ਦਿਲ ਵਿਚ ਸਨ, ਉਹਨਾਂ ਦਾ ਹਜ਼ਾਰਵਾਂ ਹਿੱਸਾ ਵੀ ਪੂਰਾ ਨਹੀਂ ਕਰ ਸਕਿਆ। ਜੇ ਜਿਉਂਦਾ ਰਹਿ ਸਕਦਾ ਤਾਂ ਸ਼ਾਇਦ ਇਹਨਾਂ ਨੂੰ ਪੂਰਾ ਕਰਨ ਦਾ ਮੌਕਾ ਮਿਲਦਾ ਅਤੇ ਮੈਂ ਆਪਣੀਆਂ ਹਸਰਤਾਂ ਪੂਰੀਆਂ ਕਰ ਸਕਦਾ।"

ਭਗਤ ਸਿੰਘ ਦੇ ਇਸ ਉਦਰੇਵੇਂ ਦਾ ਵੀ ਉਸਦੀ ਬਹਾਦਰੀ ਜਿੰਨਾ ਹੀ ਮਹੱਤਵ ਹੈ। ਸ਼ਾਇਦ ਉਸ ਤੋਂ ਵੀ ਵੱਧ। ਜਿਥੇ ਉਸ ਦੀ ਸ਼ਹੀਦੀ ਇਕ ਰੋਸ਼ਨੀ ਹੈ ਉਥੇ ਉਸਦਾ ਉਦਰੇਵਾਂ ਇਸ ਰੌਸ਼ਨੀ ਆਸਰੇ ਅੱਗੇ ਤੁਰਨ ਦਾ ਰਸਤਾ ਹੈ। ਉਸ ਦੀਆਂ ਹਸਰਤਾਂ ਨੂੰ ਅਪਣਾਏ ਬਗੈਰ ਅਸੀਂ ਭਗਤ ਸਿੰਘ ਦੇ ਵਾਰਿਸ ਹੋਣ ਦਾ ਹੋਰ ਕਿੰਨਾ ਚਿਰ ਪਾਖੰਡ ਕਰਦੇ ਰਹਾਂਗੇ? ਅਸੈਬਲੀ ਬੰਬ ਕਾਂਡ ਦੇ ਸਾਥੀ ਬੀ. ਕੇ. ਦੱਤ ਨੂੰ ਭਗਤ ਸਿੰਘ ਨੇ ਲਾਹੌਰ ਜੇਲ 'ਚੋਂ ਖ਼ਤ ਲਿਖਿਆ ਸੀ-

> "ਮੈਨੂੰ ਫਾਂਸੀ ਦੀ ਅਤੇ ਤੈਨੂੰ ਉਮਰ ਕੈਦ ਦੀ ਸਜ਼ਾ ਮਿਲੀ ਹੈ। ਤੂੰ ਜਿਉਂਦਾ ਰਹੇਂਗਾ ਅਤੇ ਜਿਉਂਦਾ ਰਹਿ ਕੇ ਦੁਨੀਆਂ ਨੂੰ ਇਹ ਦਿਖਾਉਣਾ ਹੈ ਕਿ ਇਨਕਲਾਬੀ ਆਪਣੇ ਆਦਰਸ਼ਾਂ ਲਈ ਸਿਰਫ਼ ਮਰ ਹੀ ਨਹੀਂ ਸਕਦੇ ਸਗੋਂ ਜਿਉਂਦੇ ਰਹਿ ਕੇ ਹਰ ਮੁਸੀਬਤ ਦਾ ਮੁਕਾਬਲਾ ਵੀ ਕਰ ਸਕਦੇ ਹਨ। ਮੌਤ ਦੁਨਿਆਵੀ ਔਖਿਆਈਆਂ ਤੋਂ ਛੁਟਕਾਰਾ ਪਾਉਣ ਦਾ ਸਾਧਨ ਨਹੀਂ ਹੋਣੀ ਚਾਹੀਦੀ।"

ਅਸੀਂ ਭਗਤ ਸਿੰਘ ਦੇ ਵਿਸ਼ਲੇਸ਼ਣੀ ਅਧਿਅਨ, ਸਿਧਾਂਤਕ ਸਮਝ, ਸੰਵੇਦਨਸ਼ੀਲ ਮਨ, ਸਮਾਜਕ ਕਾਰਜਸ਼ੀਲਤਾ, ਇਖਲਾਕੀ ਉੱਚਤਾ ਆਦਿ ਸਭ ਕਾਸੇ ਨੂੰ ਪਾਸੇ ਰੱਖ ਕੇ ਸਿਰਫ ਦੋ ਖੜ੍ਹੀਆਂ ਮੁੱਛਾਂ ਨੂੰ ਹੀ ਭਗਤ ਸਿੰਘ ਜਾਣ ਲਿਆ ਹੈ। ਸਾਂਡਰਸ ਦੇ ਕਤਲ ਤੋਂ ਬਾਅਦ ਲਾਹੌਰ ਤੋਂ ਨਿਕਲ ਕੇ ਕਲਕੱਤੇ ਜਾਣ ਲਈ ਅੰਗਰੇਜ਼ਾਂ ਵਰਗੇ ਬਣਾਏ ਨਕਲੀ ਸਾਹਬੀ ਭੇਸ ਨੂੰ ਹੀ ਅਸੀਂ ਉਸ ਦਾ ਸਥਾਈ ਬਿੰਬ ਬਣਾ ਲਿਆ ਹੈ। ਇਸ ਤਰ੍ਹਾਂ ਅਸੀਂ ਆਪਣੀ ਫੁਕਰਾ ਪੰਥੀ ਨੂੰ ਭਗਤ ਸਿੰਘ ਦੀ ਮਹਾਨਤਾ ਨਾਲ ਜੋੜਨ ਦਾ

ਅਚੇਤ ਸੁਚੇਤ ਆਹਰ ਕਰਦੇ ਹਾਂ। ਕਾਲਜ ਦੇ ਦਿਨਾਂ ਵਿਚ ਤਾਂ ਉਹ ਬਹੁਤ ਸੰਗਾਊ ਕਿਮਮ ਦਾ ਅਤੇ ਆਪਣੇ ਵਿਚਾਰਾਂ ਵਿਚ ਗੁੰਮ ਰਹਿਣ ਵਾਲਾ ਮੁੰਡਾ ਸੀ ਹੀ। ਮਗਰੋਂ ਵੀ ਮੁੱਛਾਂ ਖੜੀਆਂ ਕਰਨਾ ਉਸ ਸਮੇਤ ਇਨਕਲਾਬੀਆਂ ਦਾ ਸ਼ੌਕ ਨਹੀਂ ਸੀ। ਮੁਗਲ ਸ਼ੈਲੀ ਵਿਚ ਬਣੇ ਗੁਰੂ ਗੋਬਿੰਦ ਸਿੰਘ ਦੇ ਪੁਰਾਣੇ ਚਿਤਰਾਂ ਵਿਚ ਉਹਨਾਂ ਦੀਆਂ ਮੁੱਛਾਂ ਖੜ੍ਹੀਆਂ ਨਹੀਂ ਦਿਖਾਈਆਂ ਗਈਆਂ। ਮਹਾਰਾਜਾ ਰਣਜੀਤ ਸਿੰਘ ਅਤੇ ਹਰੀ ਸਿੰਘ ਨਲੂਆ ਹੋਰਾਂ ਦੀ ਕੈਮਰੇ ਦੀ ਇਕੋ ਇਕ ਤਸਵੀਰ ਕੁਝ ਵਰ੍ਹੇ ਪਹਿਲਾਂ ਨਸ਼ਰ ਹੋਈ ਸੀ। ਉਸ ਵਿਚ ਵੀ ਦੋਹਾਂ ਯੋਧਿਆਂ ਨੇ ਆਪਣੀਆ ਮੁੱਛਾਂ ਨੂੰ ਕੋਈ ਖੇਚਲ ਨਹੀਂ ਸੀ ਦਿੱਤੀ ਹੋਈ। ਬਾਬਾ ਸੋਹਣ ਸਿੰਘ ਭਕਨਾ, ਸ. ਅਜੀਤ ਸਿੰਘ, ਬਾਬਾ ਗੁਰਦਿੱਤ ਸਿੰਘ, ਭਾਈ ਰਣਧੀਰ ਸਿੰਘ ਆਦਿ ਸਮੇਤ ਸਾਰੇ ਪੁਰਾਣੇ ਦੇਸ਼ ਭਗਤਾਂ ਦੀਆਂ ਤਸਵੀਰਾਂ ਦੇਖੀਏ ਤਾਂ ਸਿਰਫ ਉਹਨਾਂ ਦੀਆਂ ਮੁੱਛਾਂ ਖੜੀਆਂ ਮਿਲਣਗੀਆਂ ਜੋ ਕਦੇ ਅੰਗਰੇਜ਼ੀ ਫੌਜ ਵਿੱਚ ਰਹੇ ਸਨ। ਅੰਗਰੇਜ਼ੀ ਫੌਜ ਵਿੱਚ ਸਿੱਖਾਂ ਲਈ ਜਾਲੀ ਪਾ ਕੇ ਦਾਹੜੀ ਬੰਨ੍ਹਣਾ ਅਤੇ ਮੁੱਛਾਂ ਖੜੀਆਂ ਰੱਖਣਾ ਫੌਜੀ ਕੰਡਕਟ ਦਾ ਹਿੱਸਾ ਸੀ। ਚਿੱਤਰਕਾਰ ਸੋਭਾ ਸਿੰਘ ਵੀ ਫੌਜ ਵਿੱਚ ਰਹੇ ਸਨ। ਉਨ੍ਹਾਂ ਆਪਣੇ ਅਫ਼ਸਰਾਂ ਦੇ ਰੋਹਬ ਨੂੰ ਖੜ੍ਹੀਆਂ ਮੁੱਛਾਂ ਦੇ ਰੂਪ ਵਿੱਚ ਹੀ ਤੱਕਿਆ ਸੀ। ਨਤੀਜੇ ਵਜੋਂ ਉਹਨਾਂ ਨੇ ਆਪਣੇ ਚਿੱਤਰਾਂ ਵਿਚ ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਗੋਬਿੰਦ ਸਿੰਘ ਆਦਿ ਦੀ ਬੀਰਤਾ ਨੂੰ ਖੜ੍ਹੀਆਂ ਮੁੱਛਾਂ ਦੇ ਰੂਪ ਵਿਚ ਚਿਤਰਨਾ ਸ਼ੁਰੂ ਕੀਤਾ। ਇਹਨਾਂ ਚਿੱਤਰਾਂ ਨੂੰ ਸਾਡੀ ਬੁੱਤ ਪੂਜਕ ਪ੍ਰਵਿਰਤੀ ਨੇ ਬੜਾ ਸਵੀਕਾਰਿਆ। ਜਦ ਕਿ ਕਿਸੇ ਪੱਖੋਂ ਸ਼ਕਤੀਸ਼ਾਲੀ ਆਦਮੀ ਨੂੰ ਮੁੱਛਾਂ ਖੜੀਆਂ ਕਰਕੇ ਸ਼ਕਤੀ ਪ੍ਰਦਰਸ਼ਨ ਦੀ ਲੋੜ ਨਹੀਂ ਹੁੰਦੀ। ਰਾਜਨੀਤਕਾਂ ਵਿਚ ਮਾਸਟਰ ਤਾਰਾ ਸਿੰਘ, ਸ. ਪ੍ਰਤਾਪ ਸਿੰਘ ਕੈਰੋਂ, ਸ. ਹੁਕਮ ਸਿੰਘ, ਸ. ਸਵਰਨ ਸਿੰਘ, ਸੰਤ ਹਰਚੰਦ ਸਿੰਘ ਲੌਂਗੋਵਾਲ, ਗਿਆਨੀ ਜ਼ੈਲ ਸਿੰਘ, ਕਾ. ਹਰਕਿਸ਼ਨ ਸਿੰਘ ਸੁਰਜੀਤ, ਸ. ਬੇਅੰਤ ਸਿੰਘ, ਸ. ਪ੍ਰਕਾਸ਼ ਸਿੰਘ ਬਾਦਲ, ਡਾ. ਮਨਮੋਹਨ ਸਿੰਘ ਅਦਿ ਨੇ ਕਦੇ ਮੁੱਛਾਂ ਤੇ ਜ਼ੋਰ ਨਹੀਂ ਲਾਇਆ। ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ ਅਤੇ ਸ. ਨਾਨਕ ਸਿੰਘ ਤੋਂ ਲੈ ਕੇ ਸੁਰਜੀਤ ਪਾਤਰ ਤੱਕ ਚੋਟੀ ਦੇ ਲਿਖਾਰੀਆਂ ਨੂੰ ਆਪਣੀਆਂ ਮੁੱਛਾਂ ਨਾਲ ਅਜਿਹੀ ਬੇਲੋੜੀ ਜ਼ਿਆਦਤੀ ਨਹੀਂ ਕਰਨੀ ਪਈ। ਹੋਰ ਤਾਂ ਹੋਰ ਗਰਮ ਖਿਆਲੀਏ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਵੀ ਅਜਿਹਾ ਕਦੇ ਨਹੀਂ ਕੀਤਾ। ਭਗਤ ਪੂਰਨ ਸਿੰਘ ਵਰਗੇ ਕਰਮਯੋਗੀ ਨੇ ਤਾਂ ਅਜਿਹਾ ਕਰਨਾ ਹੀ ਕੀ ਸੀ। ਕਹਿਣ ਤੋਂ ਭਾਵ ਸ਼ਹੀਦ ਭਗਤ ਸਿੰਘ ਨੂੰ ਖੜੀਆਂ ਮੁੱਛਾਂ ਵਾਲੇ ਨਕਲੀ ਬਿੰਬ ਤੋਂ ਮੁਕਤ ਕਰਾਉਣਾ ਬਹੁਤ ਜ਼ਰੂਰੀ ਹੈ। ਕਿਉਂਕਿ ਇਹ ਨਕਲੀ ਬਿੰਬ ਭਗਤ ਸਿੰਘ ਦੇ ਅਸਲ ਨੂੰ ਜਾਨਣ ਅਤੇ ਸਮਝਣ ਵਿਚ ਵੱਡਾ ਅੜਿੱਕਾ ਪਾਉਂਦਾ ਹੈ। ਕਈ ਚਿੱਤਰਕਾਰਾਂ ਨੇ ਤਾਂ ਉਸ ਦੀਆ ਮੁੱਛਾਂ ਨੂੰ ਲੰਮੀਆਂ ਤੇ ਭਰਵੀਆਂ ਕਰਦਿਆਂ ਉਸ ਦੀ ਉਮਰ ਹੀ ਅਸਲ ਨਾਲੋਂ ਡੂਢੀ ਦੂਣੀ ਕਰ ਛੱਡੀ। ਅੱਜ ਕੱਲ੍ਹ ਭਗਤ ਸਿੰਘ ਦਾ ਜੋ ਪੋਸਟਰ ਬਹੁਤ ਪ੍ਰਚੱਲਤ ਹੈ ਉਸ ਵਿੱਚ ਉਸਨੂੰ ਅਸ਼ੋਕ ਚੱਕਰ ਵਾਲਾ ਵੱਡਾ ਸਾਰਾ ਤਿਰੰਗਾ ਝੰਡਾ ਚੁੱਕੀ ਦਰਸਾਇਆ ਹੋਇਆ ਹੈ ਜਦ

ਕਿ ਸਾਡੇ ਵਰਤਮਾਨ ਰਾਸ਼ਟਰੀ ਝੰਡੇ ਦਾ ਇਹ ਸਰੂਪ ਭਗਤ ਸਿੰਘ ਦੀ ਸ਼ਹੀਦੀ ਤੋਂ ਇੱਕ ਦਹਾਕੇ ਤੋਂ ਵੀ ਵੱਧ ਸਮਾਂ ਮਗਰੋਂ ਹੋਂਦ ਵਿੱਚ ਆਇਆ ਸੀ। ਜਿੰਨੀ ਹੂੜ-ਮੱਤ ਅਤੇ ਗੈਰ-ਜ਼ਿੰਮੇਵਾਰੀ ਦਾ ਪ੍ਰਦਰਸ਼ਨ ਇਹਨਾਂ ਪੋਸਟਰੀ ਚਿੱਤਰ ਬਣਾਉਣ ਵਾਲੇ ਪੰਜਾਬੀ ਚਿਤਰਕਾਰਾਂ ਨੇ ਕੀਤਾ ਸ਼ਾਇਦ ਹੋਰ ਕਿਸੇ ਵਰਗ ਨੇ ਨਹੀਂ ਕੀਤਾ। ਸ਼ਹੀਦ ਭਗਤ ਸਿੰਘ ਦੇ ਅਕਸ ਨੂੰ ਵਿਗਾੜਨ ਦੀ ਰਹਿੰਦੀ ਕਸਰ ਲੱਤਾਂ ਚੌੜੀਆਂ ਕਰਕੇ ਖੜ੍ਹਨ ਅਤੇ ਉਸ ਦੀ ਪ੍ਰਸੰਸਾ ਗਾਉਣ ਵਾਲੇ ਪੰਜਾਬੀ ਦੇ ਫੁਕਰੇ ਗਾਇਕ ਪੂਰੀ ਕਰ ਰਹੇ ਹਨ।

# ਪ੍ਰੋ. ਪੂਰਨ ਸਿੰਘ ਅਤੇ ਪੰਜਾਬ

ਸਾਹਿਤ ਸਿਰਜਨ ਅਤੇ ਇੰਜਨੀਅਰਿੰਗ ਦੇ ਖੇਤਰ ਦੇਖਣ ਨੂੰ ਇਕ ਦੂਜੇ ਤੋਂ ਬਹੁਤ ਫਾਸਲੇ ਤੇ ਵਿਚਰਨ ਵਾਲੇ ਖੇਤਰ ਲੱਗਦੇ ਹਨ। ਪਰ ਪੰਜਾਬੀ ਸਾਹਿਤ ਵਿਚ ਬਹੁਤ ਸਾਰੇ ਜਾਣੇ ਪਛਾਣੇ ਨਾਮ ਹਨ ਜਿਹਨਾਂ ਦਾ ਸਬੰਧ ਇੰਜਨੀਅਰਿੰਗ ਦੇ ਖੇਤਰ ਨਾਲ ਵੀ ਰਿਹਾ ਹੈ। ਇਹਨਾਂ ਵਿਚ ਮੋਟੇ ਤੌਰ ਤੇ ਪ੍ਰੋ. ਪੂਰਨ ਸਿੰਘ, ਸ. ਗੁਰਬਖਸ਼ ਸਿੰਘ ਪ੍ਰੀਤਲੜੀ, ਭਾਅਜੀ ਗੁਰਸ਼ਰਨ ਸਿੰਘ, ਅਜਮੇਰ ਰੋਡੇ, ਜਤਿੰਦਰ ਬਰਾੜ, ਸੁਰਿੰਦਰ ਧੰਜਲ, ਬਲਵਿੰਦਰ ਰਿਸ਼ੀ, ਉਜਾਗਰ ਸਿੰਘ ਕੰਵਲ, ਕੰਵਲਜੀਤ ਢੁੱਡੀਕੇ ਗਿਣੇ ਜਾ ਸਕਦੇ ਹਨ। ਇਹਨਾਂ ਸਾਰਿਆਂ ਵਿਚੋਂ ਮੈਨੂੰ ਪ੍ਰੋ. ਪੂਰਨ ਸਿੰਘ ਸਭ ਤੋਂ ਮਹੱਤਵਪੂਰਨ ਲੱਗਦੇ ਹਨ, ਉਹ ਵੀ ਉਹਨਾਂ ਦਾ ਕਵੀ ਰੂਪ। ਗੁਰੂ ਗਰੰਥ ਸਾਹਿਬ ਦੇ ਬਾਣੀਕਾਰਾਂ ਅਤੇ ਗੁਰੂ ਗੋਬਿੰਦ ਸਿੰਘ ਤੋਂ ਪਿੱਛੋਂ ਜਿਹਨਾਂ ਦਾ ਕਾਵਿ ਮੇਰੇ ਦਿਲ ਦੇ ਵੱਧ ਕਰੀਬ ਹੈ ਉਹਨਾਂ ਵਿਚੋਂ ਪ੍ਰੋ. ਪੂਰਨ ਸਿੰਘ ਜੀ ਦਾ ਨਾਂ ਸਿਖਰ ਤੇ ਹੈ।

ਪ੍ਰੋ. ਪੂਰਨ ਸਿੰਘ ਦਾ ਜੀਵਨ ਕਾਲ ਸਿਰਫ 50 ਸਾਲ ਦਾ ਰਿਹਾ ਅਤੇ 80 ਸਾਲ ਹੋ ਗਏ ਉਹਨਾਂ ਨੂੰ ਕਾਲ ਦੇ ਪਰਦੇ ਓਹਲੇ ਗਿਆਂ ਨੂੰ। ਇਸ ਸਿਤਾਰੇ ਦੀ ਜਿਉਂ ਜਿਉਂ ਇਸ ਜਹਾਨ ਤੋਂ ਕਾਲ-ਦੂਰੀ ਵਧਦੀ ਹੈ ਤਿਉਂ ਤਿਉਂ ਇਸ ਦੀ ਚਮਕ ਅਤੇ ਬੁਲੰਦੀ ਵਧੀ ਜਾਂਦੀ ਹੈ। ਸਾਡੇ ਨੌਂਵੀਂ ਜਮਾਤ ਦੇ ਪਾਠਕ੍ਰਮ 'ਚ ਜਦ ਸਾਨੂੰ ਪ੍ਰੋ. ਪੂਰਨ ਸਿੰਘ ਦੀ ਖੁੱਲ੍ਹੀ ਕਵਿਤਾ 'ਦਰਿਆ ਕਿਨਾਰੇ' ਪੜ੍ਹਾਈ ਜਾਂਦੀ ਤਾਂ ਅਸੀਂ ਬੱਚਿਆਂ ਨੇ ਬੜਾ ਹੱਸਣਾ ਕਿ ਭਲਾ ਇਹ ਕੀ ਕਵਿਤਾ ਹੋਈ। ਉਸ ਤੋਂ ਪਹਿਲਾਂ ਅਸੀਂ ਤੋਲ-ਤੁਕਾਂਤ ਵਾਲੀਆਂ ਕਵਿਤਵਾਂ ਹੀ ਪੜ੍ਹੀਆਂ ਸਨ। ਹੌਲੀ ਹੌਲੀ ਕਵਿਤਾ ਨੂੰ ਜਾਨਣ ਮਾਨਣ ਵਾਲਾ ਖਾਨਾ ਵਿਕਸਤ ਹੋਇਆ ਤਾਂ ਪ੍ਰੋ. ਪੂਰਨ ਸਿੰਘ ਦੀ ਕਵਿਤਾ ਦੀ ਵਿਸ਼ਾਲਤਾ ਅਤੇ ਮਹਾਨਤਾ ਤੋਂ ਪਰਦਾ ਉਠਣ ਲੱਗਾ। ਹੁਣ ਉਨ੍ਹੀਂਵੀਂ ਸਦੀ ਤੋਂ ਮਗਰਲੇ ਪੰਜਾਬੀ ਕਵੀਆਂ ਵਿਚੋਂ ਪ੍ਰੋ. ਪੂਰਨ ਸਿੰਘ ਜੀ ਦਾਂ ਨਾਂ ਮੇਰੇ ਲਈ ਸਭ ਤੋਂ ਵੱਧ ਸਤਿਕਾਰਯੋਗ ਹੈ, ਮੇਰੇ ਮਹਾਂਨਾਇਕ ਹਨ ਪ੍ਰੋ. ਪੂਰਨ ਸਿੰਘ।

ਪ੍ਰੋ. ਪੂਰਨ ਸਿੰਘ ਖੁੱਲ੍ਹੇਪਨ ਦਾ ਨਾਂ ਹੈ। ਉਹਨਾਂ ਆਪਣੇ ਲਈ ਪੂਰਨਤਾ ਪ੍ਰਾਪਤ ਕਰਨ ਲਈ ਕੁਦਰਤ ਅੱਗੇ ਆਪਣੀ ਝੋਲੀ ਹਮੇਸ਼ਾ ਖੋਲ੍ਹੀ ਰੱਖੀ, ਹਰ ਤਰ੍ਹਾਂ ਦੇ ਗਿਆਨ ਵਿਗਿਆਨ ਲਈ ਆਪਣੇ ਦਿਮਾਗ ਦੇ ਬੂਹੇ ਚਾਰੋ ਤਰਫ ਖੋਲ੍ਹੀ ਰੱਖੇ। ਚਿੰਤਕਾਂ ਅਤੇ ਦਾਨਿਸ਼ਮੰਦਾਂ ਦੀ ਸੁਹਬਤ ਦੇ ਨਾਲ ਨਾਲ ਕਿਸਾਨਾਂ ਕਿਰਤੀਆਂ, ਮਸਤਾਂ ਮਲੰਗਾਂ, ਪਸ਼ੂ ਪੰਛੀਆਂ ਅਤੇ ਰੁੱਖਾਂ ਬਿਰਖਾਂ ਨੂੰ ਜੱਫੀਆਂ ਪਾਉਣ ਲਈ ਆਪਣੀਆਂ ਬਾਹਵਾਂ

ਸਦਾ ਖੁੱਲ੍ਹੀਆਂ ਰੱਖੀਆਂ। ਉਹਨਾਂ ਦਾ ਲਾਲਾ ਹਰਿਦਿਆਲ ਵਰਗੇ ਕਰਾਂਤੀਕਾਰੀ, ਖੁਦਾਦਾਦ ਵਰਗੇ ਵਿਗਿਆਨੀ, ਭਾਈ ਵੀਰ ਸਿੰਘ ਵਰਗੇ ਸਾਹਿਤਕਾਰ, ਸੁਆਮੀ ਰਾਮ ਤੀਰਥ ਵਰਗੇ ਆਤਮ ਮਾਰਗੀ ਅਤੇ ਓਕਾ ਕੁਰਾ ਵਰਗੇ ਜਪਾਨੀ ਚਿੰਤਕ ਨਾਲ ਨੇੜਤਾ ਦਾ ਸਬੰਧ ਰਿਹਾ।ਹਰ ਸਰੋਤ ਤੋਂ ਰੌਸ਼ਨੀ ਲੈਣ ਲਈ ਪੱਬਾਂ ਭਾਰ ਰਹੇ ਪ੍ਰੋ. ਪੂਰਨ ਸਿੰਘ।ਸਾਹਿਤ ਰਚਨਾ ਦੇ ਨਾਲ ਨਾਲ ਉਹਨਾਂ ਦਾ ਜੀਵਨ ਵੰਨ ਸੁਵੰਨੀਆਂ ਸ਼ੁਭ ਸਰਗਰਮੀਆਂ ਨਾਲ ਲਿਸ਼ਕਿਆ ਰਿਹਾ। ਉਹਨਾਂ ਕੋਲ ਧਰਮ, ਪਿਆਰ, ਦੋਸਤੀ, ਇਸ਼ਕ, ਸਦਾਚਾਰ, ਖੁਸ਼ਹਾਲੀ, ਕਲਾ ਤੇ ਸੱਭਿਆਚਾਰ ਵਾਸਤੇ ਅਲੱਗ ਅਲੱਗ ਖਾਨੇ ਨਹੀਂ ਸਨ। ਸਭ ਕੁਛ ਆਪਸ ਘੁਲਿਆ ਮਿਲਿਆ ਸੀ।ਹੁਣ ਜਦ ਪੰਜਾਬ ਦੀ ਜਵਾਨੀ ਦੇ ਮਿਆਰ ਵਿਚ ਆ ਰਹੇ ਨਿਘਾਰ ਨੂੰ ਮਹਿਸੂਸ ਕਰਦੇ ਹਾਂ ਤਾਂ ਪ੍ਰੋ. ਪੂਰਨ ਸਿੰਘ ਨੂੰ ਯਾਦ ਕਰਨਾ ਬਣਦਾ ਹੈ ਜੋ ਆਪਣੀ ਜਵਾਨੀ ਨੂੰ ਸੋਹਣੀ ਦੇ ਇਸ਼ਕ ਅਤੇ ਗੁਰੂ ਗੋਬਿੰਦ ਸਿੰਘ ਦੇ ਸਤਿਕਾਰ ਨਾਲ ਜੋੜਦੇ:

ਮਹੀਂ ਮੁੜ ਚਾਰਾਂਗੇ ਤੇਰੀਆਂ
ਭਾਵੇਂ ਪਾਤਸ਼ਾਹਾਂ ਦੇ ਪੁੱਤ ਅਸੀਂ
ਫਿਰਾਂਗੇ ਬੇਲਿਆਂ ਤੇਰਿਆਂ ਵਿਚ
ਵਾਜਾਂ ਮਾਰਦੇ ਉਸੇ ਕਲਗੀਆਂ ਵਾਲੇ ਸਰਦਾਰ ਨੂੰ ਅਸੀਂ।

ਹੀਰ, ਸੋਹਣੀ, ਸੱਸੀ, ਬੇਟੀ ਗਾਰਗੀ, ਖੂਹ ’ਤੇ ਪਾਣੀ ਭਰਦੀਆਂ ਕੁੜੀਆਂ ਅਤੇ ਹੋਰ ਇਸਤਰੀਆਂ ਦੇ ਹਵਾਲੇ ਨਾਲ ਲਿਖੀਆਂ ਕਵਿਤਾਵਾਂ ਮੁਹੱਬਤ ਅਤੇ ਸੁੰਦਰਤਾ ਦੀ ਬੁਣਤੀ ਵਾਲੇ ਸਿਹਤਮੰਦ ਪੰਜਾਬ ਦਾ ਸੁਪਨਾ ਸਿਰਜਦੀਆਂ ਹਨ।ਹੁਣ ਜਦ ਪੰਜਾਬ ਦੇ ਚਲੰਤ ਕਿਸਮ ਦੇ ਗਾਇਕਾਂ ਦੇ ਜਲਾਲਤ ਭਰੇ ਹੋਛੇ ਇਸ਼ਕੀਆ ਗੀਤ ਸੁਣਨੇ ਪੈ ਰਹੇ ਹਨ ਤਾਂ ਪ੍ਰੋ. ਪੂਰਨ ਸਿੰਘ ਦੀ ਕਵਿਤਾ ਦੀ ਮਹਾਨਤਾ ਦਾ ਧਿਆਨ ਧਰਿਆ ਜਾਣਾ ਚਾਹੀਦਾ ਹੈ ਜੋ ਹੀਰ ਨੂੰ ਆਪਣੀ ਭੈਣ ਆਖਦੇ, ਪੰਜਾਬੀ ਗੱਭਰੂਆਂ ਨੂੰ ਰਾਂਝੇ ਦੇ ਨਿੱਕੇ ਵੱਡੇ ਵੀਰ ਲਿਖਦੇ ਅਤੇ ਰਾਂਝੇ ਨੂੰ ਵੀ ਮਹੀਂਵਾਲ ਵਾਂਗ ਗੁਰੂ ਦਾ ਪੱਕਾ ਸਿੱਖ ਆਖਦੇ ਹਨ। ਉਹਨਾਂ ਦੀ ਕਵਿਤਾ ‘ਜਵਾਨ ਪੰਜਾਬ’ ਵਿਚ ਰਾਂਝਾ ਕੰਨ ਪੜਵਾ ਕੇ ਜੋਗ ਲੈਣ ਮਗਰੋਂ ਬਾਲ ਨਾਥ ਦਾ ਉਪਦੇਸ਼ ਸੁਣ ਉਸ ਨੂੰ ਆਖਦਾ ਹੈ:

ਜੋਗ ਦੀ ਮੈਨੂੰ ਕੀ ਲੋੜ ਸੀ? ਨਾਥਾ ਦੱਸ ਖਾਂ?
ਮੈਂ ਸਿੱਖਿਆ ਸੀ ਨਾਮ ਪਿਆਰ ਦਾ
ਤੇ ਹੱਡਾਂ ਵਿਚ ਪਿਆਰ ਪਿਆ ਖੜਕਦਾ
ਨਾਮ ਪਿਆ ਵੱਜਦਾ
ਜੋਗ ਤੇਰਾ ਹੋੜਦਾ ਇਸ਼ਕ ਥੀਂ ਕਮਲਿਆ
ਮੋੜ ਮੇਰੇ ਕੰਨ, ਲੈ ਮੋੜ ਆਪਣੀਆਂ ਮੁੰਦਰਾਂ।

--------

ਬਾਲ ਨਾਥ ਪਛਤਾਇਆ ਰਾਂਝੇ ਨੂੰ ਜੋਗ ਦੇ ਕੇ
ਸਤਿਗੁਰਾਂ ਦੇ ਸਿੱਖ ਨੂੰ ਪਾ ਹੱਥ ਰੋਇਆ।

ਇਹ ਪ੍ਰੋ. ਪੂਰਨ ਸਿੰਘ ਦੀ ਸਿੱਖੀ ਦੀ ਵਿਸ਼ਾਲਤਾ ਹੈ ਕਿ ਉਹਨਾਂ ਨੂੰ ਰਾਂਝੇ ਵਰਗਾ ਪੰਜਾਬੀ ਲੋਕ-ਨਾਇਕ ਗੁਰੂ ਦਾ ਸਿੱਖ ਜਾਪਦਾ ਹੈ।ਰਾਂਝਾ ਹੀ ਕਿਉਂ, ਉਹ ਆਪਣੀ ਪਸੰਦ ਦੇ ਪ੍ਰਸਿੱਧ ਅੰਗਰੇਜ਼ੀ ਕਵੀ ਵਾਲਟ ਵਿਟਮਨ ਬਾਰੇ ਵੀ ਆਖਦੇ, "ਵਾਲਟ ਵਿਟਮਨ ਅਮਰੀਕਾ ਵਿਚ ਜੰਮਿਆਂ ਹੋਇਆ ਸਿੱਖ ਸੀ।" ਉਹਨਾਂ ਦੀ ਇਸ ਸਤਰ ਨੇ ਮੈਨੂੰ ਪ੍ਰਸਿੱਧ ਭੌਤਿਕ ਵਿਗਿਆਨੀ ਸਟੀਫ਼ਨ ਹਾਕਿੰਗ ਬਾਰੇ ਕਵਿਤਾ ਲਿਖਣ ਲਈ ਪ੍ਰੇਰਤ ਕੀਤਾ ਸੀ। ਜਿਸ ਵਿਚ ਮੇਰਾ ਸਟੀਫ਼ਨ ਹਾਕਿੰਗ ਨੂੰ ਪਰਮ ਸਿੱਖ ਕਹਿਣ ਨੂੰ ਚਿੱਤ ਕੀਤਾ ਸੀ:

ਤੇਰੇ 'ਤੇ ਵੱਡੇ ਦੀ ਬਰਕਤ
ਮਹਾਂ ਜਗਿਆਸੂ
ਸ਼ਬਦ ਗੁਰੂ ਦਾ ਮਹਾਂ ਸ਼ਿਸ਼ ਹੈਂ
ਐਪਰ ਤੂੰ ਨਾ ਦਾਅਵਾ ਕਰਦਾ
ਕਿ ਤੂੰ
ਏਸ ਘੜੀ ਦਾ ਪਰਮ ਸਿੱਖ ਹੈਂ

ਪ੍ਰੋ. ਪੂਰਨ ਸਿੰਘ ਜਦ ਪੰਜਾਬ ਜਿਉਂਦਾ ਗੁਰਾਂ ਦੇ ਨਾਂ 'ਤੇ ਆਖਦੇ ਹਨ ਤਾਂ ਇਸ ਦਾ ਭਾਵ ਕੋਈ ਫਿਰਕੂ ਚੌਧਰ ਜਾਂ ਦਬਦਬਾ ਸਥਾਪਤ ਕਰਨਾ ਨਹੀਂ ਸਗੋਂ ਇਹ ਪੰਜਾਬ ਲਈ ਵੱਡੇ ਕਵੀ ਦੀ ਵੱਡੀ ਆਸੀਸ ਹੈ। ਉਹਨਾਂ ਲਈ ਸਿੱਖੀ ਕਿਸੇ ਮਜ਼ਹਬੀ ਸੰਕੀਰਨਤਾ, ਦਾਅਵੇਦਾਰੀ, ਦਿਖਾਵੇ ਜਾਂ ਭੇਖ ਨਾਲ ਸਬੰਧਤ ਗੱਲ ਨਹੀਂ ਸੀ ਸਗੋਂ ਉਹਨਾਂ ਦੀ ਸਿੱਖੀ ਦਾ ਮੁਹਾਵਰਾ ਸਮੁੱਚੇ ਮਨੁੱਖਾਂ ਦੀ ਪ੍ਰਸੰਨਤਾ ਅਤੇ ਸੁਤੰਤਰਤਾ, ਜੀਵਾਂ ਦੀ ਭਲਾਈ, ਕੁਦਰਤੀ ਸੁੰਦਰਤਾ ਅਤੇ ਪਵਿਤਰਤਾ ਦੀ ਸਲਾਮਤੀ ਦੀ ਬਾਤ ਸੀ। ਹੁਣ ਜਦ ਪੰਜਾਬ ਦੇ ਪਾਣੀ ਦੁਨੀਆਂ ਦੇ ਸਭ ਤੋਂ ਪ੍ਰਦੂਸ਼ਤ ਪਾਣੀਆਂ ਦੀ ਸੂਚੀ ਵਿਚ ਆ ਗਏ ਹਨ ਤਾਂ ਪੰਜਾਬ ਨੂੰ ਉਹਨਾਂ ਦੇ ਬੋਲ ਯਾਦ ਆਉਣੇ ਚਾਹੀਦੇ ਹਨ:

ਖਾੜ ਖਾੜ ਚੱਲਣ ਵਿਚ ਮੇਰੇ ਸੁਫ਼ਨਿਆਂ
ਪੰਜਾਬ ਦੇ ਦਰਿਆ
ਪਿਆਰ ਅੱਗ ਇਹਨਾਂ ਨੂੰ ਲੱਗੀ ਹੋਈ
ਪਿਆਰਾ ਜਾਪੁ ਸਾਹਿਬ ਗਾਉਂਦੇ
ਠੰਢੇ ਤੇ ਠਾਰਦੇ, ਪਯਾਰਦੇ

ਸਾਡੀ ਤਰੱਕੀ ਦੇ ਮਜਾਜ਼ ਨੇ ਪਿਆਰਾ ਜਾਪੁ ਸਾਹਿਬ ਗਾਉਣ ਵਾਲੇ ਪ੍ਰੋ. ਪੂਰਨ ਸਿੰਘ ਦੇ ਪਿਆਰੇ ਦਰਿਆਵਾਂ ਨੂੰ ਜ਼ਹਿਰੀਲੇ ਬਣਾ ਦਿੱਤਾ ਹੈ।ਜਾਪੁ ਸਾਹਿਬ ਦੇ ਕਰਤਾ

ਗੁਰੂ ਗੋਬਿੰਦ ਸਿੰਘ ਨੇ ਪਿਆਰੇ ਸਤਲੁਜ ਤੋਂ ਸ਼ਫਾਫ਼ ਸਵੱਛ ਜਲ ਲੈ ਕੇ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਸੀ ਪਰ ਅਸੀਂ ਇਸ ਜਲ ਨੂੰ ਬੰਦਿਆਂ ਤਾਂ ਕੀ ਜਾਨਵਰਾਂ ਦੇ ਪੀਣ ਯੋਗ ਵੀ ਨਹੀਂ ਰਹਿਣ ਦੇਣਾ ਚਾਹੁੰਦੇ।ਅਖਬਾਰਾਂ 'ਚ ਇਹ ਵੀ ਛਪ ਚੁੱਕਾ ਹੈ ਕਿ ਅੰਮ੍ਰਿਤਸਰ ਦੁਨੀਆਂ ਦੇ ਚੋਟੀ ਦੇ ਪਰਦੂਸ਼ਤ ਸ਼ਹਿਰਾਂ 'ਚੋਂ ਇਕ ਹੈ। ਪਰ ਪ੍ਰੋ. ਪੂਰਨ ਸਿੰਘ ਜੀ ਨੇ ਇਸ ਧਰਤੀ ਦੀ ਪਵਿਤਰਤਾ, ਸੁਹਾਵਣੀ ਫ਼ਿਜ਼ਾ ਅਤੇ ਅੰਮ੍ਰਿਤਸਰ ਦੀ ਰੌਣਕ ਦੇ ਹੁਸਨ ਦਾ ਆਪਣੀ ਸ਼ਾਇਰੀ ਵਿਚ ਜਸ਼ਨ ਮਨਾਇਆ ਸੀ:

ਰੰਗਾਂ ਦਾ ਜਲੌ ਪਿਆ ਆਉਂਦਾ
ਚਿਹਰਿਆਂ, ਸਿਰਾਂ, ਹੱਥਾਂ, ਪੈਰਾਂ, ਲੱਤਾਂ ਦਾ ਇਕ ਝੁਰਮਟ ਪਿਆ ਪੈਂਦਾ
ਇਹ ਕਿਸ ਫੁੱਲ ਉੱਤੇ ਇਹਨਾਂ ਮਖੌਰਿਆਂ ਦੀ ਡਾਰ ਹੈ

ਸਾਡੇ ਆਪ ਸਹੇੜੇ ਅਧੁਨਿਕ ਵਿਕਾਸ ਦੇ ਰੰਗ ਢੰਗ ਨੇ ਜਿਥੇ ਪੰਜਾਬ ਦੇ ਪੌਣ ਪਾਣੀ ਨੂੰ ਤਬਾਹ ਕੀਤਾ ਹੈ ਉਥੇ ਹਜ਼ਾਰਾਂ ਗਰੀਬ ਕਿਸਾਨਾਂ ਨੂੰ ਖੁਦਕੁਸ਼ੀਆਂ ਦੇ ਰਾਹ ਤੋਰ ਦਿੱਤਾ ਹੈ। ਕਿਉਂਕਿ ਰਾਜ ਭਾਗ ਵਿਚ ਗਰੀਬ ਕਿਰਤੀਆਂ ਕਿਰਸਾਨਾਂ ਦੀ ਕੋਈ ਭਾਈਵਾਲੀ ਨਹੀਂ ਸਗੋਂ ਧਨਾਢਾਂ ਅਤੇ ਸਰਮਾਏਦਾਰਾਂ ਦਾ ਪੂਰਾ ਗਲਬਾ ਹੈ। ਅਜਿਹੀ ਜਦ ਵੀ ਕੋਈ ਖਬਰ ਪੜ੍ਹਦੇ ਹਾਂ ਤਾਂ ਪ੍ਰੋ. ਪੂਰਨ ਸਿੰਘ ਯਾਦ ਆਉਂਦੇ ਹਨ। ਯਾਦ ਆਉਂਦੀ ਹੈ ਉਹਨਾਂ ਦੀ ਪੰਜਾਬ ਦੇ ਪੁੱਤਰ ਨੂੰ ਸੰਬੋਧਨ ਕਰਕੇ ਲਿਖੀ ਕਵਿਤਾ 'ਮੁੱਲ ਪਾ ਤੂੰ ਆਪਣਾ':

ਨਿੰਮੋਝੂਣ ਤੇਰੀ ਬਲਾ ਹੋਵੇ,
ਮਾਯੂਸ ਤੇਰੀ ਜੁੱਤੀ,
ਨਿਰਾਸ਼ ਤੇਰੇ ਵੈਰੀ ਹੋਣ,
ਚਸ਼ਮਾ ਫੁੱਟਿਆ ਤੂੰ ਹਮੇਸ਼ ਦੀ ਜਵਾਨੀ ਦਾ
ਸਦਾ ਦੀ ਬਸੰਤ ਤੇਰੇ ਪ੍ਰਾਣ ਸੋਹਣਿਆਂ।

ਕਿਰਸਾਨੀ ਦੇ ਗੌਰਵ, ਮਿਹਨਤ ਅਤੇ ਸਾਦਗੀ ਪ੍ਰਤੀ ਬਲਿਹਾਰਤਾ ਪ੍ਰਗਟ ਕਰਦੇ ਹੋਏ ਪ੍ਰੋ. ਪੂਰਨ ਸਿੰਘ ਵਾਰ ਵਾਰ ਪੰਜਾਬ ਦੇ 'ਹਲ ਵਾਹੁਣ ਵਾਲੇ' ਦਾ ਗੁਣਗਾਨ ਕਰਦੇ ਰਹੇ ਹਨ:

ਬੀਜ ਬੀਜਣ, ਇਹ ਹਲ ਚਲਾਣ,
ਘਾਲਾਂ ਘਾਲਣ ਪੂਰੀਆਂ।
ਖਾਣ ਥੋੜ੍ਹਾ, ਪਹਿਨਣ ਮੋਟਾ ਸੋਟਾ,
ਵੇਖਣ ਮੁੜ ਮੁੜ ਵਲ ਬੱਦਲਾਂ
ਇਹ ਹਨ ਜਗ ਦੇ ਭੰਡਾਰੀ,
ਰਾਜੇ ਹੱਥ ਅੱਡ ਅੱਡ ਮੰਗਦੇ ਇਥੋਂ ਰੋਟੀਆਂ

ਕਿਸਾਨ ਦੇ ਨਾਲ ਨਾਲ 'ਪੰਜਾਬ ਦੇ ਮਜ਼ੂਰ' ਦੀ ਘਾਲਣਾ ਪ੍ਰਤੀ ਵੀ ਪ੍ਰੋ. ਸਾਹਿਬ ਆਪਣੀ ਦਿਲੀ ਸ਼ਰਧਾ ਅਤੇ ਆਦਰ ਪ੍ਰਗਟ ਕਰਦੇ ਹੋਏ ਕਿਰਤ ਦੇ ਗੌਰਵ ਅਤੇ ਸਵੈਮਾਨ ਨੂੰ ਉਜਾਗਰ ਕਰਦੇ ਹਨ। ਕਾਮਿਆਂ ਪ੍ਰਤੀ ਧੰਨਵਾਦ ਦਾ ਭਾਵ ਪ੍ਰਗਟ ਕਰਦੇ ਹਨ:

ਇਨ੍ਹਾਂ ਦੀ ਗਰੀਬੀ ਨਿੱਕੀ,
ਇਨ੍ਹਾਂ ਦਾ ਸੰਤੋਖ ਵੱਡਾ,
ਇਹ ਠੰਡੇ ਪਾਣੀ ਵਾਂਗ
ਮੇਰੇ ਜੀ ਨੂੰ ਠਾਰਦੇ।

ਜੇ ਅਸੀਂ ਪ੍ਰੋ. ਪੂਰਨ ਸਿੰਘ ਦੀ ਸਤਰ "ਪੰਜਾਬ ਜਿਉਂਦਾ ਗੁਰਾਂ ਦੇ ਨਾਂ 'ਤੇ" ਨੂੰ ਫਿਰਕੂ ਤੰਗ ਨਜ਼ਰੀ ਨਾਲ ਦੇਖਣ ਦਾ ਯਤਨ ਵੀ ਕਰੀਏ ਤਾਂ ਉਹਨਾਂ ਦੀਆਂ ਪੰਜਾਬ ਦੇ ਕਾਮਿਆਂ, ਕਾਰੀਗਰਾਂ, ਹੁਨਰਮੰਦਾਂ, ਤ੍ਰੀਮਤਾਂ, ਪ੍ਰੇਮੀਆਂ ਦੇ ਨਾਲ ਨਾਲ ਸ਼੍ਰੀ ਕ੍ਰਿਸ਼ਨ ਅਤੇ ਹਨੂੰਮਾਨ ਬਾਰੇ ਲਿਖੀਆਂ ਅਨੇਕਾਂ ਕਵਿਤਾਵਾਂ ਸਾਹਮਣੇ ਆ ਖਲੋਂਦੀਆਂ ਹਨ ਅਤੇ ਸਾਡੀ ਤੰਗ ਨਜ਼ਰੀ ਨੂੰ ਵਰਜਦੀਆਂ ਹਨ। ਪੰਜਾਬ ਦੀ ਮਜ਼ਹਬੀ ਇਕਸੁਰਤਾ, ਭਾਈਚਾਰਕ ਸਾਂਝ ਅਤੇ ਸਹਿਣਸ਼ੀਲਤਾ ਪ੍ਰਥਾਏ ਪ੍ਰੋ. ਸਾਹਿਬ ਦਾ ਸੁਨੇਹਾ ਗੂੰਜਦਾ ਹੈ:

ਮੁਸਲਮਾਨ, ਸਿੱਖ, ਹਿੰਦੂ, ਕੋਈ ਹੋਵੇ
ਪੰਜਾਬ-ਗਲੀ ਦੀ ਸੱਚੀ ਸਜ ਸਾਰੀ,
ਇਹ ਰਲੀ ਮਿਲੀ, ਮਿਲੀ ਜੁਲੀ

ਪ੍ਰੋ. ਪੂਰਨ ਸਿੰਘ ਗਹਿਰੀ ਧਾਰਮਿਕਤਾ ਦੇ ਧਾਰਨੀ ਸਨ। ਅਜਿਹੇ ਧਾਰਮਿਕ ਬੰਦੇ ਦੀ ਪ੍ਰਾਰਥਨਾ ਤਾਂ ਸਰਬੱਤ ਦਾ ਭਲਾ ਹੁੰਦੀ ਹੈ। ਇਸ 'ਸਰਬੱਤ' ਵਿਚ ਕੇਵਲ ਪਸ਼ੂ, ਪੰਛੀ, ਬਨਸਪਤੀ, ਕੀਟ, ਪਤੰਗੇ ਹੀ ਨਹੀਂ ਆਉਂਦੇ ਸਗੋਂ ਹਰ ਜਾਤ, ਮਜ਼ਹਬ, ਨਸਲ, ਪਾਰਟੀ, ਫਿਰਕੇ, ਧੜੇ, ਸੰਸਥਾ, ਵਿਚਾਰਧਾਰਾ ਅਤੇ ਭੇਖ ਦੇ ਵਿਅਕਤੀ ਵੀ ਆਉਂਦੇ ਹਨ। ਆਸਤਿਕ ਹੋਣ ਦਾ ਅਰਥ ਰੱਬ ਦੀ ਹੋਂਦ ਨੂੰ ਮਹਿਜ਼ ਮੰਨਣਾ ਹੀ ਨਹੀਂ, ਸਹਿਜੇ ਸਹਿਜੇ ਰੱਬੀ ਗੁਣਾ ਨੂੰ ਗ੍ਰਹਿਣ ਕਰਨਾ ਵੀ ਹੈ। ਪ੍ਰਮਾਤਮਾ ਦੀ ਬੁੱਕਲ ਵਿਚ ਤਾਂ ਸਾਰੇ ਮਨੁੱਖਾਂ ਸਮੇਤ ਸਾਰੀ ਕਾਇਨਤ ਹੈ। ਉਹ ਨਾਸਤਕਾਂ ਨੂੰ ਵੀ ਪਾਲਦਾ ਪਿਆਰਦਾ ਹੈ ਜੋ ਉਸ ਦੀ ਹੋਂਦ ਤੋਂ ਹੀ ਇਨਕਾਰੀ ਹਨ। ਅਸੀਂ ਉਂਜ ਆਸਤਕ ਜਾਂ ਧਾਰਮਿਕ ਅਖਵਾਉਂਦੇ ਹਾਂ ਪਰ ਥੋੜ੍ਹੇ ਜਿਹੇ ਭਿੰਨ ਵਿਚਾਰਾਂ ਵਾਲੇ ਆਪਣਿਆਂ ਨੂੰ ਵੀ ਬੇਗਾਨੇ, ਬੁਰੇ ਅਤੇ ਦੁਸ਼ਮਣ ਗਰਦਾਨ ਕੇ ਆਪਣੇ ਦੁਸ਼ਮਣੀ ਭਰੇ ਬੋਲਾਂ ਦੀ ਤਪਸ਼ ਨਾਲ ਆਪਣੇ ਤੋਂ ਦੂਰ ਕਰਦੇ ਰਹਿੰਦੇ ਹਾਂ ਅਤੇ ਆਏ ਦਿਨ ਆਪਣੀ ਦੁਸ਼ਮਣੀ ਦੀਆਂ ਲਿਸਟਾਂ ਲੰਮੀਆਂ ਕਰਦੇ ਰਹਿੰਦੇ ਹਾਂ। ਪਰ ਸਾਡੇ ਗੁਰੂ ਨੇ ਆਪਣੇ ਮਾਤਾ, ਪਿਤਾ, ਪੁੱਤਰ, ਜਾਇਦਾਦ, ਧਨ, ਦੌਲਤ ਭਾਵ ਸਭ ਕੁਝ ਗੁਆ ਲੈਣ ਮਗਰੋਂ ਵੀ ਔਰੰਗਜ਼ੇਬ

ਨੂੰ ਭੇਜੇ ਬੋਲਾਂ ਨਾਲ ਉਸ ਦੇ ਅੰਦਰੋਂ ਦੁਸ਼ਮਣੀ ਨੂੰ ਹੂੰਝ ਸੁਟਿਆ ਸੀ ਅਤੇ ਉਸ ਨੂੰ ਪਛਤਾਵੇ ਦੇ ਭਾਵ ਨਾਲ ਭਰ ਦਿੱਤਾ ਸੀ। ਇਸ ਤੇ ਬਾਦਸ਼ਾਹ ਨੇ ਪੰਜਾਬ ਦੇ ਹੁਰਮਰਾਨਾਂ ਨੂੰ ਆਦੇਸ਼ ਦਿੱਤਾ ਸੀ ਕਿ ਉਹ ਗੁਰੂ ਨਾਲ ਵੈਰ ਨਾ ਕਮਾਉਣ। ਨਤੀਜੇ ਵਜੋਂ ਇਸ ਤੋਂ ਅਗਲੀ ਵਿਸਾਖੀ ਤੇ ਤਲਵੰਡੀ ਸਾਬੋ ਵਿਖੇ ਲੱਖਾਂ ਦੀ ਗਿਣਤੀ ਵਿਚ ਸਿੱਖ ਇਕੱਤਰ ਹੋ ਸਕੇ ਸਨ। ਆਸਤਿਕਤਾ ਨਾਸਤਿਕਤਾ ਬਾਰੇ ਗੱਲਾਂ ਕਰਦਿਆਂ ਵੀ ਪ੍ਰੋ. ਪੂਰਨ ਸਿੰਘ ਯਾਦ ਆਉਂਦੇ ਹਨ:

ਹਾਲੇ ਮੇਰੀਆਂ ਅੱਖਾਂ ਪੂਰੀਆਂ ਸੁਜਾਖੀਆਂ ਨਾਂਹ
ਮੈਨੂੰ ਰੱਬ ਨਾ ਦਿਸਦਾ ਹਰ ਚੀਜ਼ ਵਿਚ
---------
ਮੈਨੂੰ ਤਾਂ ਰੱਬ ਕਦੀ ਕਦੀ ਦਿਸਦਾ,
ਮੇਰੀ ਹਾਲਤ ਕੁਝ ਤਰਸ ਯੋਗ ਹੈ।

ਅੱਜ ਕੱਲ੍ਹ ਪੰਜਾਬ ਨੂੰ ਗਰਜ਼ਾਂ, ਧੜੇਬੰਦੀਆਂ, ਖੁਸ਼ਾਮਦਾਂ, ਚੌਧਰਾਂ, ਹਵਾਖੋਰੀਆਂ, ਮੁਕਾਬਲੇਬਾਜ਼ੀਆਂ, ਸ਼ੋਹਰਤਾਂ, ਦਾਅਵੇਦਾਰੀਆਂ ਅਤੇ ਖੋਹਾ-ਖਿੱਚੀ ਦੇ ਸੱਭਿਆਚਾਰ ਨੇ ਮਰਨਹਾਕਾ ਕੀਤਾ ਪਿਆ ਹੈ। ਜੇ ਪੰਜਾਬ ਨੇ ਆਰਥਿਕ, ਮਾਨਸਿਕ, ਬੌਧਿਕ ਅਤੇ ਆਤਮਿਕ ਨਿਵਾਣਾ ਵੱਲ ਹੋਰ ਜਾਣੋਂ ਬਚਣਾ ਹੈ ਤਾਂ ਸਾਨੂੰ ਪ੍ਰੋ. ਪੂਰਨ ਸਿੰਘ ਦੀ ਸ਼ਾਇਰੀ ਨੂੰ ਮਿਲਣਾ ਅਤੇ ਉਹਨਾਂ ਦੇ ਇਹਨਾਂ ਕਾਵਿ ਬੋਲਾਂ ਨੂੰ ਆਪਣੇ ਮਸਤਕ ਦਾ ਸ਼ਿੰਗਾਰ ਬਣਾਉਣਾ ਪਏਗਾ।

# ਦਰੀਆਵਾ ਸਿਉ ਦੋਸਤੀ

ਸਾਡਾ ਸਰੀਰ ਇਸ ਅੰਦਰ ਲਗਾਤਾਰ ਚੱਲਦੇ ਸਾਫ਼ ਲਹੂ ਦੇ ਵਹਾਅ ਨਾਲ ਜਿੰਦਾ ਰਹਿੰਦਾ ਹੈ। ਧਰਤੀ ਪਾਣੀ ਦੇ ਵਹਾਅ ਕਰਕੇ ਜਿਉਂਦੀ ਹੈ। ਧਰਤੀ 'ਤੇ ਜੀਵਨ ਪਾਣੀ ਕਰਕੇ ਹੈ। ਇਸ 'ਤੇ ਵਗਦੇ ਦਰਿਆ ਬਿਲਕੁਲ ਉਵੇਂ ਹਨ ਜਿਵੇਂ ਸਾਡੇ ਸਰੀਰ ਵਿਚ ਲਹੂ ਦੀਆਂ ਨਾੜਾਂ। ਖ਼ੂਨ ਵਿਚ ਜ਼ਹਿਰ ਰਲਣ ਨਾਲ ਮਨੁੱਖ ਜਿੰਦਾ ਨਹੀਂ ਰਹਿ ਸਕਦਾ। ਦਰਿਆਵਾਂ ਦੇ ਜ਼ਹਿਰੀਲੇ ਹੋ ਜਾਣ ਨਾਲ ਧਰਤੀ 'ਤੇ ਜੀਵਨ ਨਹੀਂ ਬਚ ਸਕਦਾ। ਸਾਰੀਆਂ ਮਨੁੱਖੀ ਸਭਿਅਤਾਵਾਂ ਦਾ ਜਨਮ ਦਰਿਆਵਾਂ ਕਿਨਾਰੇ ਹੋਇਆ। ਸਾਰੇ ਪ੍ਰਾਚੀਨ ਨਗਰ ਦਰਿਆਵਾਂ ਕਿਨਾਰੇ ਵਸੇ। ਦੇਸ ਪੰਜਾਬ ਦਾ ਤਾਂ ਨਾਂ ਹੀ ਇਥੇ ਵਗਦੇ ਪੰਜ ਦਰਿਆਵਾਂ ਕਰਕੇ ਪਿਆ। ਇਸ ਦੀਆਂ ਕੁਦਰਤੀ ਅਤੇ ਭੂਗੋਲਕ ਸੀਮਾਵਾਂ ਵੀ ਸਿੰਧ ਅਤੇ ਯਮੁਨਾ ਦਰਿਆ ਹਨ। ਇੰਜ ਇਹਨਾਂ ਸੱਤਾਂ ਦਰਿਆਵਾਂ ਕਰਕੇ ਕਦੀ ਇਸ ਦਾ ਨਾਂ ਸਪਤ ਸਿੰਧੂ ਸੀ। ਸਤਲੁਜ ਅਤੇ ਬਿਆਸ ਦੋ ਦਰਿਆਵਾਂ ਦੇ ਵਿਚਕਾਰਲੇ ਖਿੱਤੇ ਨੂੰ ਦੋਆਬਾ (ਦੋ ਦਰਿਆਵਾਂ ਵਾਲਾ) ਅਤੇ ਬਿਆਸ ਅਤੇ ਰਾਵੀ ਵਿਚਲੇ ਇਲਾਕੇ ਨੂੰ ਮਾਝਾ (ਵਿਚਕਾਰਲਾ) ਕਿਹਾ ਜਾਣ ਲੱਗਾ। ਹੀਰ ਰਾਂਝਾ, ਸੱਸੀ ਪੁੰਨੂ, ਸੋਹਣੀ ਮਹੀਵਾਲ ਵਰਗੀਆਂ ਪੰਜਾਬ ਦੀਆਂ ਅਮਰ ਪ੍ਰੇਮ ਕਥਾਵਾਂ ਦਾ ਜਨਮ ਦਰਿਆਵਾਂ ਕਾਰਨ ਅਤੇ ਕਿਨਾਰੇ ਹੋਇਆ। ਗੁਰਬਾਣੀ ਅਤੇ ਸਾਡੇ ਇਤਿਹਾਸ ਵਿਚ ਥਾਂ ਪੁਰ ਥਾਂ ਦਰਿਆਵਾਂ ਦਾ ਜਿਕਰ ਅਤੇ ਹਵਾਲਾ ਮਿਲਦਾ ਹੈ।

ਬਾਬਾ ਫ਼ਰੀਦ ਨੇ ਜਵਾਨੀ ਪਹਿਰੇ ਦੂਰ ਦੂਰ ਤੱਕ ਪੈਦਲ ਭਰਮਣ ਕੀਤੇ। ਸੂਫੀਆਂ ਦੇ ਚਿਸ਼ਤੀਆ ਸਿਲਸਿਲੇ ਦੇ ਮੁਖੀ ਬਣਨ ਮਗਰੋਂ ਆਪ ਦਿੱਲੀ ਤੋਂ ਦਰਿਆ ਸਤਲੁਜ ਲਾਗੇ ਅਯੋਧਨ ਦੇ ਸਥਾਨ 'ਤੇ ਆਣ ਵਸੇ ਸਨ। ਮਗਰੋਂ ਅਕਬਰ ਨੇ ਉਹਨਾਂ ਦੇ ਆਦਰ ਵਿਚ ਇਸ ਨਗਰ ਦਾ ਨਾਂ ਬਦਲ ਕੇ ਪਾਕਪਟਨ (ਪਵਿੱਤਰ ਪੱਤਣ) ਰੱਖਿਆ। ਗੁਰੂ ਗਰੰਥ ਸਾਹਿਬ ਵਿਚ ਦਰਜ ਉਹਨਾਂ ਦੀ ਬਾਣੀ ਵਿਚ ਹੋਰ ਭੂ-ਦ੍ਰਿਸ਼ਾਂ ਦੇ ਨਾਲ ਨਾਲ ਨਦੀਆਂ ਦਰਿਆਵਾਂ ਦਾ ਵਿਸ਼ੇਸ਼ ਜਿਕਰ ਆਉਂਦਾ ਹੈ:

> ਲੰਮੀ ਲੰਮੀ ਨਦੀ ਵਹੈ ਕੰਧੀ ਕੇਰੈ ਹੇਤਿ॥ (1382, ਫ਼ਰੀਦ ਜੀ)
>
> ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ॥
> (1383, ਫ਼ਰੀਦ ਜੀ)
>
> ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ॥ (1383, ਫ਼ਰੀਦ ਜੀ)

ਵਧਿ ਥੀਵਹਿ ਦਰੀਆਉ ਟੁਟਿ ਨ ਥੀਵਹਿ ਵਾਹੜਾ॥ (1384, ਫ਼ਰੀਦ ਜੀ)

ਗੁਰੂ ਨਾਨਕ ਨੇ ਇਕ ਓਅੰਕਾਰ ਦੇ ਸੰਦੇਸ਼ ਦਾ ਪ੍ਰਸਾਰ ਵੇਈਂ ਨਦੀ ਕਿਨਾਰਿਓਂ ਆਰੰਭ ਕੀਤਾ। ਉਹਨਾਂ ਦੀਆਂ ਹਰਿਦੁਆਰ, ਕਾਸ਼ੀ, ਪਟਨਾ ਆਦਿ ਸਥਾਨਾਂ ਦੀਆਂ ਗੋਸ਼ਟਾਂ ਗੰਗਾ ਕਿਨਾਰੇ ਹੋਈਆਂ। ਫਲਗੂ ਨਦੀ ਕਿਨਾਰੇ ਗਯਾ ਦੇ ਪੰਡਿਆਂ ਨਾਲ ਵਾਰਤਾਲਾਪ ਹੋਈ। ਗੁਰੂ ਨਾਨਕ ਨੇ ਰਾਮਾਨੰਦ ਜੀ, ਕਬੀਰ ਜੀ, ਰਵਿਦਾਸ ਜੀ, ਸੈਣ ਜੀ ਆਦਿ ਬਾਣੀਕਾਰਾਂ ਦੀ ਬਾਣੀ ਗੰਗਾ ਕਿਨਾਰੇ ਵਸੇ ਕਾਸ਼ੀ (ਬਨਾਰਸ) ਵਿਖੇ ਸਥਾਪਤ ਗਿਆਨ ਅਤੇ ਚਿੰਤਨ ਦੇ ਕੇਂਦਰਾਂ ਤੋਂ ਪ੍ਰਾਪਤ ਕੀਤੀ। ਸਤਲੁਜ ਕੰਢੇ ਵਸੇ ਅਜੋਧਨ ਨਗਰ ਤੋਂ ਬਾਬਾ ਫ਼ਰੀਦ ਜੀ ਦੀ ਬਾਣੀ ਹਾਸਲ ਕੀਤੀ। ਦੇਸ਼ ਦੇ ਲਗਪਗ ਸਾਰੇ ਛੋਟੇ ਵੱਡੇ ਦਰਿਆਵਾਂ ਨੂੰ ਗੁਰੂ ਨਾਨਕ ਦੀ ਚਰਨ ਛੋਹ ਪ੍ਰਾਪਤ ਹੈ। ਸਾਡੇ ਸ਼ਹਿਰ (ਲੁਧਿਆਣੇ) ਦੇ ਬੁੱਢਾ ਦਰਿਆ ਕਿਨਾਰੇ ਉਹਨਾਂ ਦੀ ਆਮਦ ਨੂੰ ਯਾਦ ਕਰਾਉਂਦਾ ਗੁਰਦੁਆਰਾ ਗਊ ਘਾਟ ਬਣਿਆਂ ਹੋਇਆ ਹੈ। ਚਾਰ ਉਦਾਸੀਆਂ ਬਾਅਦ ਗੁਰੂ ਸਾਹਿਬ ਨੇ ਰਾਵੀ ਦਰਿਆ ਕਿਨਾਰੇ ਕਰਤਾਰਪੁਰ ਨਗਰ ਵਸਾ ਕੇ ਆਪਣਾ ਟਿਕਾਣਾ ਕੀਤਾ। ਇਥੇ ਆਪ ਨੇ ਭਾਈ ਲਹਿਣੇ ਨੂੰ ਗੁਰੂ ਅੰਗਦ ਬਣਾਇਆ। ਇਥੇ ਹੀ ਆਪ ਜੋਤੀ ਜੋਤ ਸਮਾਏ। ਆਪ ਨੇ ਆਪਣੀ ਬਾਣੀ ਵਿਚ ਵਿਸ਼ਾਲ ਸ੍ਰਿਸ਼ਟੀ ਰਚਨਾ ਅਤੇ ਇਸ ਦੇ ਸੰਚਾਲਨ ਦਾ ਵਰਨਣ ਕਰਦਿਆਂ ਕੁਦਰਤ ਦੀਆਂ ਮਹਾਂਦਾਤਾਂ ਨਦੀਆਂ ਦਰਿਆਵਾਂ ਦਾ ਵਿਸ਼ੇਸ਼ ਆਲੇਖ ਕੀਤਾ ਹੈ:

ਕੇਤਾ ਤਾਣੁ ਸੁਆਲਿਹੁ ਰੂਪੁ॥ ਕੇਤੀ ਦਾਤਿ ਜਾਣੈ ਕੌਣੁ ਕੂਤੁ॥
ਕੀਤਾ ਪਸਾਉ ਏਕੋ ਕਵਾਉ॥ ਤਿਸ ਤੇ ਹੋਏ ਲਖ ਦਰੀਆਉ॥ (3, ਮ. 1)

ਭੈ ਵਿਚਿ ਪਵਣੁ ਵਹੈ ਸਦਵਾਉ॥
ਭੈ ਵਿਚਿ ਚਲਹਿ ਲਖ ਦਰੀਆਉ॥ (464, ਮ. 1)

ਆਪ ਨੇ ਕਈ ਵਾਰ ਦਰਿਆ ਦੇ ਬਿੰਬ ਨੂੰ ਈਸ਼ਵਰ ਅਤੇ ਗੁਰੂ ਦੀ ਉਪਮਾ ਦੇ ਪ੍ਰਤੀਕ ਵਜੋਂ ਸਥਾਪਤ ਕੀਤਾ ਹੈ:

ਤੂ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ॥ (25, ਮ. 1)
ਮਨ ਕਮੀਨ ਕਮਤਰੀਨ ਤੂ ਦਰੀਆਉ ਖੁਦਾਇਆ॥ (1291, ਮ. 1)
ਗੁਰੁ ਸਰੁ ਸਾਗਰੁ ਬੋਹਿਥੋ ਗੁਰੁ ਤੀਰਥੁ ਦਰੀਆਉ॥ (17, ਮ. 1)

ਗੁਰੁ ਦਰੀਆਉ ਸਦਾ ਜਲੁ ਨਿਰਮਲੁ
ਮਿਲਿਆ ਦੁਰਮਤਿ ਮੈਲੁ ਹਰੈ॥ (1329, ਮ. 1)
ਨਿਰਮਲੁ ਨ੍ਾਵਣੁ ਨਾਨਕਾ ਗੁਰੁ ਤੀਰਥੁ ਦਰੀਆਉ॥ (1411, ਮ. 1)

ਕਿਤੇ ਗੁਰੂ ਦੇ ਉਪਦੇਸ਼ਾਂ ਅਤੇ ਸਿਖਿਆਵਾਂ ਨੂੰ ਨਦੀਆਂ ਕਿਹਾ:

ਗੁਰੂ ਸਮੁੰਦੁ ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ॥ (150, ਮ. 1)

ਦੂਜੀ ਪਾਤਸ਼ਾਹੀ ਗੁਰੂ ਅੰਗਦ ਦੇਵ ਜੀ ਬਿਆਸ ਦਰਿਆ ਕਿਨਾਰੇ ਵਸੇ ਪਿੰਡ ਖਡੂਰ ਵਿਖੇ ਜਾ ਟਿਕੇ। ਆਪ ਨੇ ਖਡੂਰ ਨੂੰ ਲੋਕਾਈ ਦੀ ਭਲਾਈ ਦੀਆਂ ਅਨੇਕਾਂ ਸਰਗਰਮੀਆਂ ਵਾਲਾ ਨਗਰ ਬਣਾਇਆ। ਉਹਨਾਂ ਦੇ ਪਰਮ ਸੇਵਕ (ਗੁਰੂ) ਅਮਰਦਾਸ ਰੋਜ਼ ਵੱਡੇ ਤੜਕੇ ਉੱਠ ਕੇ ਪ੍ਰਭੂ ਦਾ ਸਿਮਰਨ ਕਰਦੇ ਹੋਏ ਬੜੇ ਚਾਅ ਨਾਲ ਬਿਆਸ ਦਰਿਆ 'ਤੇ ਜਾਂਦੇ ਅਤੇ ਆਪਣੇ ਗੁਰੂ ਪ੍ਰੀਤਮ ਦੇ ਇਸ਼ਨਾਨ ਕਰਨ ਲਈ ਬਿਆਸ ਦਰਿਆ ਤੋਂ ਪਾਣੀ ਦੀ ਗਾਗਰ ਭਰ ਕੇ ਲਿਆਉਂਦੇ ਸਨ:

ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ॥
ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥ (146, ਮ. 2)

ਇਥੇ ਹੀ ਗੁਰੂ ਅੰਗਦ ਦੇਵ ਜੀ ਗੁਰੂ ਅਮਰਦਾਸ ਨੂੰ ਗੁਰਿਆਈ ਦੀ ਜਿੰਮੇਵਾਰੀ ਸੌਂਪ ਕੇ ਜੋਤੀ ਜੋਤ ਸਮਾਏ। ਗੁਰੂ ਅਮਰਦਾਸ ਜੀ ਗੰਗਾ, ਯਮੁਨਾ ਅਤੇ ਸਰਸਵਤੀ ਦੇ ਤੀਰਥਾਂ 'ਤੇ ਗਏ। ਇਹਨਾਂ ਕਿਨਾਰੇ ਲਗਦੇ ਮੇਲਿਆਂ ਅਤੇ ਇਕੱਠਾਂ 'ਤੇ ਜਾ ਕੇ ਗੁਰਮਤਿ ਦਾ ਪ੍ਰਚਾਰ ਕੀਤਾ। ਇਸ ਦਾ ਪੂਰਾ ਵੇਰਵਾ ਗੁਰੂ ਰਾਮਦਾਸ ਜੀ ਦੀ ਬਾਣੀ ਅੰਦਰ ਦਰਜ ਹੈ:

ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ॥

.........

ਦੁਤੀਆ ਜਮੁਨ ਗਏ ਗੁਰਿ ਹਰਿ ਹਰਿ ਜਪਨੁ ਕੀਆ॥

........

ਤ੍ਰਿਤੀਆ ਆਏ ਸੁਰਸਰੀ ਤਹ ਕਉਤਕੁ ਚਲਤੁ ਭਇਆ॥ (1116, ਮ. 4)

ਚੌਥੇ ਗੁਰੂ ਰਾਮ ਦਾਸ ਜੀ ਰਾਵੀ ਦਰਿਆ ਕਿਨਾਰੇ ਵਸੇ ਲਹੌਰ ਸ਼ਹਿਰ ਦੇ ਜੰਮ ਪਲ ਸਨ। ਇਸੇ ਰਾਵੀ ਦਰਿਆ ਕਿਨਾਰੇ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਹੋਈ। ਗੁਰੂ ਸਾਹਿਬਾਨ ਦੀ ਵਿਸ਼ਾਲਤਾ ਅਤੇ ਨਿਰਮਲਤਾ ਦਾ ਬਖਾਨ ਕਰਦਿਆਂ ਭੱਟ ਸਾਹਿਬਾਨ ਨੇ ਆਪਣੇ ਸਵੱਈਆਂ ਵਿਚ ਗੁਰੂ ਸਾਹਿਬਾਨ ਨੂੰ ਦਰਿਆ ਕਹਿ ਕੇ ਵਡਿਆਇਆ ਹੈ। ਜੰਗਾਂ ਯੁੱਧਾਂ ਦੀ ਸਥਿਤੀ ਬਣਦੀ ਦੇਖ ਛੇਵੇਂ ਗੁਰੂ ਹਰਗੋਬਿੰਦ ਜੀ ਨੇ ਅੰਮ੍ਰਿਤਸਰ ਛੱਡ ਕੇ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਇਲਾਕੇ ਵਿਚ ਦਰਿਆ ਸਤਲੁਜ ਕਿਨਾਰੇ ਟਿਕਾਣਾ ਕੀਤਾ। ਇਥੇ ਕੀਰਤਪੁਰ ਨਗਰ ਵਸਾਇਆ। ਇਥੇ ਹੀ ਆਪ ਜੋਤੀ ਜੋਤ ਸਮਾਏ ਅਤੇ ਸਤਲੁਜ ਦੇ ਘਾਟ 'ਤੇ ਹੀ ਆਪ ਦੀ ਦੇਹੀ ਅਗਨ ਭੇਟ ਕੀਤੀ ਗਈ। ਸੱਤਵੇਂ ਗੁਰੂ ਹਰਿ ਰਾਏ ਸਾਹਿਬ ਦਾ ਜਨਮ ਸਤਲੁਜ ਕਿਨਾਰੇ ਵਸੇ ਇਸੇ ਨਗਰ ਕੀਰਤਪੁਰ ਵਿਖੇ ਹੋਇਆ। ਇਥੇ ਹੀ ਆਪ ਜੀ ਨੂੰ ਗੁਰਿਆਈ ਤਿਲਕ ਲੱਗਿਆ ਅਤੇ ਇਥੇ ਹੀ ਆਪ ਬਾਲ ਗੁਰੂ ਹਰਿਕ੍ਰਿਸ਼ਨ ਜੀ ਨੂੰ ਗੁਰਿਆਈ ਸੌਂਪ ਕੇ

ਜੋਤੀ ਜੋਤ ਸਮਾਏ। ਅੱਠਵੇਂ ਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਵਿਖੇ ਜੋਤੀ ਜੋਤ ਸਮਾਏ ਪਰੰਤੂ ਉਹਨਾਂ ਦੀਆਂ ਅਸਥੀਆਂ ਕੀਰਤਪੁਰ ਸਾਹਿਬ ਲਿਆ ਕੇ ਜਲ ਪ੍ਰਵਾਹ ਕੀਤੀਆਂ ਗਈਆਂ। ਕੀਰਤਪੁਰ ਦੇ ਗੁਰੂ ਕੇਂਦਰ ਬਣਨ ਦੌਰਾਨ ਗੁਰੂ ਹਰਿਗੋਬਿੰਦ ਜੀ ਦੇ ਬਹੁਤ ਪ੍ਰਤਿਭਾਵਾਨ ਸਪੁੱਤਰ ਸ਼੍ਰੀ ਤਿਆਗ ਮੱਲ ਜੀ ਬਿਆਸ ਦਰਿਆ ਕਿਨਾਰੇ ਵਸੇ ਆਪਣੇ ਨਾਨਕੇ ਪਿੰਡ ਬਕਾਲੇ ਵਿਖੇ ਰਹਿ ਕੇ ਭਗਤੀ ਵਿਚ ਲੀਨ ਰਹੇ। ਗੁਰੂ ਹਰਿਕ੍ਰਿਸ਼ਨ ਜੀ ਨੇ ਆਪਣੇ ਅੰਤਮ ਸਮੇਂ ਗੁਰਿਆਈ ਦੇ ਅਗਲੇ ਅਧਿਕਾਰੀ ਵੱਲ ਸੰਕੇਤ ਕਰਦਿਆਂ ਕਿਹਾ, "ਬਾਬਾ ਬਕਾਲੇ"। ਇਥੇ ਮੱਖਣ ਸ਼ਾਹ ਲੁਬਾਣੇ ਦੇ "ਗੁਰੂ ਲਾਧੋ ਰੇ" ਦੇ ਐਲਾਨ ਨਾਲ ਆਪ ਨੇ ਨੌਵੇਂ ਗੁਰੂ ਤੇਗ ਬਹਾਦਰ ਵਜੋਂ ਗੁਰਿਆਈ ਧਾਰਨ ਕੀਤੀ।

ਗੁਰੂ ਤੇਗ ਬਹਾਦਰ ਜੀ ਜਦੋਂ ਅਸਾਮ ਵਿਖੇ ਦਰਿਆ ਬ੍ਰਹਮਪੁੱਤਰ ਦੇ ਇਲਾਕੇ ਵਿਚ ਗੁਰਮਤਿ ਪ੍ਰਚਾਰ ਕਰ ਰਹੇ ਸਨ ਤਾਂ ਬਿਹਾਰ ਦੇ ਗੰਗਾ ਕਿਨਾਰੇ ਵਸੇ ਪ੍ਰਸਿੱਧ ਸ਼ਹਿਰ ਪਟਨੇ ਵਿਖੇ ਉਹਨਾਂ ਦੇ ਘਰ ਮਾਤਾ ਗੁਜਰੀ ਦੀ ਕੁੱਖੋਂ ਬਾਲ ਗੋਬਿੰਦ ਰਾਏ ਦਾ ਜਨਮ ਹੋਇਆ। ਪਟਨਾ ਸ਼ਹਿਰ ਦਾ ਨਾਂ ਪੱਤਣ (ਦਰਿਆ ਦਾ ਕੰਢਾ) ਤੋਂ ਪਿਆ ਜਾਪਦਾ ਹੈ। ਗੰਗਾ ਦਰਿਆ ਨਾਲ ਜੁੜੀਆਂ ਬਾਲਕ ਗੋਬਿੰਦ ਰਾਏ ਦੀ ਬਾਲ-ਲੀਲਾ ਦੀਆਂ ਅਨੇਕ ਕਥਾਵਾਂ ਪ੍ਰਸਿੱਧ ਹਨ। ਇਕ ਵਾਰ ਉਹਨਾਂ ਆਪਣੇ ਸੋਨੇ ਦੇ ਦੋਵੇਂ ਕੰਙਣ ਗੰਗਾ ਦੇ ਪਾਣੀ ਨੂੰ ਭੇਟ ਕਰ ਦਿੱਤੇ ਸਨ। ਇਹਨਾਂ ਦਿਨਾਂ ਵਿਚ ਗੁਰੂ ਤੇਗ ਬਹਾਦਰ ਜੀ ਨੇ ਸਤਲੁਜ ਦਰਿਆ ਕਿਨਾਰੇ ਆਪਣੀ ਮਾਤਾ ਦੀ ਯਾਦ ਵਿਚ ਚੱਕ ਮਾਤਾ ਨਾਨਕੀ ਨਗਰ ਵਸਾਇਆ। 6 ਸਾਲ ਦੀ ਉਮਰ ਵਿਚ ਬਾਲ ਗੋਬਿੰਦ ਰਾਏ ਵੀ ਚੱਕ ਮਾਤਾ ਨਾਨਕੀ ਆ ਗਏ। ਇਥੋਂ ਹੀ ਗੁਰੂ ਤੇਗ ਬਹਾਦਰ ਜੀ ਨੇ ਧਰਮ ਹੇਤ ਸਾਕਾ ਕਰਨ ਲਈ ਦਿੱਲੀ ਨੂੰ ਚਾਲੇ ਪਾਏ। ਸਤਲੁਜ ਕੰਢੇ ਰਾਂਗਲੇ ਹੋਲੇ ਅਤੇ ਬਾਂਕੇ ਮੁਹੱਲੇ ਜੁੜਨ ਲੱਗੇ। ਇਹ ਗੁਰਧਾਨੀ ਆਪਣੇ ਨਵੇਂ ਨਾਂ ਅਨੰਦਪੁਰ ਨਾਲ ਪ੍ਰਸਿੱਧ ਹੋਈ। ਇਸ ਦੌਰਾਨ ਗੁਰੂ ਗੋਬਿੰਦ ਰਾਏ ਲਗਪਗ ਇਕ ਸਾਲ ਅਨੰਦਪੁਰ ਤੋਂ ਕੁਝ ਮੀਲ ਦੂਰ ਬਿਭੌਰ ਰਿਆਸਤ ਵਿਖੇ ਰਹੇ। ਇਥੇ ਸਤਲੁਜ ਦਰਿਆ ਦੇ ਕਿਨਾਰੇ ਬੈਠ ਆਪ ਨੇ ਚੌਪਈ ਬਾਣੀ ਦੀ ਰਚਨਾ ਕੀਤੀ। ਆਪ ਲਗਪਗ ਚਾਰ ਸਾਲ ਨਾਹਨ ਰਿਆਸਤ ਵਿਚ ਪਾਉਂਟੇ ਦੇ ਸਥਾਨ 'ਤੇ ਰਹੇ। ਯਮੁਨਾ ਨਦੀ ਕਿਨਾਰੇ ਆਪ ਨੇ ਪਾਉਂਟਾ ਨਗਰ ਵਸਾਇਆ। ਇਥੇ ਯਮੁਨਾ ਦੇ ਤੱਟ 'ਤੇ ਕਵੀ ਦਰਬਾਰ ਸਜਦੇ। ਗੁਰੂ ਸਾਹਿਬ ਨੇ 52 ਕਵੀਆਂ ਦੀ ਸਰਪ੍ਰਸਤੀ ਕੀਤੀ। ਇਥੇ ਯਮੁਨਾ ਕਿਨਾਰੇ ਹੀ ਆਪ ਨੇ ਜਾਪੁ ਸਾਹਿਬ ਦੀ ਬਾਣੀ ਦੀ ਰਚਨਾ ਕੀਤੀ। ਇਥੋਂ ਹੀ ਆਪ ਨੇ ਭੰਗਾਣੀ ਦੀ ਲੜਾਈ ਲੜੀ ਅਤੇ ਫਤਹਿ ਕੀਤੀ। ਆਪ ਦੇ ਪਹਿਲੇ ਸਾਹਿਬਜ਼ਾਦੇ ਅਜੀਤ ਸਿੰਘ ਦਾ ਜਨਮ ਅਤੇ ਨਾਮਕਰਣ ਇਥੇ ਹੀ ਹੋਇਆ। ਅਨੰਦਪੁਰ ਵਿਖੇ ਗੁਰੂ ਗੋਬਿੰਦ ਰਾਏ ਨੇ 1699 ਦੀ ਵਿਸਾਖੀ ਨੂੰ ਸਤਲੁਜ ਤੋਂ ਪਵਿੱਤਰ ਜਲ ਦਾ ਬਾਟਾ ਮੰਗਵਾ ਕੇ ਖੰਡੇ ਪਹੁਲ ਤਿਆਰ ਕੀਤੀ। ਸਿਰਲੱਥ ਸਿੱਖਾਂ ਨੂੰ ਇਹ ਖੰਡੇ ਪਹੁਲ ਛਕਾ ਕੇ ਖਾਲਸਾ ਪੰਥ ਦੀ ਸਾਜਨਾ ਕੀਤੀ। ਇਹੀ ਖੰਡੇ ਪਹੁਲ ਛਕ ਕੇ ਆਪ ਗੋਬਿੰਦ ਰਾਏ ਤੋਂ ਸਵਾ ਲੱਖ ਨਾਲ ਇਕ ਲੜਾਉਣ ਵਾਲੇ ਗੁਰੂ ਗੋਬਿੰਦ ਸਿੰਘ

ਬਣੇ। ਇਸ ਅਮੁੱਲੀ ਦਾਤ ਕਾਰਨ ਗੁਰੂ ਸਾਹਿਬ ਨੇ ਆਪਣੀ ਸਾਰੀ ਦੌਲਤ ਪਿਆਰੇ ਸਤਲੁਜ ਤੋਂ ਵਾਰ ਛੱਡੀ। ਅਨੰਦਪੁਰ ਸਾਹਿਬ ਨੂੰ ਵਿਦਾ ਕਹਿਣ ਤੋਂ ਪਹਿਲਾਂ ਉਹਨਾਂ ਆਪਣਾ ਲਗਪਗ ਸਾਰਾ ਖ਼ਜ਼ਾਨਾ ਭਾਵ ਹੀਰੇ, ਮੋਤੀ, ਸੋਨਾ, ਚਾਂਦੀ ਆਦਿ ਆਪਣੇ ਹੱਥੀਂ ਸਤਲੁਜ ਨੂੰ ਭੇਟ ਕਰ ਦਿੱਤੇ।

ਸਿਆਲ ਦੀ ਯੱਖ ਰਾਤੇ ਅਨੰਦਪੁਰ ਛੱਡ ਗੁਰੂ ਸਾਹਿਬ ਨੇ ਸਰਸਾ ਨਦੀ ਪਾਰ ਕੀਤੀ। ਤੜਕੇ ਸਰਸਾ ਦੇ ਕਿਨਾਰੇ ਆਸਾ ਦੀ ਵਾਰ ਦੀ ਸ਼ਬਦ ਚੌਂਕੀ ਲਾਈ। ਚਮਕੌਰ ਦੀ ਲੜਾਈ ਵਿਚ ਦੋ ਪੁੱਤਰਾਂ ਅਤੇ ਚਾਲੀ ਸਾਥੀ ਸਿੰਘਾਂ ਦੀ ਸ਼ਹੀਦੀ ਮਗਰੋਂ ਗੁਰੂ ਸਾਹਿਬ ਨੰਗੇ ਪੈਰੀਂ ਮਾਛੀਵਾੜੇ ਪਹੁੰਚੇ। ਇਹ ਉਹ ਇਲਾਕਾ ਹੈ ਜਿਥੋਂ ਬੁੱਢਾ ਦਰਿਆ ਸ਼ੁਰੂ ਹੁੰਦਾ ਹੈ। ਇਸ ਦੇ ਪਾਣੀਆਂ ਨੂੰ ਗੁਰੂ ਦੀ ਚਰਨ ਛੋਹ ਪ੍ਰਾਪਤ ਹੋਈ। ਗੁਰੂ ਜੀ ਇਸ ਦੇ ਕਿਨਾਰੇ ਆਪਣੇ ਮਿੱਤਰ ਪਿਆਰੇ ਦੀ ਯਾਦ ਵਿਚ ਗੀਤ ਗਾਉਂਦੇ ਰਹੇ। ਗੁਰੂ ਗੋਬਿੰਦ ਸਿੰਘ ਜੀ ਦਾ ਆਖਰੀ ਸਮਾਂ ਦੱਖਣ ਦੇਸ਼ ਦੀ ਗੋਦਾਵਰੀ ਨਦੀ ਕਿਨਾਰੇ ਬਤੀਤ ਹੋਇਆ। ਗੋਦਾਵਰੀ ਦੇ ਕਿਨਾਰੇ ਚਹਿਲ ਕਦਮੀ ਕਰਦਿਆਂ ਜਦ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਨੇ ਬੇਸ਼ਕੀਮਤੀ ਨਗੀਨਾ ਗੁਰੂ ਸਾਹਿਬ ਦੀ ਨਜ਼ਰ ਕੀਤਾ ਤਾਂ ਆਪ ਨੇ ਇਹ ਨਗੀਨਾ ਗੋਦਾਵਰੀ ਦੇ ਪਾਣੀ ਨੂੰ ਅਰਪਿਤ ਕਰ ਦਿੱਤਾ। ਇਸੇ ਗੋਦਾਵਰੀ ਦੇ ਕਿਨਾਰੇ ਆਪ ਦੀ ਮਾਧੋ ਦਾਸ ਵੈਰਾਗੀ ਨਾਲ ਮੁਲਾਕਾਤ ਹੋਈ ਜਿਸ ਨੂੰ ਸਿੰਘ ਸਜਾ ਆਪ ਨੇ ਪੰਥ ਦੀ ਅਗਵਾਈ ਹਿੱਤ ਪੰਜਾਬ ਲਈ ਰਵਾਨਾ ਕੀਤਾ। ਗੋਦਾਵਰੀ ਕੰਢੇ ਹੀ ਆਪ ਜੋਤੀ ਜੋਤ ਸਮਾਏ।

ਅੰਗਰੇਜ਼ੀ ਅਤੇ ਸਿੱਖ ਰਾਜ ਵਿਚਕਾਰ ਸੀਮਾ ਮਿੱਥਣ ਲਈ ਮਹਾਰਾਜਾ ਰਣਜੀਤ ਸਿੰਘ ਦੀ ਅੰਗਰੇਜ਼ਾਂ ਨਾਲ ਸੰਧੀ ਸਤਲੁਜ ਦਰਿਆ ਕਿਨਾਰੇ ਰੋਪੜ ਵਿਖੇ ਹੋਈ।

ਉਨ੍ਹਵੀਂ ਸਦੀ ਦੇ ਅਖੀਰ ਵਿਚ ਬਾਬਾ ਜੈਮਲ ਸਿੰਘ ਨੇ ਦਰਿਆ ਬਿਆਸ ਕਿਨਾਰੇ ਰਾਧਾ ਸੁਆਮੀ ਸਤਿਸੰਗ ਸਥਾਨ ਬਣਾਇਆ। ਹੌਲੀ ਹੌਲੀ ਇਸ ਦਾ ਨਾਂ ਰਾਧਾ ਸੁਆਮੀ ਡੇਰਾ ਬਿਆਸ ਪੈ ਗਿਆ ਅਤੇ ਇਹ ਰਾਧਾ ਸੁਆਮੀ ਮੱਤ ਦਾ ਸਭ ਤੋਂ ਵੱਡਾ ਕੇਂਦਰ ਬਣ ਗਿਆ। ਇਸ ਦੇ ਨਾਲ ਆਬਾਦ ਹੋਏ ਕਸਬੇ ਦਾ ਨਾਂ ਵੀ ਦਰਿਆ ਦੇ ਨਾਂ 'ਤੇ ਬਿਆਸ ਹੀ ਪੱਕ ਗਿਆ।

31 ਦਸੰਬਰ 1929 ਨੂੰ ਪੰਡਤ ਜਵਾਹਰ ਲਾਲ ਨਹਿਰੂ ਨੇ ਲਹੌਰ ਰਾਵੀ ਦਰਿਆ ਕੰਢੇ ਤਿਰੰਗਾ ਲਹਿਰਾ ਕੇ ਪੂਰਨ ਸਵਰਾਜ ਦਾ ਐਲਾਨ ਕੀਤਾ। ਇਸੇ ਰਾਵੀ ਦਰਿਆ ਕੰਢੇ ਕ੍ਰਾਂਤੀਕਾਰੀ ਨੌਜਵਾਨ ਭਗਵਤੀ ਚਰਣ ਵੋਹਰਾ ਨੇ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਛੁਡਵਾਉਣ ਲਈ ਤਿਆਰ ਕੀਤਾ ਬੰਬ ਟੈਸਟ ਕਰਦਿਆਂ ਆਪਣੀ ਜਾਨ ਦੀ ਅਹੂਤੀ ਦਿੱਤੀ। 23 ਮਾਰਚ 1931 ਤੋਂ ਪਹਿਲੀ ਰਾਤ ਨੂੰ ਲਹੌਰ ਜੇਲ੍ਹ ਵਿਚ ਫਾਂਸੀ ਚੜ੍ਹੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸਤਲੁਜ ਕੰਢੇ ਅੰਤਮ ਸੰਸਕਾਰ ਹੋਏ। ਸਤਲੁਜ ਕੰਢੇ ਹੁਸੈਨੀਵਾਲਾ ਵਿਖੇ ਉਹਨਾਂ ਦੀਆਂ ਸਮਾਧੀਆਂ ਬਣੀਆਂ ਹੋਈਆਂ ਹਨ। ਸ਼ਹੀਦ ਭਗਤ ਸਿੰਘ ਨਾਲ ਅਸੈਂਬਲੀ 'ਚ ਬੰਬ ਸੁੱਟਣ ਵਾਲੇ ਬੀ. ਕੇ. ਦੱਤ ਦਾ

ਅੰਤਮ ਸੰਸਕਾਰ ਵੀ ਉਹਨਾਂ ਦੀ ਅੰਤਮ ਇੱਛਾ ਅਨੁਸਾਰ ਸਤਲੁਜ ਕੰਢੇ ਸ਼ਹੀਦ ਭਗਤ ਸਿੰਘ ਦੀ ਸਮਾਧੀ ਦੇ ਕੋਲ ਹੀ ਕੀਤਾ ਗਿਆ।

ਇਸ ਚਰਚਾ ਨਾਲ ਅਸੀਂ ਮਹਿਸੂਸ ਕਰ ਸਕਦੇ ਹਾਂ ਕਿ ਸਾਡੇ ਦਰਿਆਵਾਂ ਦਾ ਮਨੁੱਖੀ ਜੀਵਨ ਲਈ ਆਮ ਤੌਰ 'ਤੇ ਅਤੇ ਸਾਡੇ ਇਤਿਹਾਸ ਵਿਚ ਖਾਸ ਤੌਰ 'ਤੇ ਕਿੰਨਾ ਮਹੱਤਵ ਪੂਰਨ ਸਥਾਨ ਹੈ। ਜਿਹਨਾਂ ਦਰਿਆਵਾਂ ਦੀ ਸੰਗਤ ਵਿਚ ਗੁਰੂ ਸਹਿਬਾਨ ਨੇ ਪਾਵਨ ਬਾਣੀ ਰਚੀ ਅਤੇ ਮਹਾਨ ਕੌਤਕ ਵਰਤਾਏ ਉਹਨਾਂ ਵਿਚੋਂ ਬਹੁਤੇ ਹੁਣ ਦੁਨੀਆਂ ਦੇ ਸਭ ਤੋਂ ਮਲੀਨ ਦਰਿਆਵਾਂ ਵਿਚ ਗਿਣੇ ਜਾਣ ਲੱਗੇ ਹਨ। ਸਾਡੇ ਮਹਾਨ ਪੁਰਖਿਆਂ ਦੀ ਦਰਿਆਵਾਂ ਨਾਲ ਜਿੰਨੀ ਜ਼ਿਆਦਾ ਦੋਸਤੀ ਸੀ ਅਸੀਂ ਜਾਣੇ ਅਣਜਾਣੇ ਓਨੇ ਹੀ ਇਹਨਾਂ ਦੇ ਦੁਸ਼ਮਣ ਬਣ ਗਏ ਹਾਂ। ਜਿਸ ਪਾਣੀ ਨੂੰ ਗੁਰੂ ਨੇ ਅੰਮ੍ਰਿਤ ਰੂਪ ਕੀਤਾ ਉਸ ਪਾਣੀ ਨੂੰ ਅਸੀਂ ਜ਼ਹਿਰ ਵਰਗਾ ਜ਼ਹਿਰੀਲਾ ਅਤੇ ਗਾਲ੍ਹਾਂ ਵਰਗਾ ਗੰਦਾ ਕਰ ਰਹੇ ਹਾਂ। ਇਹਨਾਂ ਨੂੰ ਪ੍ਰਦੂਸ਼ਤ ਕਰਕੇ ਨਾ ਕੇਵਲ ਮਨੁੱਖੀ ਸਿਹਤ ਲਈ ਖਤਰੇ ਸਹੇੜ ਰਹੇ ਹਾਂ ਸਗੋਂ ਸਮੁੱਚੀ ਜੀਵਨ ਹੋਂਦ ਦੇ ਪ੍ਰਤੀਕੂਲ ਹਾਲਾਤ ਬਣਾ ਰਹੇ ਹਾਂ। ਕਿਸੇ ਸ਼ਹਿਰ ਵਿਚੋਂ ਲੰਘਦੀ ਕੁਦਰਤੀ ਜਲਧਾਰਾ ਇਸ ਦੀ ਜਾਨ ਅਤੇ ਸ਼ਾਨ ਹੁੰਦੀ ਹੈ। ਪਰ ਸਾਡੇ ਸ਼ਹਿਰਾਂ ਕਸਬਿਆਂ 'ਚੋਂ ਲੰਘਦੇ ਨਦੀਆਂ ਨਾਲਿਆਂ ਦਾ ਕਾਲਾ, ਜ਼ਹਿਰੀਲਾ ਅਤੇ ਬਦਬੂਦਾਰ ਪਾਣੀ ਦੱਸਦਾ ਹੈ ਕਿ ਸਾਡੀ ਸਿਆਸਤ ਕਿੰਨੀ ਕਾਲੀ, ਪ੍ਰਬੰਧਕੀ ਢਾਂਚਾ ਕਿੰਨਾ ਗਲ਼ਿਆ ਸੜਿਆ, ਵਣਜ ਕਿੰਨਾ ਖੋਟਾ, ਧਾਰਮਿਕਤਾ ਕਿੰਨੀ ਜਾਅਲੀ, ਮਾਨਸਿਕਤਾ ਕਿੰਨੀ ਜ਼ਹਿਰੀਲੀ ਅਤੇ ਰਵੱਈਆ ਕਿੰਨਾ ਨਿੱਘਰਿਆ ਹੋਇਆ ਹੈ। ਇਹਨਾਂ ਦੇ ਤਲ 'ਤੇ ਤੈਰਦਾ ਕੂੜਾ ਦੱਸਦਾ ਹੈ ਕਿ ਅਸੀਂ ਵਾਤਾਵਰਣ ਦੀ ਸਾਂਭ ਸੰਭਾਲ ਲਈ ਲੋੜੀਂਦੇ ਤਕਨੀਕੀ ਵਿਕਾਸ ਪ੍ਰਤੀ ਕਿੰਨੇ ਅਵੇਸਲੇ ਹਾਂ। ਇਸ ਪ੍ਰਥਾਏ ਸਵ. ਸ.ਸ. ਮੀਸ਼ਾ ਦਾ ਕਥਨ ਹੈ:

ਚੰਗੇ ਨਹੀਂ ਆਸਾਰ ਨਗਰ ਦੇ। ਊਂਘਣ ਪਹਿਰੇਦਾਰ ਨਗਰ ਦੇ।
ਇਸ ਦੀ ਰੂਹ ਹੈ ਗੰਦਾ ਨਾਲਾ, ਜੋ ਵਗਦਾ ਵਿਚਕਾਰ ਨਗਰ ਦੇ।

ਇਹਨਾਂ ਕੁਦਰਤੀ ਜਲ ਧਾਰਾਵਾਂ ਦੀ ਸਵੱਛਤਾ ਪ੍ਰਤੀ ਕੋਤਾਹੀ ਕਰ ਕੇ ਅਸੀਂ ਕੁਦਰਤ ਦੀ ਬਰਕਤ ਭਰਪੂਰ ਬਖ਼ਸ਼ਿਸ਼ ਤੋਂ ਮੂੰਹ ਮੋੜ ਰਹੇ ਹਾਂ। ਪਾਣੀ ਦੀ ਜੀਵਨ ਸ਼ਕਤੀ ਨਸ਼ਟ ਕਰਕੇ ਮਨੁੱਖੀ ਨਸਲ ਦੀ ਤਬਾਹੀ ਨੂੰ 'ਵਾਜਾਂ ਮਾਰ ਰਹੇ ਹਾਂ।

14 ਮਾਰਚ ਗੁਰੂ ਹਰਿਰਾਇ ਸਾਹਿਬ ਦਾ ਗੁਰਗੱਦੀ ਦਿਵਸ ਹੁੰਦਾ ਹੈ ਅਤੇ ਇਸ ਨੂੰ ਸਿੱਖ ਵਾਤਾਵਰਣ ਦਿਵਸ ਵਜੋਂ ਮਨਾਇਆ ਜਾਣ ਲੱਗਾ ਹੈ। 14 ਮਾਰਚ ਨੂੰ ਹੀ ਵਿਸ਼ਵ ਭਾਈਚਾਰਾ "ਦਰਿਆ ਬਚਾਓ ਦਿਵਸ" ਵਜੋਂ ਮਨਾਉਣ ਲੱਗਾ ਹੈ। ਇਹ ਦਿਨ ਸਾਨੂੰ ਆਪਣੇ ਦਰਿਆਵਾਂ ਦੀ ਸਵੱਛਤਾ ਬਚਾਉਣ ਲਈ ਸਰਗਰਮ ਹੋਣਾ ਯਾਦ ਕਰਾਉਂਦਾ ਹੈ। ਆਪਣੇ ਦਰਿਆਵਾਂ ਦੀ ਨਿਰਮਲਤਾ ਲਈ ਸਾਨੂੰ ਸਭ ਨੂੰ ਆਪੋ ਆਪਣੀ ਥਾਈਂ ਨਿੱਜੀ, ਪ੍ਰਬੰਧਕੀ ਅਤੇ ਸੰਗਤੀ ਰੂਪ ਵਿਚ ਸੰਵੇਦਨਸ਼ੀਲ, ਚੇਤੰਨ ਅਤੇ ਸਰਗਰਮ ਹੋਣ

ਦੀ ਲੋੜ ਹੈ। ਇਸ ਸਬੰਧੀ ਸ਼ਹਿਰੀਆਂ, ਸੰਸਥਾਵਾਂ ਅਤੇ ਸਰਕਾਰ ਨੂੰ ਸਿਰ ਜੋੜ ਕੇ ਸੋਚਣ, ਹੱਥ ਮਿਲਾ ਕੇ ਸੰਗਠਤ ਹੋਣ ਅਤੇ ਮੋਢੇ ਨਾਲ ਮੋਢਾ ਲਾ ਕੇ ਕਾਰਜ ਕਰਨ ਦੀ ਲੋੜ ਹੈ। ਜਿਸ ਦੁਰਦਸ਼ਾ ਲਈ ਅਸੀਂ ਆਪੋ ਆਪਣੀ ਥਾਈਂ ਸਾਰੇ ਜਿੰਮੇਵਾਰ ਹਾਂ ਉਸ ਨੂੰ ਦਰੁਸਤ ਵੀ ਆਪੋ ਆਪਣੇ ਅਤੇ ਸਾਂਝੇ ਯਤਨਾਂ ਅਤੇ ਕਾਰਜਾਂ ਨਾਲ ਹੀ ਕੀਤਾ ਸਕਦਾ ਹੈ। ਅਸੀਂ ਸਾਰੇ ਇਸ ਸਥਿਤੀ ਨੂੰ ਸੁਧਾਰਨ ਲਈ ਕਿਸੇ ਨਾ ਕਿਸੇ ਰੂਪ ਵਿਚ ਜ਼ਰੂਰ ਕੋਈ ਨਾ ਕੋਈ ਯੋਗਦਾਨ ਪਾ ਸਕਦੇ ਹਾਂ। ਜੇ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਇਸ ਮਾਮਲੇ ਵਿਚ ਕੁਝ ਵੀ ਨਹੀਂ ਕਰ ਸਕਦੇ ਤਾਂ ਇਕ ਮਿੰਟ ਲਈ ਆਪਣੇ ਦਰਿਆਵਾਂ ਦੀ ਸਲਾਮਤੀ ਲਈ ਪ੍ਰਾਰਥਨਾ ਜ਼ਰੂਰ ਕਰਨਾ।

# ਸਾਵੇ ਪੱਤਰ ਵਾਲੇ ਮੋਹਨ ਸਿੰਘ ਦਾ ਰੱਬ

ਪ੍ਰੋ: ਮੋਹਨ ਸਿੰਘ ਦੇ ਦਿਹਾਂਤ ਤੋਂ ਬਾਅਦ ਪਿਛਲੇ ਲਗਪਗ 30 ਸਾਲਾਂ ਦੌਰਾਨ ਅਕਸਰ ਵਿਦਵਾਨਾਂ/ ਸਮੀਖਿਆਕਾਰਾਂ ਵਲੋਂ ਪ੍ਰੋ: ਮੋਹਨ ਸਿੰਘ ਨੂੰ ਯੁੱਗ-ਕਵੀ ਕਹਿ ਕੇ ਯਾਦ ਕੀਤਾ ਜਾਂਦਾ ਹੈ ਕਿ ਪ੍ਰੋ: ਮੋਹਨ ਸਿੰਘ ਦੀ ਸ਼ਾਇਰੀ ਨਾਲ ਆਧੁਨਿਕ ਜਾਂ ਪ੍ਰਗਤੀਵਾਦੀ ਪੰਜਾਬੀ ਕਵਿਤਾ ਦਾ ਨਵਾਂ ਯੁੱਗ ਸ਼ੁਰੂ ਹੋਇਆ। ਅੰਮ੍ਰਿਤਾ ਪ੍ਰੀਤਮ ਜੀ ਦੇ ਜੀਵਨ ਦੇ ਮਗਰਲੇ ਦਿਨੀਂ ਕੁੱਝ ਕਾਹਲੀਆਂ ਸੰਸਥਾਵਾਂ ਅਤੇ ਸ਼ਖ਼ਸੀਅਤਾਂ ਵਲੋਂ ਉਹਨਾਂ ਨੂੰ 'ਮਲੇਨੀਅਮ ਦੀ ਕਵਿਤਰੀ' ਦਾ ਖਿਤਾਬ ਦਿੱਤਾ ਗਿਆ ਭਾਵ ਉਹਨਾਂ ਦੀ ਕਵਿਤਾ ਨੂੰ ਸੰਨ 1001 ਤੋਂ ਲੈ ਕੇ ਸੰਨ 2000 ਤੱਕ ਦਸ ਸਦੀਆਂ ਦੇ ਕਾਲ ਦੌਰਾਨ ਰਚੀ ਗਈ ਸਾਰੀ ਕਵਿਤਾ ਚੋਂ ਸਰਬ ਸ਼੍ਰੇਸ਼ਠ ਐਲਾਨਿਆਂ ਗਿਆ। ਪਰ ਅਜਿਹਾ ਕਰਦਿਆਂ ਇਹ ਖਿਆਲ ਨਹੀਂ ਰੱਖਿਆ ਗਿਆ ਕਿ ਇਸੇ ਸਮੇਂ ਦੌਰਾਨ ਸ਼ੇਖ਼ ਫਰੀਦ, ਗੁਰੂ ਨਾਨਕ, ਗੁਰੂ ਅਰਜਨ, ਭਾਈ ਗੁਰਦਾਸ, ਗੁਰੂ ਗੋਬਿੰਦ ਸਿੰਘ, ਸ਼ਾਹ ਹੁਸੈਨ, ਬੁੱਲੇ ਸ਼ਾਹ, ਵਾਰਿਸ ਸ਼ਾਹ, ਪ੍ਰੋ: ਪੂਰਨ ਸਿੰਘ, ਭਾਈ ਵੀਰ ਸਿੰਘ, ਪ੍ਰੋ: ਮੋਹਨ ਸਿੰਘ ਆਦਿ ਰਚਨਾਕਾਰ ਵੀ ਪੈਦਾ ਹੋਏ ਹਨ। ਅਸਲ ਵਿੱਚ ਮਲੇਨੀਅਮ ਨਿਸਚਿਤ ਕੈਲੰਡਰੀ ਕਾਲ ਹੁੰਦਾ ਹੈ। ਜਿਸ ਕਰਕੇ ਚੰਗੇਰੀ ਭਾਵਨਾ ਨਾਲ ਕੀਤੀ ਇਹ ਜਜ਼ਬਾਤੀ ਖਿਤਾਬਪੋਸ਼ੀ ਹਾਸੋਹੀਣੀ ਲਗਦੀ ਸੀ। ਦੂਜੇ ਪਾਸੇ 'ਯੁੱਗ' ਦੇ ਸ਼ੁਰੂ ਜਾਂ ਖਤਮ ਹੋਣ ਦੀ ਕੋਈ ਤਰੀਕ, ਸਾਲ ਜਾਂ ਸਮਾਂ ਨਿਸਚਿਤ ਨਹੀਂ ਹੁੰਦੇ। ਇਹ ਲੱਖਾਂ, ਹਜ਼ਾਰਾ, ਸੈਂਕੜਿਆਂ ਜਾਂ ਕੁੱਝ ਵਰ੍ਹਿਆਂ ਦਾ ਵੀ ਹੋ ਸਕਦਾ ਹੈ। ਕਿਸੇ ਖਾਸ ਸੰਦਰਭ ਵਿਚ ਕੁੱਝ ਦਹਾਕਿਆਂ ਦੇ ਦੌਰ ਨੂੰ ਸਹਿਜੇ ਹੀ ਯੁੱਗ ਕਹਿ ਸੁਣ ਲਿਆ ਜਾਂਦਾ ਹੈ।

ਅਸਲ ਵਿੱਚ ਪੰਜਾਬੀ ਕਵਿਤਾ ਦੇ ਦ੍ਰਿਸ਼ 'ਤੇ ਪ੍ਰੋ: ਮੋਹਨ ਸਿੰਘ ਦੀ ਆਮਦ ਤੋਂ ਪਹਿਲਾਂ ਅਤੇ ਮਗਰੋਂ ਦੀ ਸ਼ਾਇਰੀ ਵਿੱਚ ਨਜ਼ਰ ਆਉਂਦੇ ਅੰਤਰ ਉਸਨੂੰ ਯੁੱਗ ਕਵੀ ਅਖਵਾਉਣ ਦਾ ਅਧਿਕਾਰੀ ਬਣਾਉਂਦੇ ਹਨ। ਪਰ ਸਾਹਿਤ ਵਿੱਚ ਨਵੀਨਤਾ ਜਾਂ ਅਧੁਨਿਕਤਾ ਦਾ ਮਤਲਬ ਇਹ ਹਰਗਿਜ਼ ਨਹੀਂ ਹੁੰਦਾ ਕਿ ਪਹਿਲੇ ਸਾਰੇ ਵਿਚਾਰਾਂ, ਵਿਸ਼ਵਾਸਾਂ, ਜੁਗਤਾਂ, ਰਵਾਇਤਾਂ, ਸੰਕਲਪਾਂ ਅਤੇ ਬੋਧ ਨੂੰ ਰੱਦ ਕਰ ਦਿੱਤਾ ਜਾਂਦਾ ਹੈ।ਕਈ ਵਾਰ ਅਧੁਨਿਕਤਾਵਾਦ ਦੀ ਹੋੜ ਜਾਂ ਫੈਸ਼ਨਪ੍ਰਸਤੀ ਕਾਰਨ ਪ੍ਰੰਪਰਾ ਦੇ ਹਾਜ਼ਰ ਤੱਤ ਵੀ ਗ਼ੈਰਹਾਜ਼ਰ ਲੱਗਣ ਲੱਗ ਜਾਂਦੇ ਹਨ ਜਾਂ ਉਹਨਾਂ ਨੂੰ ਗੈਰਹਾਜ਼ਰ ਸਿੱਧ ਕਰਨ ਦੀ ਰਾਜਨੀਤੀ ਦੇ ਤਹਿਤ ਉਹਨਾਂ ਨੂੰ ਨਜ਼ਰ ਅੰਦਾਜ਼ ਕੀਤਾ ਜਾਂਦਾ ਹੈ। ਮਿਸਾਲ ਦੇ ਤੌਰ

ਤੇ ਪ੍ਰੋ: ਮੋਹਨ ਸਿੰਘ ਦੇ ਅਧੁਨਿਕ ਬੋਧ ਦੀ ਗੱਲ ਕਰਦਿਆਂ ਉਹਨਾਂ ਦੀ ਲੰਮੀ ਕਵਿਤਾ 'ਰੱਬ' ਦਾ ਪਹਿਲਾ ਬੰਦ ਹੀ quote ਕੀਤਾ ਜਾਂਦਾ ਹੈ :

ਰੱਬ ਇੱਕ ਗੁੰਝਲਦਾਰ ਬੁਝਾਰਤ
ਰੱਬ ਇੱਕ ਗੋਰਖ-ਧੰਦਾ।
ਖੋਲ੍ਹਣ ਲੱਗਿਆਂ ਪੇਚ ਏਸ ਦੇ
ਕਾਫ਼ਰ ਹੋ ਜਾਏ ਬੰਦਾ।
ਕਾਫ਼ਰ ਹੋਣੋਂ ਡਰ ਕੇ ਜੀਵੇਂ
ਖੋਜੋਂ ਮੂਲ ਨਾ ਖੁੰਝੀ
ਲਾਈਲੱਗ ਮੋਮਨ ਦੇ ਕੋਲੋਂ
ਖੋਜੀ ਕਾਫ਼ਰ ਚੰਗਾ। (ਰੱਬ)

ਉਪਰੋਕਤ ਬੰਦ ਦਾ ਇਹੀ ਅਰਥ ਕੀਤਾ ਜਾਂਦਾ ਹੈ ਕਿ ਖੋਜੀ ਹੋਣਾ ਨਾਸਤਿਕ ਹੋਣਾ ਹੈ, ਨਵੀਨ ਹੋਣ ਲਈ ਰੈਸ਼ਨਲ ਹੋਣਾ ਲਾਜ਼ਮੀ ਹੈ ਜਾਂ ਪ੍ਰਗਤੀਵਾਦੀ ਅਖਵਾਉਣ ਲਈ ਕੇਵਲ ਤਰਕਸ਼ੀਲ ਹੋਣਾ ਜ਼ਰੂਰੀ ਹੈ। ਪ੍ਰੰਤੂ ਇਸ ਪੂਰੀ ਕਵਿਤਾ ਵਿੱਚ ਪ੍ਰੋ. ਮੋਹਨ ਸਿੰਘ ਰੱਬ ਦੀ ਹਸਤੀ ਦੀ ਖੋਜ ਦੇ ਅਜੇ ਤੱਕ ਸੰਪੂਰਨ ਨਾ ਹੋਣ ਦੀ ਕਹਾਣੀ ਦਰਜ ਕਰਦੇ ਹੋਏ ਇਸ ਦੇ ਸੰਪੂਰਨ ਹੋਣ ਦੀ ਪ੍ਰਾਰਥਨਾ ਕਰਦੇ ਹਨ ਤਾਂ ਕਿ ਵੱਖ-2 ਵਿਧੀਆਂ ਰਾਹੀਂ ਇਸ ਖੋਜ ਵਿੱਚ ਲੱਗਿਆਂ ਵਿਚਲਾ ਵਖਰੇਵਾਂ ਅਤੇ ਤਨਾਓ ਖਤਮ ਹੋ ਜਾਵੇ। ਕਵਿਤਾ ਦੇ ਅਖੀਰ ਵਿਚ ਪ੍ਰੋ: ਮੋਹਨ ਸਿੰਘ ਰੱਬ ਨੂੰ ਸਾਂਝੀਵਾਲਤਾ ਅਤੇ ਸਰਬ-ਪਿਆਰ ਦੇ ਸੰਕਲਪ ਦੇ ਤੌਰ ਤੇ ਸਥਾਪਤ ਕਰਦੇ ਹਨ:

ਇਕ ਘੜੀ ਜੇ ਖੁੱਲ੍ਹਾ ਦੀਦਾਰ ਦੇਵੇਂ
ਸਾਡਾ ਨਿੱਤ ਦਾ ਰੇੜਕਾ ਚੁੱਕ ਜਾਵੇ।
ਤੇਰੀ ਜ਼ੁਲਫ਼ ਦਾ ਸਾਂਝਾ ਪਿਆਰ ਹੋਵੇ
ਝਗੜਾ ਮੰਦਰ ਮਸੀਤ ਦਾ ਮੁੱਕ ਜਾਵੇ। (ਰੱਬ)

ਸਾਡੇ ਮੱਧਕਾਲੀ ਸੁਖ਼ਨਵਰਾਂ ਨੇ ਆਪਣੀ ਰਚਨਾ ਨੂੰ ਬਾਣੀ ਆਖਿਆ ਹੈ ਅਤੇ ਅਸੀਂ ਉਹਨਾਂ ਨੂੰ ਬਾਣੀਕਾਰ ਕਹਿ ਕੇ ਯਾਦ ਕਰਦੇ ਹਾਂ। ਲਗਪਗ ਸਾਰੇ ਬਾਣੀਕਾਰਾਂ ਨੇ ਪ੍ਰਮਾਤਮਾ ਨੂੰ ਆਪਣੀ ਰਚਨਾ ਦਾ ਸਰੋਤ ਕਿਹਾ ਹੈ:

ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ॥ (722, ਮ. 1)

ਜਨੁ ਨਾਨਕੁ ਬੋਲੈ ਅੰਮ੍ਰਿਤ ਬਾਣੀ॥
ਗੁਰਸਿਖਾਂ ਕੈ ਮਨਿ ਪਿਆਰੀ ਭਾਣੀ॥ (96, ਮ. 4)

ਧੁਰ ਕੀ ਬਾਣੀ ਆਈ॥
ਤਿਨਿ ਸਗਲੀ ਚਿੰਤ ਮਿਟਾਈ॥ (628, ਮ. 5)

ਲੋਕਾਈ ਅੰਦਰ ਬਾਣੀ ਨੂੰ ਪ੍ਰਚਾਰਨ ਅਤੇ ਸੰਚਾਰਨ ਲਈ ਬਾਣੀਕਾਰਾਂ ਵਲੋਂ ਇਸ ਪ੍ਰਤੀ ਸ਼ਰਧਾ ਪੈਦਾ ਕਰਨ ਨੂੰ ਜ਼ਰੂਰੀ ਸਮਝਿਆ ਗਿਆ। ਜਾਂ ਕਹਿ ਲਈਏ ਕਿ ਲੋਕਾਈ ਅੰਦਰ ਬਾਣੀ ਪ੍ਰਤੀ ਅਸਰਦਾਰ Listening ਪੈਦਾ ਕਰਨ ਲਈ ਇਸਨੂੰ ਵਾਰ-2 ਪ੍ਰਮਾਤਮਾ ਤੋਂ ਆਈ ਹੋਈ ਕਿਹਾ ਗਿਆ ਕਿਉਂਕਿ ਪ੍ਰਮਾਤਮਾ ਦੀ ਹੋਂਦ ਦਾ ਵਿਸ਼ਵਾਸ ਸਰਬ-ਸਥਾਪਤ ਸੀ।ਪ੍ਰੋ: ਮੋਹਨ ਸਿੰਘ ਆਪਣੀ ਰਚਨਾ ਨੂੰ 'ਕਵਿਤਾ' ਅਤੇ ਆਪਣੇ ਆਪ ਨੂੰ 'ਕਵੀ' ਆਖਦੇ ਹਨ। ਪਰ ਆਪਣੀ ਕਵਿਤਾ ਦੀ ਉਤਪਤੀ ਬਾਰੇ ਕਹਿੰਦੇ ਉਹ ਵੀ ਇਹੀ ਹਨ ਕਿ ਇਸ ਦਾ ਅਦਿ ਸਰੋਤ ਰੱਬ ਹੈ:

ਆਪਣੀ ਜ਼ਾਤ ਵਿਖਾਲਣ ਬਦਲੇ,
ਰੱਬ ਨੇ ਹੁਸਨ ਬਣਾਇਆ।
ਦੇਖ ਹੁਸਨ ਦੇ ਤਿੱਖੇ ਜਲਵੇ,
ਜ਼ੋਰ ਇਸ਼ਕ ਨੇ ਪਾਇਆ।
ਫੁਰਿਆ ਜਦੋਂ ਇਸ਼ਕ ਦਾ ਜਾਦੂ,
ਦਿਲ ਵਿੱਚ ਕੁੱਦੀ ਮਸਤੀ,
ਇਹ ਮਸਤੀ ਜਦ ਬੋਲ ਉਠੀ ਤਾਂ,
ਹੜ੍ਹ ਕਵਿਤਾ ਦਾ ਆਇਆ। (ਕਵਿਤਾ)

ਉਹ ਪ੍ਰਮਾਤਮਾ ਦੀ ਹਸਤੀ ਸਬੰਧੀ ਸਰਬ-ਸਥਾਪਤ ਵਿਸ਼ਵਾਸ ਨਾਲ ਆਹਢਾ ਲੈਣ ਦੀ ਬਜਾਏ ਆਪਣੀ ਕਵਿਤਾ ਨੂੰ ਲੋਕ-ਵਿਸ਼ਵਾਸਾਂ ਦੀ ਉਸੇ ਧਰਾਤਲ ਤੋਂ ਲਾਂਚ ਕਰਦੇ ਹਨ ਜਿਸ ਧਰਾਤਲ ਤੋਂ ਬਾਣੀਕਾਰਾਂ ਨੇ ਆਪਣੀ ਬਾਣੀ ਨੂੰ ਲਾਂਚ ਕੀਤਾ ਸੀ। ਪਰ ਪ੍ਰੋ: ਮੋਹਨ ਸਿੰਘ ਦੀ ਨਵੀਨਤਾ ਇਹ ਹੈ ਕਿ ਉਹ ਆਪਣੀ ਰਚਨਾ ਪ੍ਰਤੀ ਸ਼ਰਧਾ ਪੈਦਾ ਕਰਨ ਵਾਲੀ ਜੁਗਤ ਦੀ ਬਜਾਏ ਪੜ੍ਹਨਹਾਰ ਦੀ ਇਸ ਵਿੱਚ ਦਿਲਚਸਪੀ ਪੈਦਾ ਕਰਨ ਕਰਨ ਦੀ ਜੁਗਤ ਵਰਤਦੇ ਹਨ।ਦਿਲਚਸਪੀ ਪੈਦਾ ਕਰਨ ਲਈ ਉਹ ਕਵਿਤਾ ਦੀ ਰੱਬ ਤੋਂ ਕਵੀ ਤੱਕ ਦੀ ਯਾਤਰਾ ਦੇ ਪੜਾਵਾਂ ਅਤੇ Mechanism ਦਾ ਖੁਲਾਸਾ ਕਰਦੇ ਹਨ ਜਦੋਂ ਕਿ ਬਾਣੀਕਾਰ ਬਾਣੀ ਨੂੰ ਪ੍ਰਮਾਤਮਾ ਤੋਂ ਸਿੱਧੀ ਪ੍ਰਾਪਤ ਹੋਈ ਕਹਿ ਕਿ ਇਸ ਪ੍ਰਤੀ ਸ਼ਰਧਾ ਅਤੇ ਆਦਰ ਸਥਾਪਤ ਕਰਦੇ ਹਨ।ਪ੍ਰੋ: ਸਾਹਿਬ ਰੱਬ ਨੂੰ ਕੇਵਲ ਕਵਿਤਾ ਦਾ ਸਰੋਤ ਹੀ ਨਹੀਂ ਆਖਦੇ ਸਗੋਂ ਸਾਰੀ ਸ੍ਰਿਸ਼ਟੀ ਦਾ ਕਰਤਾ ਜਾਂ ਸਾਰੀਆਂ ਜੂਨਾਂ ਨਿਰਧਾਰਤ ਕਰਨ ਵਾਲੀ ਸ਼ਕਤੀ ਮੰਨਣ ਵਾਲੇ ਸਥਾਪਤ ਵਿਸ਼ਵਾਸ ਨੂੰ ਵੀ ਰੱਦ ਨਹੀਂ ਕਰਦੇ:

ਜੂਨ ਬੰਦੇ ਦੀ ਚੰਗੀ ਹੋਸੀ,
ਐ ਪਰ ਮੈਂ ਪਛਤਾਦਾਂ

ਚੰਗਾ ਹੁੰਦਾ ਜੇ ਰੱਬ ਮੈਨੂੰ
ਜੰਗਲੀ ਫੁੱਲ ਬਣਾਂਦਾ। (ਜੰਗਲ ਦਾ ਫੁੱਲ)

ਪ੍ਰੰਪਰਾਗਤ ਵਿਚਾਰਧਾਰਾ ਜਾਂ ਸਥਾਪਤ ਧਾਰਮਿਕਤਾ ਜਿਸ ਮਨੁੱਖੀ ਜੂਨ ਨੂੰ ਹੋਰ ਸਾਰੀਆਂ ਜੂਨਾਂ ਤੋਂ ਸ੍ਰੇਸ਼ਠ ਮੰਨਦੀ ਹੈ ਇਸ ਧਾਰਮਿਕਤਾ ਦੁਆਰਾ ਸਥਾਪਤ ਕੀਤੀ ਨੈਤਿਕਤਾ ਉਸੇ ਮਨੁੱਖੀ ਜੀਵਨ ਦੇ ਖਿੜਾਉ ਨੂੰ ਦਬਾਅ ਕੇ ਰੱਖਦੀ ਹੈ, ਇਸਦੀ ਆਜ਼ਾਦੀ ਅਤੇ ਸੁੰਦਰਤਾ ਦਾ ਦਮਨ ਕਰਦੀ ਹੈ। ਆਜ਼ਾਦੀ ਅਤੇ ਖਿੜਾਉ ਭਰਪੂਰ ਮਾਨਵੀ ਜੀਵਨ ਤਾਂ ਹੀ ਸੰਭਵ ਹੈ ਜੇ ਜੀਵਨ ਦੀਆਂ ਦੁਸ਼ਵਾਰੀਆਂ ਅਤੇ ਝੰਜਟਾਂ ਤੋਂ ਮੁਕਤੀ ਦੇ ਨਾਲ-ਨਾਲ ਨਰਕਾਂ ਦੇ ਕਸ਼ਟਾਂ ਦਾ ਡਰ ਨਾ ਹੋਵੇ, ਕਿਸੇ ਅਣਦੇਖੇ ਸਵਰਗ ਦੇ ਸੁੱਖਾਂ ਦਾ ਲਾਲਚ ਬਾਕੀ ਨਾ ਰਹੇ। ਪ੍ਰੋ: ਮੋਹਨ ਸਿੰਘ ਨਰਕਾਂ ਦੇ ਡਰ ਅਤੇ ਸਵਰਗਾਂ ਦੀ ਝਾਕ ਤੋਂ ਮੁਕਤ ਖੁਸ਼ਹਾਲ ਅਤੇ ਆਨੰਦ ਭਰਪੂਰ ਜੀਵਨ ਨੂੰ ਰੱਬ ਦੀ ਪ੍ਰਾਪਤੀ ਆਖਦੇ ਹਨ:

ਇਹ ਗਾਧੀ ਬਣੀ ਨਵਾਰੀ
ਅੱਗੇ ਵਗਦਾ ਬਲਦ ਹਜ਼ਾਰੀ
ਕਰ ਇਸ ਉੱਤੇ ਅਸਵਾਰੀ
ਭੁੱਲ ਜਾਵਣ ਦੋਵੇਂ ਜੱਗ ਨੀ
ਸਾਡੇ ਖੂਹ ਤੇ ਵੱਸਦਾ ਰੱਬ ਨੀ। (ਖੂਹ ਦੀ ਗਾਧੀ ਉੱਤੇ)

ਪ੍ਰੋ: ਮੋਹਨ ਸਿੰਘ ਰੱਬ ਨਾਲ ਮਿਲਾਪ ਦੀ ਅਜਿਹੀ ਸ਼ਖ਼ਸੀ ਅਤੇ ਜਮਾਤੀ ਵਿਵਸਥਾ ਲਈ ਪਾਖੰਡਾਂ ਅਤੇ ਕਰਮਕਾਡਾਂ ਨੂੰ ਨਕਾਰਦੇ ਹਨ। ਇਸ ਗੀਤ ਦੇ ਅਗਲੇ ਬੰਦਾਂ ਤੋਂ ਪਤਾ ਲਗਦਾ ਹੈ ਕਿ ਪ੍ਰੋ: ਮੋਹਨ ਸਿੰਘ ਦਾ ਰੱਬ ਉੱਥੇ ਵੱਸਦਾ ਹੈ ਜਿੱਥੇ ਕਿਰਤ, ਸਫਾਈ, ਸੁੰਦਰਤਾ, ਸੰਗੀਤ, ਧਿਆਨ, ਖੇੜਾ, ਹੁਸਨ, ਚੰਚਲਤਾ, ਸੰਵਾਦ, ਭਾਈਚਾਰਕ ਸਾਂਝ ਅਤੇ ਵਾਤਾਵਰਨ ਦੀ ਸ਼ੁੱਧਤਾ ਜਹੇ ਤੱਤ ਮੌਜੂਦ ਹੋਣ। ਉਹ ਸਥਾਪਤ ਧਾਰਮਿਕ ਮਰਿਯਾਦਾਵਾਂ / ਕਰਮਕਾਂਢਾਂ ਨਾਲ ਪ੍ਰਾਪਤ ਹੋਣ ਵਾਲੇ ਖਿਆਲੀ ਸੁਰਗ ਦੀ ਚਾਹਤ ਦਾ ਤਿਆਗ ਕਰਦੇ ਹੋਏ ਉਪਰੋਕਤ ਤੱਤਾਂ ਨਾਲ ਭਰਪੂਰ ਹਕੀਕੀ ਸਵਰਗ ਨੂੰ ਸਥਾਪਤ ਕਰਦੇ ਹਨ:

ਇੱਥੇ ਘੱਮ-ਘੱਮ ਵਗਣ ਹਵਾਵਾਂ
ਅਤੇ ਘੁਮਰੀਆਂ-ਘੁਮਰੀਆਂ ਛਾਵਾਂ
ਨੀ ਮੈਂ ਅੱਗ ਸੁਰਗਾਂ ਨੂੰ ਲਾਵਾਂ
ਜਦ ਪਏ ਇਥਾਈਂ ਲੱਭ ਨੀਂ
ਸਾਡੇ ਖੂਹ ਤੇ ਵੱਸਦਾ ਰੱਬ ਨੀ।

ਮੈਂ ਥਾਂ-ਥਾਂ ਟੁੱਭੀ ਲਾਈ

ਨਾ ਮੈਲ ਕਿਸੇ ਵੀ ਲਾਹੀ
ਸ਼ਾਬਾ ਆਊਲੂ ਦੇ ਆਈ
ਜਿਸ ਮੈਲ ਵੰਡਾਈ ਸਭ ਨੀ
ਸਾਡੇ ਖੂਹ ਤੇ ਵੱਸਦਾ ਰੱਬ ਨੀ। (ਖੂਹ ਦੀ ਗਾਧੀ ਉੱਤੇ)

ਪ੍ਰੋ. ਮੋਹਨ ਸਿੰਘ ਲਈ ਜਿਸ ਤਰ੍ਹਾਂ ਖੂਹ ਦਾ ਨਜ਼ਾਰਾ ਖੇਤੀਂ ਕੰਮ ਕਰਨ ਵਾਲੇ ਦਾ ਸਵਰਗ ਹੈ ਉਸੇ ਤਰ੍ਹਾਂ ਆਪਣੇ ਪਿਆਰੇ ਮਾਹੀ ਦੇ ਸਾਥ ਵਿਚ ਹੱਸਣ, ਖੇਡਣ, ਨੱਚਣ, ਗਾਉਣ ਅਤੇ ਚਰਖੀ ਕੱਤਣ ਵਾਲੀ ਤ੍ਰੀਮਤ ਲਈ ਵਿਹੜੇ ਵਿਚ ਲੱਗੇ ਅੰਬੀ ਦੇ ਬੂਟੇ ਦੀ ਛਾਂ ਸਵਰਗੀ ਅਨੁਭਵ ਹੈ:

ਇਕ ਬੂਟਾ ਅੰਬੀ ਦਾ
ਘਰ ਸਾਡੇ ਲੱਗਾ ਨੀ
ਜਿਸ ਥੱਲੇ ਬਹਿਣਾ ਨੀ
ਸੁਰਗਾਂ ਦਾ ਰਹਿਣਾ ਨੀ। (ਅੰਬੀ ਦੇ ਬੂਟੇ ਥੱਲੇ)

ਇਸੇ ਤਰ੍ਹਾਂ ਇਕ ਨਿੱਕੀ ਕਵਿਤਾ ਵਿੱਚ ਉਹ ਰੱਬ ਦੇ ਖਿਆਲੀ ਸੁਰਗ ਦੀ ਹੋਂਦ ਨੂੰ ਨਕਾਰੇ ਬਗੈਰ ਮੁਹੱਬਤ ਭਰੇ ਰਿਸ਼ਤਿਆਂ ਅਤੇ ਮਮਤਾ ਦੀ ਸੰਘਣੀ ਛਾਂ ਨੂੰ ਵੀ ਇਸ ਹਕੀਕੀ ਸਵਰਗ ਦੇ ਜ਼ਰੂਰੀ ਤੱਤਾਂ ਦੀ ਸੂਚੀ ਵਿਚ ਦਰਜ਼ ਕਰਦੇ ਹਨ:

ਮਾਂ ਵਰਗਾ ਘਣ-ਛਾਵਾਂ ਬੂਟਾ
ਮੈਨੂੰ ਨਜ਼ਰ ਨਾ ਆਏ।
ਲੈ ਕੇ ਜਿਸ ਤੋਂ ਛਾਂ ਉਧਾਰੀ
ਰੱਬ ਨੇ ਸੁਰਗ ਬਣਾਏ। (ਮਾਂ)

ਮੋਹਨ ਸਿੰਘ ਦੀ ਦਿਲਚਸਪੀ ਰੱਬ ਦੇ ਸੰਕਲਪ ਨੂੰ ਨਕਾਰਨ ਜਾਂ ਰੱਦ ਕਰਨ ਵਿਚ ਨਹੀਂ। ਇਸ ਦੇ ਉਲਟ ਉਹ ਮੁਕਾਬਲੇਬਾਜੀ, ਪਦਾਰਥਕ ਦੌੜ ਅਤੇ ਬੇਲੋੜੀ ਸਿਆਣਪ ਭਰੀ ਜ਼ਿੰਦਗੀ ਵਿੱਚ ਬੰਦੇ ਲਈ ਰੱਬ ਦੀ ਵਧੀ ਹੋਈ ਲੋੜ ਨੂੰ ਮਹਿਸੂਸ ਕਰਦੇ ਹਨ। ਉਹਨਾਂ ਦਾ ਰੱਬ ਬੰਦੇ ਨੂੰ ਮੁਕਾਬਲੇਬਾਜੀ ਵਿੱਚ ਅੰਨ੍ਹਾ ਹੋ ਕੇ ਹਿੰਸਕ ਹੋਣ ਤੋਂ ਹੋੜਦਾ ਹੈ ਅਤੇ ਉਸਨੂੰ ਸੱਭਿਅਕ, ਸਹਿਣਸ਼ੀਲ ਅਤੇ ਨਿਮਰ ਬਨਾਉਂਦਾ ਹੈ:

ਅੱਜ ਓਏ ਜੇ ਕੋਈ ਆਖੇ
ਅਸੀਂ ਹੋਈਏ ਲੋਹੇ ਲਾਖੇ
ਅੱਜ ਸਾਨੂੰ ਕੋਈ ਜੋ ਘੂਰੇ
ਅਸੀਂ ਚੁੱਕ-ਚੁੱਕ ਪਈਏ ਹੂਰੇ
ਗਾਲ੍ਹਾਂ ਰਹੀਆਂ ਇੱਕ ਪਾਸੇ
ਅਸੀਂ ਝੱਲ ਨਾ ਸਕੀਏ ਹਾਸੇ

ਗਲ ਗਲ ਤੇ ਭੱਜੀਏ ਥਾਣੇ
ਅਸੀਂ ਭੁੱਲ ਬੈਠੇ 'ਉਹ ਜਾਣੇ'। (ਛੱਤੋ ਦੀ ਬੇਰੀ)

ਇਸ "ਉਹ ਜਣੇ" ਜਾਣੇ ਵਾਲੀ ਸਹਿਜ ਸਿਆਣਪ ਨੂੰ ਉਹ ਇਕ ਹੋਰ ਕਵਿਤਾ ਵਿਚ ਵੀ ਵਡਿਆਉਂਦੇ ਹਨ। ਉਸ ਕਵਿਤਾ ਦੀ ਕਾਵਿ-ਨਾਇਕਾ ਉਹਨਾਂ ਦੀ ਪਤਨੀ ਬਸੰਤ ਰੱਬ (ਕੁਦਰਤ) ਦਾ ਭਾਣਾ ਮੰਨਣ ਦੀ ਗੱਲ ਕਰਦੀ ਹੋਈ ਦਿਲਾਸਾ ਦਿੰਦੀ ਹੈ। ਬਸੰਤ ਦੀ ਇਹ ਸਿਆਣਪ ਕਵੀ ਨੂੰ ਬਹੁਤ ਸੁਖਦ ਅਤੇ ਪਿਆਰੀ ਲੱਗਦੀ ਹੈ:

ਪੂੰਝ ਅੱਥਰੂ ਮੇਰੇ ਬੋਲੀ
"ਜੋ ਰੱਬ ਕਰਦਾ ਚੰਗੀ
ਮੋਹਨ! ਕਿੰਜ ਬਣਦਾ ਤੂੰ ਸ਼ਾਇਰ
ਜੇਕਰ ਮੈਂ ਨਾ ਮਰਦੀ"। (ਬਸੰਤ)

ਇਸੇ ਤਰ੍ਹਾਂ ਇਕ ਹੋਰ ਕਵਿਤਾ ਵਿਚ ਜੰਗ 'ਚੋਂ ਜਿਉਂਦੇ ਪਰਤੇ ਸਿਪਾਹੀ ਨੂੰ ਉਸ ਦੀ ਪਤਨੀ ਵਲੋਂ "ਰੱਖ ਸਾਈਂ ਦੀ" ਬੁਲਾ ਕੇ ਸ਼ੁਕਰਾਨਾ ਕਰਨਾ ਮੋਹਨ ਸਿੰਘ ਦੇ ਦਿਲ ਨੂੰ ਬਹੁਤ ਛੂੰਹਦਾ ਹੈ:

ਜੇ ਮੈਂ ਜਿਉਂਦਾ ਜਾਗਦਾ ਪਰਤ ਆਇਆ
'ਰੱਖ ਸਾਈਂ ਦੀ' ਮੈਨੂੰ ਬੁਲਾ ਛੱਡੀਂ। (ਸਿਪਾਹੀ ਦਾ ਦਿਲ)

ਮੋਹਨ ਸਿੰਘ ਦਾ ਰੱਬ ਕੁਦਰਤ ਦਾ ਸਹਿਜ ਸੰਚਾਲਕ ਹੈ। ਉਹ ਮਨੁੱਖ ਵਲੋਂ ਬਣਾਏ ਸਮਾਜੀ ਨਿਯਮਾਂ ਅਤੇ ਧਾਰਮਿਕ ਮਰਿਯਾਦਾਵਾਂ ਵਾਂਗ ਕਠੋਰ ਨਹੀਂ। ਉਹ ਇਹਨਾਂ ਨਿਯਮਾਂ, ਮਰਿਯਾਦਾਵਾਂ ਅਤੇ ਨੈਤਿਕਤਾ ਦੀ ਪਾਲਣਾ ਨਾ ਕਰਨ ਵਾਲਿਆਂ ਨੂੰ ਦੰਡਿਤ ਨਹੀਂ ਕਰਦਾ ਸਗੋਂ ਬਖਸ਼ਿੰਦ ਹੈ। ਪਰ ਉਹ ਕੁਦਰਤ ਦੇ ਨਿਯਮਾਂ ਦਾ ਆਦਰ ਨਾ ਕਰਨ 'ਤੇ ਬੰਦੇ ਨੂੰ ਨਹੀਂ ਬਖਸ਼ਦਾ:

ਰੱਬ ਸਾਰੇ ਗੁਨਾਹੀਆਂ ਨੂੰ ਬਖ਼ਸ਼ ਦਿੰਦਾ
ਪਰ ਨਹੀਂ ਬਖ਼ਸ਼ਦਾ ਇਸ਼ਕ ਦੇ ਚੋਰ ਤਾਈਂ। (ਬਸੰਤ)

ਬਾਬੇ ਫਰੀਦ ਵਾਂਗ ਮੋਹਨ ਸਿੰਘ ਦੇ ਰੱਬ ਨੂੰ ਵੀ ਅਮੀਰਾਂ ਦੀ ਚਮਕ ਦਮਕ ਅਤੇ ਠਾਠ ਚੰਗੇ ਨਹੀਂ ਲੱਗਦੇ। ਉਸ ਨੂੰ ਫਕੀਰਾਂ ਦਾ ਗਰੀਬੀ ਵੇਸ ਬਹੁਤ ਪਿਆਰਾ ਹੈ:

ਲਾਹ ਕੇ ਆਪਣੇ ਜੁੱਸਿਓਂ, ਸਿੱਟੀ ਕਿਸੇ ਫ਼ਕੀਰ
ਸਿਰ ਤੇ ਚੁੱਕ ਲਈ ਰੱਬ ਨੇ, ਮਿੱਠੀ ਕਰ ਕੇ ਲੀਰ
ਨਾ ਕੁਝ ਉਸ ਦੀ ਜੜਤ ਸੀ ਨਾ ਕੁਝ ਉਸ ਦੀ ਛੱਬ
ਖਬਰੇ ਕਿਹੜੀ ਗੱਲ ਤੇ ਡੁੱਲਿਆ ਭੁੱਖਾ ਰੱਬ। (ਬਦਲੋਟੀ)

ਕਵਿਤਾ 'ਹਵਾ ਦਾ ਜੀਵਨ' ਵਿਚ ਪ੍ਰੋ. ਮੋਹਨ ਸਿੰਘ ਰੱਬ ਨੂੰ ਹਵਾ ਜਿਹਾ ਲਗਾਤਾਰ

ਗਤੀਸ਼ੀਲ, ਰੇਤੜ ਵਹੁਣ ਵਰਗਾ ਅਣਖਿਝ ਅਤੇ ਪਹਾੜ ਨਾਲ ਖਹਿਣ ਵਰਗਾ ਦ੍ਰਿੜ ਜੀਵਨ ਦੇਣ ਦੀ ਪ੍ਰਾਰਥਨਾ ਕਰਦੇ ਹਨ। ਨਾਲ ਦੀ ਨਾਲ ਹੋਰ ਲੋਕਾਂ ਦੇ ਦੁੱਖ ਦਰਦ ਨੂੰ ਦੇਖ ਕੇ ਉਹ ਆਪਣੇ ਰੱਬ ਨਾਲ ਨਰਾਜ਼ ਵੀ ਹੁੰਦੇ ਹਨ, ਉਸ ਦੇ ਨਿਜ਼ਾਮ 'ਤੇ ਖ਼ਫ਼ਾ ਵੀ ਹੁੰਦੇ ਹਨ। ਉਹ ਅੰਨ੍ਹੀ ਕੁੜੀ ਨੂੰ ਦੇਖ ਕੇ ਰੱਬ ਨੂੰ ਉਸੇ ਭਾਸ਼ਾ ਅਤੇ ਅੰਦਾਜ਼ ਵਿਚ ਮੁਖਾਤਿਬ ਹੁੰਦੇ ਹਨ ਜਿਸ ਤਰ੍ਹਾਂ ਕਦੀ ਗੁਰੂ ਨਾਨਕ ਬਾਬਰ ਦੇ ਹਮਲੇ ਦੌਰਾਨ ਲੋਕਾਂ ਤੇ ਹੁੰਦੇ ਜ਼ੁਲਮ ਨੂੰ ਦੇਖ ਕੇ ਹੋਏ ਸਨ:

ਰੱਬਾ ਤੈਨੂੰ ਤਰਸ ਨਾ ਆਇਆ?
ਇਹ ਕੀ ਤੂੰ ਨ੍ਹੇਰ ਮਚਾਇਆ?
ਰਚ ਕੇ ਐਸਾ ਸੋਹਣਾ ਮੰਦਰ
ਇਕ ਦੀਵਾ ਵੀ ਨਾ ਜਗਾਇਆ। (ਅੰਨ੍ਹੀ ਕੁੜੀ)

ਰਹੁ ਰੀਤਾਂ ਸਬੰਧੀ ਟਿੱਪਣੀ ਕਰਨ ਸਮੇਂ ਗੁਰੂ ਨਾਨਕ ਨੇ ਬਹੁਤ ਕਮਾਲ ਦੀ ਵਿਧੀ ਅਪਣਾਈ ਹੈ। ਉਹ ਮਰਿਯਾਦਾਵਾਂ, ਚਿੰਨ੍ਹਾਂ ਜਾਂ ਸੰਕਲਪਾਂ ਨੂੰ ਭੰਡਣ ਦੀ ਬਜਾਏ ਉਹਨਾਂ ਨੂੰ ਨਵੇਂ ਅਰਥ ਦਿੰਦੇ ਹਨ। ਇਹਨਾਂ ਦੀ significance ਬਦਲ ਦਿੰਦੇ ਹਨ। ਉਹ ਆਖਦੇ ਹਨ ਕਿ ਜਨੇਊ ਗਿਆਨ ਦਾ ਹੋਵੇ, ਵਿਭੂਤੀ ਧਿਆਨ ਦੀ ਹੋਵੇ, ਮਸੀਤ ਮਿਹਰ ਦੀ ਹੋਵੇ, ਕੁਰਾਨ ਹੱਕ ਹਲਾਲ ਦੀ ਹੋਵੇ। ਇੰਜ ਹੀ ਉਹ ਧਾਰਮਿਕ ਵਿਸ਼ਵਾਸਾਂ ਜਾਂ ਮਿੱਥਾਂ ਨਾਲ ਕਰਦੇ ਹਨ। ਇਕ ਮਿੱਥ ਹੈ ਕਿ ਧਰਤੀ ਬਲਦ ਦੇ ਸਿੰਗ ਤੇ ਟਿਕੀ ਹੋਈ ਹੈ। ਗੁਰੂ ਸਾਹਿਬ ਇਸ ਤੋਂ ਇਨਕਾਰ ਨਹੀਂ ਕਰਦੇ। ਉਹ ਆਖਦੇ ਹਨ ਕਿ ਧਰਤੀ ਟਿਕੀ ਤਾਂ ਬਲਦ ਦੇ ਸਿੰਗ ਤੇ ਹੀ ਹੈ ਪਰ ਇਹ ਬਲਦ ਧਰਮ ਦਾ ਹੈ, ਧਰਮ ਜੋ ਦਇਆ 'ਚੋਂ ਪੈਦਾ ਹੁੰਦਾ ਹੈ:

ਧੌਲੁ ਧਰਮੁ ਦਇਆ ਕਾ ਪੂਤੁ॥ (13, ਜਪੁ, ਮ. 1)

ਪ੍ਰੋ. ਮੋਹਨ ਸਿੰਘ ਇਸੇ ਮਿੱਥ ਰਾਹੀਂ ਆਪਣੀ ਗੱਲ ਕਰਦੇ ਹਨ ਕਿ ਦੁਨੀਆਂ ਦਾ ਸਾਰਾ ਦਾਰੋਮਦਾਰ ਕਿਰਤ ਦੀ ਸ਼ਕਤੀ ਨਾਲ ਸੰਚਾਲਿਤ ਹੋ ਰਿਹਾ ਹੈ। ਸਾਰਾ ਆਰਥਿਕ ਨਿਜ਼ਾਮ ਕਿਰਤੀਆਂ ਅਤੇ ਮਿਹਨਤੀ ਲੋਕਾਂ ਦੇ ਸਿਰ ਤੇ ਖੜ੍ਹਾ ਹੈ:

ਬੱਲੇ ਬੱਲੇ ਬੱਗਿਆ ਸ਼ੇਰਾ
ਅਸ਼ਕੇ ਅਸ਼ਕੇ ਵਗਣਾ ਤੇਰਾ
ਤੂੰ ਚਲਦਾ ਤਾਂ ਦੁਨੀਆਂ ਚਲਦੀ
ਤੂੰ ਖਲਦਾ ਤੇ ਦੁਨੀਆਂ ਖਲਦੀ
ਤੇਰੇ ਵਰਗਾ ਕਿਹੜਾ ਬਲੀ
ਜਿਸ ਦੇ ਸਿੰਙ ਤੇ ਦੁਨੀਆਂ ਖ਼ਲੀ। (ਹਾਲੀ ਦਾ ਗੀਤ)

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਪ੍ਰੋ. ਮੋਹਨ ਸਿੰਘ ਲੋਕ-ਮਨ ਅੰਦਰ ਸਥਾਪਤ

ਵਿਸ਼ਵਾਸਾਂ, ਸੰਕਲਪਾਂ ਅਤੇ ਮਨੌਤਾਂ ਨੂੰ ਰੱਦਣ ਜਾਂ ਭੰਡਣ ਦੀ ਬਜਾਏ ਉਹਨਾਂ ਨੂੰ ਆਪਣੀ ਗੱਲ ਦੀ ਅਸਰਦਾਰੀ ਲਈ ਮਾਧਿਅਮ ਅਤੇ ਸਾਧਨ ਵਜੋਂ ਵਰਤਦੇ ਹਨ। ਜਦ ਉਹ ਖ਼ਲਕਤ ਨੂੰ ਲੋਕਾਂ ਅਤੇ ਜੋਕਾਂ ਦੇ ਦੋ ਧੜਿਆਂ ਵਿਚ ਵੰਡੀ ਦੇਖਦੇ ਹਨ ਤਾਂ ਲਤਾੜੇ ਜਾਂ ਸ਼ੋਸ਼ਿਤ ਵਰਗ ਨੂੰ ਰੱਬ ਦੀ ਧਿਰ ਆਖਦੇ ਹਨ:

ਡੰਗਰਾਂ ਵਾਂਗੂੰ ਬੰਦੇ ਰੱਬ ਦੇ
ਬੱਘੀਆਂ ਅੱਗੇ ਦੇਖੇ ਵਗਦੇ। (ਮੈਂ ਨਹੀਂ ਰਹਿਣਾ ਤੇਰੇ ਗਿਰਾਂ)

ਇਸ ਤੋਂ ਪਹਿਲਾਂ ਸਾਡੇ ਬਾਣੀਕਾਰਾਂ ਨੇ ਜ਼ੋਰਾਵਰਾਂ ਦੀ ਸੱਤਾ ਦੇ ਜਮੂਦ ਨੂੰ ਤੋੜਨ ਲਈ ਉਹਨਾਂ ਤੋਂ ਉਪਰ ਰੱਬ ਦੀ ਸੱਤਾ ਨੂੰ ਸਥਾਪਤ ਅਤੇ ਮਜ਼ਬੂਤ ਕਰਕੇ ਜੋਕਾਂ ਦੇ ਧੜੇ ਦਾ ਮੂੰਹ ਚਿੜਾਇਆ ਸੀ:

ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ॥
(658, ਰਵਿਦਾਸ ਜੀ)

ਆਪੇ ਸਿਧ ਸਾਧਿਕੁ ਵੀਚਾਰੀ॥ ਆਪੇ ਰਾਜਨੁ ਪੰਚਾ ਕਾਰੀ॥
ਤਖਤਿ ਬਹੈ ਅਦਲੀ ਪ੍ਰਭੁ ਆਪੇ ਭਰਮੁ ਭੇਦੁ ਭਉ ਜਾਈ ਹੇ॥
(1022, ਮ. 1)

ਆਪੇ ਰਾਜਨੁ ਆਪੇ ਲੋਗਾ॥ ਆਪਿ ਨਿਰਬਾਣੀ ਆਪੇ ਭੋਗਾ॥
ਆਪੇ ਤਖਤਿ ਬਹੈ ਸਚੁ ਨਿਆਈ ਸਭ ਚੂਕੀ ਕੂਕ ਪੁਕਾਰਿਆ ਜੀਉ॥
(97, ਮ. 5)

ਹਮਰਾ ਰਾਜਨੁ ਸਦਾ ਸਲਾਮਤਿ ਤਾ ਕੋ ਸਗਲ ਘਟਾ ਜਸੁ ਗਾਇਓ॥
(1235, ਮ. 5)

ਪਰ ਮੋਹਨ ਸਿੰਘ ਦਾ ਹਰਿ (ਰੱਬ) ਧਾਰਮਿਕ ਦੀ ਬਜਾਏ ਸੱਭਿਆਚਾਰਕ ਰੰਗ ਦਾ ਹੈ। ਉਹ ਆਪਣੇ ਰੱਬ ਨੂੰ ਰੱਬ ਹੀ ਆਖਦੇ ਹਨ; ਹਰਿ, ਪ੍ਰਭੂ, ਈਸ਼ਵਰ, ਪ੍ਰਮਾਤਮਾ, ਨਿਰੰਕਾਰ ਆਦਿ ਨਹੀਂ ਲਿਖਦੇ। ਉਹਨਾਂ ਨੂੰ ਰੱਬ ਮਜ਼ਹਬੀ ਵਲਗਣਾ ਅੰਦਰ ਵਿਚਰਦਾ ਨਹੀਂ ਦਿਸਦਾ। ਕਿਉਂਕਿ ਉਹਨਾਂ ਦਾ ਰੱਬ ਮਜ਼ਹਬੀ ਨਹੀਂ ਸਗੋਂ ਲੋਕ-ਧਾਰਾਈ ਹੈ, ਸਰਬ ਸਾਂਝਾ ਹੈ। ਜੈਸਾ ਕਿ ਗੁਰੂ ਗੋਬਿੰਦ ਸਿੰਘ ਨੇ ਜਾਪੁ ਸਾਹਿਬ ਵਿਚ ਕਿਹਾ ਹੈ:

ਨਮਸਤੰ ਅਨਾਮੇ। ਨਮਸਤੰ ਅਠਾਮੇ।
ਨਮਸਤੰ ਅਕਰਮੰ। ਨਮਸਤੰ ਅਧਰਮੰ।

# ਜਿਹਨਾਂ ਤੋਂ ਪੰਥ ਨੂੰ ਵਿਛੋੜਿਆ ਨਹੀਂ ਗਿਆ

2017 ਦੀ ਜਨਵਰੀ ਦੇ ਪਹਿਲੇ ਹਫਤੇ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਉਤਸਵ ਸਮਾਗਮ 'ਚ ਸ਼ਾਮਲ ਹੋਣ ਲਈ ਪਟਨਾ ਸਾਹਿਬ ਜਾਣ ਦਾ ਮੌਕਾ ਬਣਿਆਂ। ਇਸ ਦੌਰਾਨ ਪਟਨਾ ਤੋਂ ਤਰਕੀਬਨ 100 ਕਿਲੋਮੀਟਰ ਦੂਰ ਗਯਾ ਜਾਣ ਨੂੰ ਜੀਅ ਕੀਤਾ ਜਿਥੇ ਗੁਰੂ ਨਾਨਕ ਜੀ ਪਹਿਲੀ ਉਦਾਸੀ ਦੌਰਾਨ ਗਏ ਸਨ। ਗੁਰੂ ਜੀ ਕੁਰਕਸ਼ੇਤਰ, ਹਰਿਦੁਆਰ, ਮਥੁਰਾ, ਬ੍ਰਿੰਦਾਬਨ, ਅਯੁਧਿਆ, ਪਰਯਾਗ, ਬਨਾਰਸ ਆਦਿ ਤੀਰਥਾਂ ਤੋਂ ਹੁੰਦੇ ਹੋਏ ਇਥੇ ਆਏ ਸਨ। ਇਥੇ ਲੋਕ ਪੰਡਿਆਂ ਤੋਂ ਪਿੰਡ ਭਰਾਈ (ਪਿਤਰ ਪੂਜਾ) ਲਈ ਦੀਵੇ ਬਾਲ ਕੇ ਪੂਜਾ ਕਰਾਉਂਦੇ ਸਨ। ਇਸ ਪੂਜਾ ਵੱਟੇ ਕਿਰਤੀ ਲੋਕਾਂ ਤੋਂ ਮਾਇਆ ਬਟੋਰੀ ਜਾਂਦੀ ਸੀ। ਪੰਡਿਆਂ ਨੇ ਗੁਰੂ ਜੀ ਨੂੰ ਵੀ ਦੀਵੇ ਬਾਲ਼ ਕੇ ਪਿੰਡ ਭਰਾਉਣ ਲਈ ਪ੍ਰੇਰਿਆ। ਗੁਰੂ ਨਾਨਕ ਨੇ ਪੰਡਿਆਂ ਨਾਲ ਆਪਣੀ ਗਿਆਨ ਚਰਚਾ 'ਚ ਇਸ ਕਰਮਕਾਂਢ ਨੂੰ ਨਿਰਾਰਥਕ ਕਿਹਾ, ਭੋਲ਼ੀ ਲੋਕਾਈ ਦਾ ਸ਼ੋਸ਼ਣ ਦੱਸਿਆ। ਇਸ ਸਬੰਧੀ ਉਹਨਾਂ ਦਾ ਸ਼ਬਦ ਗੁਰੂ ਗਰੰਥ ਸਾਹਿਬ ਵਿਚ ਦਰਜ ਹੈ:

ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ॥
ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ॥
ਲੋਕਾ ਮਤ ਕੋ ਫਕੜਿ ਪਾਇ॥
ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ॥ ਰਹਾਉ॥
ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ॥
ਐਥੈ ਓਥੈ ਆਗੈ ਪਾਛੈ ਏਹੁ ਮੇਰਾ ਆਧਾਰੁ॥
ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ ਰਾਉ॥
ਸਚਾ ਨਾਵਣੁ ਤਾਂ ਥੀਐ ਜਾਂ ਅਹਿਨਿਸਿ ਲਾਗੈ ਭਾਉ॥
ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ॥
ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੂਟਸਿ ਨਾਹਿ॥ (358, ਆਸਾ ਮ. 1)

ਅਸੀਂ ਪਟਨੇ ਤੋਂ ਸਵੇਰੇ ਟੈਕਸੀ ਵਿਚ ਸਵਾਰ ਹੋ ਕੇ ਡਰਾਈਵਰ ਨੂੰ ਕਿਹਾ ਕਿ ਉਹ ਸਾਨੂੰ ਗਯਾ ਦੇ ਓਸ ਗੁਰਦੁਆਰੇ ਲੈ ਜਾਵੇ ਜਿਥੇ ਕਦੀ ਗੁਰੂ ਨਾਨਕ ਦੇਵ ਜੀ ਆਏ ਸਨ। ਉਸ ਕਿਹਾ ਕਿ ਗਯਾ ਸ਼ਹਿਰ ਵਿਚ ਸਿਰਫ ਇਕ ਹੀ ਗੁਰਦਵਾਰਾ ਹੈ ਜੋ ਉਹ ਜਾਣਦਾ ਹੈ। ਆਪਣੀ ਜਾਣਕਾਰੀ ਦੇ ਹਿਸਾਬ ਨਾਲ ਉਹ ਸਾਨੂੰ ਜਿਸ ਗੁਰਦਵਾਰੇ ਲੈ

ਕੇ ਗਿਆ ਉਹ ਕੋਈ ਸਿੰਘ ਸਭਾ ਗੁਰਦਵਾਰਾ ਸੀ। ਚਾਰੇ ਪਾਸੇ ਘੇਰੇਦਾਰ ਕਮਰੇ ਅਤੇ ਇਹਨਾਂ ਅੱਗੇ ਵਰਾਂਡਾ ਸੀ, ਵਿਚਕਾਰ ਖਾਲੀ ਵਿਹੜਾ ਸੀ ਪਰ ਅੰਦਰ ਸੇਵਾਦਾਰ ਕੋਈ ਨਹੀਂ ਮਿਲਿਆ। ਦਰਬਾਰ ਸਾਹਿਬ ਵਾਲਾ ਕਮਰਾ ਖੁੱਲ੍ਹਾ ਸੀ। ਗੁਰੂ ਗਰੰਥ ਸਾਹਿਬ ਪ੍ਰਕਾਸ਼ ਸੀ ਪਰ ਅੰਦਰ ਕੋਈ ਮੌਜੂਦ ਨਹੀਂ ਸੀ। ਅਸੀਂ ਮੱਥਾ ਟੇਕ ਕੇ ਆਪ ਹੀ ਪ੍ਰਸ਼ਾਦ ਲੈ ਲਿਆ। ਥੋੜ੍ਹੀ ਦੇਰ ਉਥੇ ਰੁਕੇ। ਗੁਰਦਵਾਰੇ ਦਾ ਇਤਿਹਾਸ ਦੱਸਣ ਵਾਲਾ ਕੋਈ ਸੱਜਣ ਨਹੀਂ ਮਿਲਿਆ ਨਾ ਹੀ ਅਜਿਹੀ ਜਾਣਕਾਰੀ ਦੇਣ ਵਾਲਾ ਕੋਈ ਬੋਰਡ ਲੱਗਾ ਸੀ। ਯਕੀਨ ਹੋ ਗਿਆ ਕਿ ਇਹ ਉਹ ਇਤਿਹਾਸਕ ਅਸਥਾਨ ਤਾਂ ਨਹੀਂ ਹੋ ਸਕਦਾ ਜਿਸਦੇ ਦਰਸ਼ਨਾਂ ਦੀ ਜਗਿਆਸਾ ਨਾਲ ਅਸੀਂ ਆਏ ਸਾਂ।

ਬਾਹਰ ਨਿਕਲੇ ਤਾਂ ਇਕ ਦੁਕਾਨ ਦੇ ਸਾਹਮਣੇ ਇਕ ਬਜ਼ੁਰਗ ਸੱਜਣ ਬੈਂਚ 'ਤੇ ਬੈਠੇ ਸਨ। ਉਸਨੇ ਸਾਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਪੰਜਾਬੀ ਵਿਚ ਹਾਲ-ਚਾਲ ਪੁੱਛਿਆ। ਸਾਨੂੰ ਖੁਸ਼ੀ ਅਤੇ ਹੈਰਾਨੀ ਹੋਈ। ਅਸੀਂ ਉਹਨਾਂ ਨੂੰ ਆਪਣੀ ਯਾਤਰਾ ਦਾ ਮਨੋਰਥ ਦੱਸਿਆ। ਉਹਨਾਂ ਦੱਸਿਆ ਕਿ ਗੁਰੂ ਜੀ ਸ਼ਹਿਰ ਦੇ ਦੱਖਣ ਪੂਰਬੀ ਪਾਸੇ ਫਲਗੂ ਨਦੀ ਕੋਲ ਸਥਿਤ ਵਿਸ਼ਨੂੰਪਦ ਮੰਦਰ ਆਏ ਸਨ, ਉਥੇ ਹੀ ਉਹਨਾਂ ਦੀ ਪੰਡਿਆਂ ਨਾਲ ਵਾਰਤਾਲਾਪ ਹੋਈ ਸੀ। ਉਸ ਮੰਦਰ ਦੇ ਨੇੜੇ ਹੀ ਗੁਰੂ ਨਾਨਕ ਦਾ ਇਤਿਹਾਸਕ ਗੁਰਦੁਵਾਰਾ ਹੈ। ਉਹਨਾਂ ਸਾਡੇ ਡਰਾਈਵਰ ਨੂੰ ਮੰਦਰ ਦੇ ਰਸਤੇ ਪਾ ਦਿੱਤਾ ਜਿਸ ਦਾ ਉਹ ਪਹਿਲਾਂ ਹੀ ਜਾਣਕਾਰ ਸੀ।

ਮੰਦਰ ਸਾਹਮਣੇ ਖੁੱਲ੍ਹੀ ਥਾਂ ਜਾ ਕੇ ਸਾਡੀ ਟੈਕਸੀ ਰੁਕੀ ਤਾਂ ਇੱਕ ਪੰਡੇ ਨੇ ਸਾਡਾ ਬਹੁਤ ਨਿਮਰਤਾ ਨਾਲ ਸੁਆਗਤ ਕਰਦਿਆਂ "ਨਮਸਕਾਰ ਸਰਦਾਰ ਜੀ" ਕਿਹਾ। ਮੰਦਰ ਦੇ ਅੰਦਰ ਚੋਖੀ ਭੀੜ ਅਤੇ ਬਾਹਰ ਵੀ ਖ਼ੂਬ ਰੌਣਕ ਸੀ। ਗੂੜ੍ਹੇ ਭੂਸਲੇ ਰੰਗ ਦੇ ਪੱਥਰ ਨਾਲ ਬਣੇ ਮੰਦਰ ਦੀ ਵਿਸ਼ਾਲਤਾ, ਮਜ਼ਬੂਤੀ, ਭਵਨ ਕਲਾ ਅਤੇ ਬਾਹਰੀ ਖੁਬਸੂਰਤੀ ਦੇਖ ਕੇ ਭੁੱਖ ਲਹਿੰਦੀ ਸੀ। ਪੰਡਾ ਜੀ ਨੇ ਸਾਡੇ ਜੋੜੇ ਉਤਰਵਾ ਕੇ ਇਕ ਦੁਕਾਨ ਨੁਮਾ ਜੋੜਾਘਰ ਵਿਚ ਰਖਵਾ ਦਿੱਤੇ। ਥੋੜ੍ਹਾ ਰੁਕ ਕੇ ਸਾਨੂੰ ਮੁਖਾਤਿਬ ਹੋਏ, "ਸਰਦਾਰ ਜੀ, ਮੰਦਰ ਕੇ ਅੰਦਰ ਸੇ ਦਰਸ਼ਨ ਕਰੋਂਗੇ?"

ਅਸੀਂ ਕਿਹਾ, "ਹਾਂ ਜੀ, ਜ਼ਰੂਰ ਕਰਾਂਗੇ।"

"ਕੋਈ ਪਿੰਡ ਪੂਜਾ ਭੀ ਕਰਵਾਨੀ ਹੈ?"

ਉਸ ਦੀ ਗੱਲ ਦਾ ਜੁਆਬ ਦੇਣ ਦੀ ਬਜਾਏ ਮੈਂ ਪੁੱਛਿਆ, "ਯਹਾਂ ਗੁਰੂ ਨਾਨਕ ਦੇਵ ਜੀ ਆਏ ਥੇ?"

ਉਸ ਬੜੇ ਤਪਾਕ ਨਾਲ ਦੱਸਿਆ, "ਹਾਂ ਜੀ ਬਿਲਕੁਲ।"

ਮੈਂ ਮੁਸਕਰਾ ਕੇ ਕਿਹਾ, "ਫਿਰ ਆਪ ਯਹ ਵੀ ਜਾਨਤੇ ਹੋਂਗੇ ਕਿ ਵੋਹ ਪਿੰਡ ਪੂਜਾ ਕੋ ਨਹੀਂ ਮਾਨਤੇ ਥੇ।"

ਪੰਡਾ ਜੀ ਕੁਛ ਨਾ ਬੋਲੇ ਤਾਂ ਆਪਾਂ ਘਰੋੜ ਕੇ ਕਿਹਾ, "ਹਮ ਵੀ ਗੁਰੂ ਨਾਨਕ ਕੇ ਬੰਦੇ ਹੈਂ।"

ਏਨਾ ਕਹਿਣ ਦੀ ਦੇਰ ਸੀ ਕਿ ਪੰਡਾ ਜੀ ਪਲਾਂ ਛਿਣਾਂ ਵਿਚ ਹੀ ਗਾਇਬ ਹੋ ਗਏ। ਉਹਨਾਂ ਸਾਨੂੰ ਇਹ ਪੁੱਛਣ ਦਾ ਮੌਕਾ ਹੀ ਨਾ ਦਿੱਤਾ ਕਿ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਗੁਰਦਵਾਰਾ ਕਿਥੇ ਹੈ। ਇਸ ਬਾਰੇ ਆਸ-ਪਾਸ ਦੇ ਯਾਤਰੂਆਂ ਨੂੰ ਵੀ ਨਹੀਂ ਸੀ ਪਤਾ। ਚਾਰੇ ਪਾਸੇ ਕਿਧਰੇ ਕੋਈ ਨਿਸ਼ਾਨ ਸਾਹਿਬ ਵੀ ਦਿਖਾਈ ਨਹੀਂ ਸੀ ਦੇ ਰਿਹਾ ਜਿਸ ਤੋਂ ਕਿਸੇ ਗੁਰਦਵਾਰੇ ਦੀ ਹੋਂਦ ਦੀ ਖ਼ਬਰ ਮਿਲਦੀ। ਫਿਰ ਲਾਗਲੀ ਦੁਕਾਨ ਤੋਂ ਇਸ ਬਾਰੇ ਪੁੱਛਿਆ ਤਾਂ ਪਤਾ ਲੱਗਾ ਕਿ ਮੰਦਰ ਦੇ ਨਾਲੋਂ ਜਾਂਦੀ ਗਲੀ ਵਿਚ ਵੀਹ ਕੁ ਦੁਕਾਨਾਂ ਛੱਡ ਕੇ ਨਦੀ ਵੱਲ ਨੂੰ ਮੁੜ ਕੇ ਗੁਰੂ ਨਾਨਕ ਦਾ ਅਸਥਾਨ ਹੈ।

ਅਸੀਂ ਜਾ ਕੇ ਦੇਖਿਆ ਕਿ ਫਲਗੂ ਨਦੀ ਦੇ ਕਿਨਾਰੇ ਇਸ ਇਮਾਰਤ ਦੀ ਬਾਹਰਲੇ ਦਰਵਾਜ਼ੇ ਵਾਲੀ ਦੀਵਾਰ ਤਾਂ ਸਲਾਮਤ ਖੜ੍ਹੀ ਸੀ ਪਰ ਅੰਦਰ ਖੰਡਰਾਂ ਵਰਗੀ ਹਾਲਤ ਸੀ। ਕਾਫੀ ਹਿੱਸੇ ਦੀ ਛੱਤ ਡਿੱਗ ਚੁੱਕੀ ਸੀ। ਨਦੀ ਵੱਲ ਦੀ ਬਾਹੀ ਦੀ ਦੀਵਾਰ ਦਾ ਕਾਫੀ ਹਿੱਸਾ ਢਹਿ ਚੁੱਕਾ ਸੀ। ਅੰਦਰ ਥਾਂ-ਥਾਂ ਕੂੜੇ ਅਤੇ ਮਲਬੇ ਦੇ ਢੇਰ ਸਨ। ਵਿਚਕਾਰ ਇਕ ਟੁੱਟੇ ਭੱਜੇ ਗੰਦੇ ਜਿਹੇ ਮੇਜ਼ ’ਤੇ ਗੁਰੂ ਨਾਨਕ ਅਤੇ ਬਾਬਾ ਸ੍ਰੀ ਚੰਦ ਜੀ ਦੀਆਂ ਮੈਲੀਆਂ ਜਿਹੀਆਂ ਤਸਵੀਰਾਂ ਪਈਆਂ ਸਨ। ਇੱਕ ਨੁੱਕਰੇ ਇਕ ਜਟਾਧਾਰੀ ਉਦਾਸੀ ਸਾਧੂ ਮੈਲਾ-ਕੁਚੈਲਾ ਕੰਬਲ ਲਪੇਟੀ ਸੁੱਤਾ ਪਿਆ ਸੀ। ਪਰਵੇਸ਼ ਦੁਆਰ ਦੇ ਮੱਥੇ ਲਿਖੀ ਇਬਾਰਤ ਅਤੇ ਅੰਦਰਲੀ ਹਾਲਤ ਤੋਂ ਸਪੱਸ਼ਟ ਸੀ ਕਿ ਇਹ ਸਿੱਖੀ ਦੇ ਪ੍ਰਚਾਰ ਲਈ ਸਰਗਰਮ ਰਹੇ ਉਦਾਸੀ ਪ੍ਰਚਾਰਕਾਂ ਦਾ ਅਸਥਾਨ ਸੀ। ਉਦਾਸੀ ਪ੍ਰਚਾਰਕਾਂ ਨੇ ਕਦੀ ਪੂਰੇ ਭਾਰਤ ਵਿਚ ਗੁਰਬਾਣੀ ਦਾ ਪ੍ਰਚਾਰ ਕੀਤਾ। ਉਹਨਾਂ ਦੀ ਪ੍ਰੇਰਨਾ ਨਾਲ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ ਨੂੰ ਮੰਨਣ ਵਾਲਿਆਂ ਨੂੰ ਨਾਨਕਪੰਥੀ ਕਿਹਾ ਜਾਣ ਲੱਗਾ। ਪੂਰਬੀ ਖੇਤਰ ਵਿਚ ਗੁਰੂ ਨਾਨਕ ਆਪਣੀ ਪਹਿਲੀ ਉਦਾਸੀ ਦੌਰਾਨ ਜਿਹਨਾਂ ਤੀਰਥ ਅਸਥਾਨਾਂ ਜਾਂ ਸ਼ਹਿਰਾਂ ਵਿਚ ਗਏ ਉਦਾਸੀ ਸਾਧੂ ਬਾਬਾ ਅਲਮਸਤ ਨੇ ਉਥੇ ਗੁਰੂ-ਯਾਤਰਾ ਦੀ ਯਾਦ ਵਿਚ ਗੁਰੂ ਦੇ ਅਮੀਰ ਸ਼ਰਧਾਲੂਆਂ ਦੀ ਸਹਾਇਤਾ ਨਾਲ ਅਜਿਹੇ ਅਸਥਾਨਾਂ ਦੀ ਉਸਾਰੀ ਕਰਵਾਈ। ਉਹਨਾਂ ਤੋਂ ਮਗਰੋਂ ਗਯਾ ਦੇ ਇਲਾਕੇ ਦੇ ਹੀ ਜੰਮਪਲ ਭਗਤ ਭਗਵਾਨ ਨੇ ਇਸ ਕਾਰਜ ਨੂੰ ਜਾਰੀ ਰੱਖਿਆ। ਉਹਨਾਂ ਛੋਟੀ ਉਮਰੇ ਸੰਨਿਆਸ ਧਾਰਨ ਕਰ ਲਿਆ ਸੀ ਅਤੇ ਗਿਆਨ ਦੀ ਪਿਆਸ ਅਤੇ ਮਾਨਸਕ ਟਿਕਾਅ ਦੀ ਇੱਛਾ ਤਹਿਤ ਆਪ ਕੀਰਤਪੁਰ ਵਿਖੇ ਸੱਤਵੇਂ ਗੁਰੂ ਹਰਿ ਰਾਇ ਸਾਹਿਬ ਦੀ ਸ਼ਰਨ ਗਏ। ਗੁਰੂ ਜੀ ਨੇ ਉਹਨਾਂ ਨੂੰ ਸਿੱਖੀ ਉਪਦੇਸ਼ ਬਖਸ਼ਿਸ਼ ਕੀਤਾ ਅਤੇ ਉਹਨਾਂ ਨੂੰ ਆਪਣੇ ਜੱਦੀ ਖੇਤਰ ਮਗਧ ਸਮੇਤ ਪੂਰਬੀ ਭਾਰਤ ਦਾ ਅਧਿਕਾਰਤ ਪ੍ਰਚਾਰਕ ਥਾਪਿਆ। ਇਹਨਾਂ ਉਦਾਸੀ ਮੁਖੀਆਂ ਦੁਆਰਾ ਸਥਾਪਤ ਕੀਤੇ ਇਹ ਇਤਿਹਾਸਕ ਅਸਥਾਨ ਸਥਾਨਕ ਨਾਨਕਪੰਥੀ ਸੰਗਤ ਦੇ ਜੁੜਨ ਲਈ ਧਰਮਸਾਲ ਹੋਣ ਦੇ ਨਾਲ ਨਾਲ ਦੂਰ-ਦੂਰ ਤੱਕ ਭਰਮਣ ਕਰਕੇ ਸਿੱਖੀ ਪ੍ਰਚਾਰ ਕਰਨ ਵਾਲੇ ਪ੍ਰਚਾਰਕਾਂ ਲਈ ਠਾਹਰਾਂ ਬਣੇ।

ਮੈਂ ਇਤਿਹਾਸਕ ਗੁਰਦੁਆਰਿਆਂ ਦੀਆਂ ਕਈ-ਕਈ ਮੰਜਲਾਂ ਵਾਲੀਆਂ ਉਚੀਆਂ

ਇਮਾਰਤਾਂ ਅਤੇ ਇਹਨਾਂ ਦੇ ਗੁੰਬਜਾਂ 'ਤੇ ਸੋਨਾ ਲਗਾਉਣ ਦਾ ਕਾਇਲ ਨਹੀਂ। ਨਾ ਹੀ ਬਹੁਤੀ ਆਵਾਜਾਈ ਵਾਲੇ ਗੁਰਦੁਆਰਿਆਂ ਦੀਆਂ ਪਹਿਲਾਂ ਬਣੀਆਂ ਚੰਗੀਆਂ ਭਲੀਆਂ ਇਮਾਰਤਾਂ ਨੂੰ ਢਾਅ ਕੇ ਆਲੀਸ਼ਾਨ ਬਣਾਉਣ ਲਈ ਕਾਰਸੇਵਾ ਵਾਲੇ ਬਾਬਿਆਂ ਵਲੋਂ ਥਾਂ-ਥਾਂ ਟੋਕਰੇ ਰੱਖ ਕੇ ਮਾਇਆ ਇਕੱਠੀ ਕਰਨ ਦੇ ਹੱਕ ਵਿਚ ਹਾਂ। ਪਰ ਗੁਰੂ ਬਾਬੇ ਦੀ ਆਮਦ ਦੀ ਯਾਦ ਵਿਚ ਉਸਾਰੇ ਇਸ ਇਤਿਹਾਸਕ ਅਸਥਾਨ ਦੀ ਏਨੀ ਦੁਰਦਸ਼ਾ ਦੇਖ ਕੇ ਬਹੁਤ ਨਿਰਾਸ਼ਾ ਹੋਈ। ਵਾਪਸ ਆਪਣੀ ਟੈਕਸੀ ਤੱਕ ਤੁਰੇ ਆਉਂਦੇ ਇਹ ਸੋਚ ਵਿਚਾਰ ਕਰਦੇ ਆਏ ਕਿ ਇਸ ਅਸਥਾਨ 'ਤੇ ਗੁਰੂ ਨਾਨਕ ਦੀ ਯਾਤਰਾ ਦੇ ਮਨੋਰਥ ਅਤੇ ਮਹੱਤਵ ਨੂੰ ਲਗਾਤਾਰ ਅਤੇ ਅਸਰਦਾਰ ਢੰਗ ਨਾਲ ਯਾਦ ਕਰਾਉਣ ਦੇ ਉਦੇਸ਼ ਨਾਲ ਇਸ ਅਸਥਾਨ ਨੂੰ ਕਿਵੇਂ ਸੰਭਾਲਿਆ ਅਤੇ ਸੰਚਾਲਤ ਕੀਤਾ ਜਾ ਸਕਦਾ ਹੈ। ਕਾਫੀ ਆਵਾਜਾਈ ਵਾਲੇ ਵਪਾਰਕ ਇਲਾਕੇ ਵਿਚ ਸਥਿਤ ਇਸ ਤਿੰਨ ਕੁ ਸੌ ਵਰਗ ਗਜ਼ ਜਗ੍ਹਾ 'ਤੇ ਗੁਰੂ ਨਾਨਕ ਦੇ ਸੰਦੇਸ਼ ਦਾ ਅਧੁਨਿਕ ਢੰਗ ਦਾ ਪ੍ਰਚਾਰ ਕੇਂਦਰ ਉਸਾਰਿਆ ਜਾ ਸਕਦਾ ਹੈ। ਜਿਸ ਵਿਚ ਗੁਰਬਾਣੀ, ਗੁਰੂ ਜੀਵਨ, ਇਥੋਂ ਦੇ ਪੁਰਾਣੇ ਨਾਨਕ ਪੰਥੀਆਂ ਦੇ ਇਤਿਹਾਸ, ਗੁਰੂ ਨਾਨਕ ਅਤੇ ਗੁਰੂ ਤੇਗ ਬਹਾਦਰ ਦੀਆਂ ਇਸ ਖੇਤਰ ਵਿਚ ਯਾਤਰਾਵਾਂ ਆਦਿ ਬਾਰੇ ਗੁਰਮੁਖੀ ਤੋਂ ਇਲਾਵਾ ਇਸ ਖੇਤਰ ਦੀਆਂ ਬੋਲੀਆਂ ਹਿੰਦੁਸਤਾਨੀ, ਬ੍ਰਜ, ਮੈਥਿਲੀ, ਅਵਧੀ, ਭੋਜਪੁਰੀ ਆਦਿ ਵਿਚ ਮੁਫਤ ਕਿਤਾਬਚੇ ਅਤੇ ਮੁੱਲ ਮਿਲਣ ਵਾਲੀਆਂ ਕਿਤਾਬਾਂ ਉਪਲਭਦ ਕਰਾਈਆਂ ਜਾ ਸਕਦੀਆਂ ਹਨ। ਗੁਰਬਾਣੀ ਦੇ ਜਿਹੜੇ ਸ਼ਬਦਾਂ ਵਿਚ ਇਹਨਾਂ ਬੋਲੀਆਂ ਦੀ ਸ਼ਬਦਾਵਲੀ ਵਰਤੀ ਗਈ ਹੈ ਉਹਨਾਂ ਦੇ ਗਾਇਨ (ਰਿਕਾਰਡਡ) ਦਾ ਦਿਨ ਸਮੇਂ ਪ੍ਰਵਾਹ ਚਲਦਾ ਰਹੇ। ਇਹਨਾਂ ਸ਼ਬਦਾਂ ਦੇ ਕੀਰਤਨ ਦੀਆਂ ਰਿਕਾਰਡਿੰਗਜ਼ ਮਿਲਦੀਆਂ ਹੋਣ। ਗੁਰੂ ਨਾਨਕ ਵਲੋਂ ਪਹਿਲੀ ਉਦਾਸੀ ਦੌਰਾਨ ਪ੍ਰਾਪਤ ਕੀਤੀ ਕਬੀਰ ਜੀ, ਰਵਿਦਾਸ ਜੀ, ਜੈਦੇਵ ਜੀ, ਬੇਣੀ ਜੀ ਆਦਿ ਦੀ ਬਾਣੀ ਨਾਲ ਸਬੰਧਤ ਸਮਗਰੀ ਵੀ ਮਿਲਦੀ ਹੋਵੇ। ਯਾਤਰੂਆਂ ਦੇ ਆਕਰਸ਼ਨ ਲਈ ਢੁਕਵੇਂ ਆਡੀਓ ਵੀਡੀਓ ਸ਼ੋਅ ਅਤੇ ਲਾਈਟ ਐਂਡ ਸਾਊਂਡ ਪ੍ਰੋਗਰਾਮ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ। ਇਸ ਅਸਥਾਨ ਦੇ ਇਤਿਹਾਸਕ ਮਹੱਤਵ ਦੀ ਸਥਾਨਕ, ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿਚ ਲਿਖੀ ਇਬਾਰਤ ਵਾਲਾ ਸੋਹਣਾ ਹੋਲਡਿੰਗ ਲੱਗਾ ਹੋਵੇ। ਇਸ ਦਾ ਸੰਚਾਲਨ ਕਰਨ ਵਾਲੇ ਵਲੰਟੀਅਰਜ਼ ਲਈ ਰਹਾਇਸ਼ ਦਾ ਪ੍ਰਬੰਧ ਇਸ ਦੇ ਉਪਰ ਪਹਿਲੀ ਮੰਜਲ 'ਤੇ ਹੋ ਸਕਦਾ ਹੈ। ਗੁਰੂ ਨਾਨਕ ਨੂੰ ਪਿਆਰ ਕਰਨ ਵਾਲੇ ਸਵੈ-ਇੱਛਕ ਨੌਜਵਾਨ ਖੋਜਾਰਥੀਆਂ, ਸਰਗਰਮ ਰਿਟਾਇਰਡ ਅਧਿਆਪਕਾਂ/ਅਫਸਰਾਂ, ਵਿਦੇਸ਼ੀਂ ਵਸਦੇ ਸਿੱਖਾਂ ਆਦਿ ਨੂੰ ਰੋਸਟਰ ਬਣਾ ਕੇ 1-2 ਦਿਨਾਂ ਦੀ ਸੰਖੇਪ ਟ੍ਰੇਨਿੰਗ ਤੋਂ ਬਾਅਦ ਇਕ-ਇਕ ਮਹੀਨੇ ਲਈ ਬਤੌਰ ਵਲੰਟੀਅਰ ਇਸ ਦੀ ਸੰਭਾਲ ਅਤੇ ਸੰਚਾਲਨ ਦਾ ਜ਼ਿੰਮਾ ਸੌਂਪਿਆ ਜਾ ਸਕਦਾ ਹੈ। ਇਹ ਵਲੰਟੀਅਰ ਆਏ ਯਾਤਰੂਆਂ ਨੂੰ ਇਸ ਅਸਥਾਨ ਦੇ ਪ੍ਰਮਾਣਕ ਇਤਿਹਾਸ ਬਾਰੇ, ਗੁਰੂ ਨਾਨਕ ਅਤੇ ਉਹਨਾਂ ਦੀਆਂ ਸਿੱਖਿਆਵਾਂ ਬਾਰੇ ਜਾਣਕਾਰੀ ਦੇਣ ਵਾਲੇ, ਸਥਾਨਕ ਬੋਲੀ ਅਤੇ ਸੱਭਿਆਚਾਰ ਪ੍ਰਤੀ ਸੰਵਾਦੀ ਰਵੱਈਆ

ਰੱਖਣ ਵਾਲੇ ਅਤੇ ਸਥਾਨਕ ਲੋਕਾਂ ਲਈ ਗੁਰੂ ਉਪਦੇਸ਼ ਅਨੁਸਾਰ ਪਰਉਪਕਾਰੀ ਜੀਵਨ ਜਾਚ ਦੀ ਜਿਉਂਦੀ ਮਿਸਾਲ ਪੇਸ਼ ਕਰਨ ਵਾਲੇ ਹੋਣ। ਆਪਣੀ ਕਮਾਈ ਨਾਲ ਖੁਸ਼ਹਾਲ ਜੀਵਨ ਨਿਰਬਾਹ ਕਰਨ ਵਾਲੇ ਅਤੇ ਰੱਜੀ ਨੀਅਤ ਵਾਲੇ ਸਮਾਂ-ਦਾਨੀਆਂ ਨੂੰ ਹੀ ਇਹ ਸੇਵਾ ਵਾਰੀ ਸਿਰ ਦਿੱਤੀ ਜਾਵੇ। ਅਜਿਹੇ ਹਜ਼ਾਰਾਂ ਵਲੰਟੀਅਰ ਮਿਲ ਜਾਣਗੇ। ਕਿਸੇ ਵੀ ਪ੍ਰਕਾਰ ਦੀ ਮੁੱਲ ਦੀ ਸੇਵਾ (ਤਨਖਾਹਦਾਰ ਮੁਲਾਜ਼ਮ) ਵਾਲਾ ਪ੍ਰਬੰਧ ਤਾਂ ਸਿੱਖ ਸੰਸਥਾਵਾਂ 'ਚੋਂ ਹਰ ਪੱਧਰ 'ਤੇ ਬੰਦ ਹੋਣਾ ਚਾਹੀਦਾ ਹੈ।

ਮਨ ਵਿਚ ਇਸ ਤਰ੍ਹਾਂ ਦੀ ਉਧੇੜ ਬੁਣ ਕਰਦੇ ਅਸੀਂ ਵਾਪਸ ਆਪਣੀ ਟੈਕਸੀ ਕੋਲ ਪਰਤੇ ਤਾਂ ਸਾਡਾ ਡਰਾਈਵਰ ਸਾਡੀ ਉਦਾਸੀ ਅਤੇ ਪਰੇਸ਼ਾਨੀ ਨੂੰ ਤਾੜ ਗਿਆ। ਉਸ ਨੇ ਸਾਡਾ ਜੀਅ ਰਾਜ਼ੀ ਕਰਨ ਲਈ ਸਾਨੂੰ ਬੋਧ ਗਯਾ ਲਿਜਾਣ ਦੀ ਤਜਵੀਜ਼ ਪੇਸ਼ ਕੀਤੀ। ਬੋਧ ਗਯਾ ਇਥੋਂ ਦਸ-ਬਾਰਾਂ ਕਿਲੋਮੀਟਰ ਦੀ ਦੂਰੀ 'ਤੇ ਹੈ। ਜਿਥੇ ਗਯਾ ਗੁਰੂ ਨਾਨਕ ਵਲੋਂ ਗਿਆਨ ਸਾਂਝਾ ਕੀਤੇ ਜਾਣ ਦਾ ਸਥਾਨ ਹੈ ਉਥੇ ਬੋਧ ਗਯਾ ਮਹਾਤਮਾ ਬੁੱਧ ਨੂੰ ਗਿਆਨ ਪ੍ਰਾਪਤੀ ਦਾ ਸਥਾਨ ਹੈ। ਸਾਡੇ ਜਾਣ ਸਮੇਂ ਬੋਧ ਗਯਾ ਵਿਖੇ ਮਹਾਤਮਾ ਬੁੱਧ ਨਾਲ ਸਬੰਧਤ ਸਲਾਨਾ ਉਤਸਵ ਚਲ ਰਿਹਾ ਸੀ। ਦਸ ਕੁ ਕਿਲੋਮੀਟਰ ਦੇ ਘੇਰੇ ਵਿਚ ਦੇਸ ਬਦੇਸ਼ ਤੋਂ ਲੱਖਾਂ ਬੋਧੀ ਅਤੇ ਦੂਸਰੇ ਲੋਕ ਆਏ ਹੋਏ ਸਨ। ਏਨੀ ਭੀੜ ਕਰਕੇ ਸਾਨੂੰ ਆਪਣੀ ਟੈਕਸੀ ਮੁੱਖ ਮੰਦਰ ਤੋਂ ਤਕਰੀਬਨ ਚਾਰ ਕਿਲੋਮੀਟਰ ਪਹਿਲਾਂ ਛੱਡਣੀ ਪਈ। ਮੁੱਖ ਮੰਦਰ ਦੇ ਚਾਰੇ ਪਾਸੇ ਹਜ਼ਾਰਾਂ ਬੋਧੀ ਧਿਆਨ ਵਿਚ ਬੈਠੇ ਸਨ। ਕਮਾਲ ਦਾ ਸ਼ਾਂਤ ਵਾਤਾਵਰਣ ਸੀ। ਆਸ-ਪਾਸ ਤਿੱਬਤ, ਭੂਟਾਨ, ਜਪਾਨ, ਚੀਨ, ਬਰਮਾ, ਥਾਈਲੈਂਡ ਆਦਿ ਦੇਸ਼ਾਂ ਦੀਆਂ ਬੋਧੀ ਸੰਗਤਾਂ ਵਲੋਂ ਉਸਾਰੇ ਵੱਖ-ਵੱਖ ਬੋਧੀ ਮੰਦਰ, ਮੱਠ, ਹਾਲ, ਅਜਾਇਬ ਘਰ ਆਦਿ ਸਨ। ਕਮਲ ਤਲਾਅ, 80 ਫੁੱਟ ਉਚੀ ਬੁੱਧ ਮੂਰਤੀ ਅਤੇ ਬੁੱਧ ਕੁੰਡ ਇਥੋਂ ਦੇ ਵਿਸ਼ੇਸ਼ ਆਕਰਸ਼ਨ ਹਨ। ਬਾਹਰਲੇ ਦੇਸ਼ਾਂ ਤੋਂ ਬੁੱਧ ਪ੍ਰੇਮੀਆਂ ਦੀ ਆਵਾਜਾਈ ਕਰਕੇ ਇਥੇ ਅੰਤਰਰਾਸ਼ਟਰੀ ਹਵਾਈ ਅੱਡਾ ਹੈ।

ਗਯਾ ਵਿਚ ਆ ਕੇ ਆਪਣੇ ਆਪ ਨੂੰ ਗੁਰੂ ਨਾਨਕ ਦੇ ਬੰਦੇ ਦੱਸਣ ਵਾਲੇ ਜਦ ਗੁਰੂ ਨਾਨਕ ਦੇ ਯਾਦਗਾਰੀ ਅਸਥਾਨ ਦੀ ਦੁਰਦਸ਼ਾ ਦੇਖ ਕੇ ਬੋਧ ਗਯਾ ਦੀ ਇਸ ਖੂਬਸੂਰਤੀ, ਸਾਂਭ ਸੰਭਾਲ, ਵਿਸ਼ਾਲਤਾ ਅਤੇ ਰੌਣਕ ਨੂੰ ਨਿਹਾਰ ਕੇ ਮੁੜ ਰਹੇ ਸਾਂ ਤਾਂ ਸਾਡੇ ਮਨਾਂ ਵਿਚ ਕਿਹੜੀਆਂ ਚੜ੍ਹਦੀਆਂ ਉਤਰਦੀਆਂ ਹੋਣਗੀਆਂ ਪਾਠਕ ਉਸ ਦਾ ਸਹਿਜੇ ਹੀ ਅੰਦਾਜ਼ਾ ਲਗਾ ਸਕਦੇ ਹਨ। ਵਾਪਸ ਆ ਕੇ ਕੋਲਕਤਾ ਦੇ ਜੰਮ-ਪਲ ਆਪਣੇ ਦੋਸਤ ਸ. ਜਗਮੋਹਨ ਸਿੰਘ ਗਿੱਲ ਨਾਲ ਇਸ ਅਸਥਾਨ ਬਾਰੇ ਗੱਲ ਕੀਤੀ। ਉਹਨਾਂ ਦਾ ਪੂਰਬੀ ਭਾਰਤ ਦੇ ਸਿੱਖਾਂ ਅਤੇ ਸੰਸਥਾਵਾਂ ਨਾਲ ਚੰਗਾ ਮੇਲ ਮਿਲਾਪ ਹੈ। ਉਹਨਾਂ ਦੱਸਿਆ ਕਿ 1666 ਈ. ਵਿਚ ਗੁਰੂ ਤੇਗ ਬਹਾਦਰ ਜੀ ਵੀ ਜਦ ਪਰਿਵਾਰ ਸਮੇਤ ਪੰਜਾਬ ਤੋਂ ਬਿਹਾਰ ਆਏ ਸਨ ਤਾਂ ਪਟਨਾ ਵਿਖੇ ਪਹੁੰਚ ਕੇ ਟਿਕਾਣਾ ਕਰਨ ਤੋਂ ਪਹਿਲਾਂ ਆਪ ਕੁਝ ਸਮਾਂ ਗਯਾ ਵਿਖੇ ਰਹੇ ਸਨ। ਇਥੋਂ ਦੀ ਨਾਨਕਪੰਥੀ ਸੰਗਤ ਵਿਚ ਵਿਚਰੇ ਸਨ। ਪਹਿਲੀ ਉਦਾਸੀ ਦੌਰਾਨ ਗੁਰੂ ਨਾਨਕ ਭਾਰਤ ਦੇ ਉਤਰੀ ਅਤੇ

ਪੂਰਬੀ ਖੇਤਰ ਵਿਚ ਜਿਥੇ ਜਿਥੇ ਗਏ ਉਦਾਸੀ ਪਰਚਾਰਕਾਂ ਨੇ ਉਥੇ ਉਥੇ ਪਹੁੰਚ ਕੇ ਸਥਾਨਕ ਨਾਨਕਪੰਥੀ ਸੰਗਤਾਂ ਦੇ ਸਹਿਯੋਗ ਨਾਲ ਯਾਦਗਾਰੀ ਅਸਥਾਨਾਂ ਦੀ ਉਸਾਰੀ ਕਰਾਈ। ਇਹਨਾਂ ਤੋਂ ਇਲਾਵਾ ਵੱਖ-ਵੱਖ ਥਾਵਾਂ 'ਤੇ ਸੰਗਤ ਦੇ ਜੁੜਨ ਲਈ ਅਤੇ ਉਦਾਸੀ ਪ੍ਰਚਾਰਕਾਂ ਦੇ ਟਿਕਾਣੇ ਲਈ ਸਿੱਖ ਕੇਂਦਰਾਂ ਦੀ ਉਸਾਰੀ ਕਰਾਈ। ਇਹਨਾਂ ਸਾਰਿਆਂ ਦੀ ਗਿਣਤੀ ਪੰਜ ਸੌ ਦੇ ਕਰੀਬ ਸੀ। ਇਹਨਾਂ ਅੰਦਰ ਗੁਰੂ ਗਰੰਥ ਸਾਹਿਬ ਦੀਆਂ ਹੱਥ ਲਿਖਤ ਬੀੜਾਂ ਦਾ ਪ੍ਰਕਾਸ਼ ਹੁੰਦਾ ਸੀ। ਇਹਨਾਂ ਵਿਚੋਂ ਬਹੁਤਿਆਂ ਦੀਆਂ ਇਮਾਰਤਾਂ ਸੇਵਾ ਸੰਭਾਲ ਖੁਣੋਂ ਪੂਰੀ ਤਰ੍ਹਾਂ ਢਹਿ ਗਈਆਂ ਹਨ, ਕੁਝ ਇਮਾਰਤਾਂ ਅੱਧ-ਪਚੱਧ ਖੜ੍ਹੀਆਂ ਹਨ, ਕਈਆਂ ਦੇ ਤਾਂ ਨਾਮੋ ਨਿਸ਼ਾਨ ਮਿਟ ਗਏ ਹਨ। ਕਈਆਂ ਅਸਥਾਨਾ ਦੇ ਨਾਮੇ ਗੁਰੂ ਨਾਨਕ ਅਤੇ ਗੁਰੂ ਗ੍ਰੰਥ ਸਾਹਿਬ ਪ੍ਰਤੀ ਆਸਥਾ ਰੱਖਣ ਵਾਲੇ ਅਮੀਰ ਸ਼ਰਧਾਲੂਆਂ ਨੇ ਚੋਖੀਆਂ ਜ਼ਮੀਨਾ ਵੀ ਲਗਵਾਈਆਂ ਹੋਈਆਂ ਸਨ ਜਿਹਨਾਂ ਦੀ ਆਮਦਨੀ ਨਾਲ ਇਹਨਾਂ ਅਸਥਾਨਾਂ ਦਾ ਸੰਚਾਲਨ ਹੁੰਦਾ ਸੀ। ਹੌਲੀ-ਹੌਲੀ ਇਹ ਲਾਵਾਰਸ ਜਾਇਦਾਦਾਂ ਭੂ-ਮਾਫੀਏ ਜਾਂ ਆਸ-ਪਾਸ ਦੇ ਲੋਕਾਂ ਨੇ ਦੱਬ ਲਈਆਂ ਹਨ। ਗਯਾ ਸ਼ਹਿਰ ਬਾਰੇ ਇੰਟਰਨੈਟ ਖਾਸਕਰ ਵਿਕੀਪੀਡੀਆ ਤੋਂ ਜਾਣਕਾਰੀ ਲੈਣ ਦੀ ਕੋਸ਼ਿਸ਼ ਕੀਤੀ ਤਾਂ ਗੁਰੂ ਨਾਨਕ ਦਾ ਕਿਧਰੇ ਜਿਕਰ ਨਹੀਂ ਮਿਲਿਆ। ਇਸ ਨੂੰ ਹਿੰਦੂ ਅਤੇ ਬੁੱਧ ਧਰਮ ਨਾਲ ਸਬੰਧਤ ਸ਼ਹਿਰ ਹੀ ਦੱਸਿਆ ਗਿਆ ਹੈ।

ਗੁਰੂ ਨਾਨਕ ਦਾ ਜਨਮ ਅਸਥਾਨ ਭਾਵੇਂ ਪਾਕਿਸਤਾਨ ਵਿਚਲੇ ਪੰਜਾਬ 'ਚ ਹੈ ਪਰ ਉਹਨਾਂ ਦੀ ਬਰਮਾ ਤੱਕ ਦੀ ਪਹਿਲੀ ਉਦਾਸੀ ਅਤੇ ਲੰਕਾ ਤੱਕ ਦੀ ਦੂਸਰੀ ਉਦਾਸੀ ਨਾਲ ਸਬੰਧਤ ਕਈ ਸੈਂਕੜੇ ਗੁਰਧਾਮ ਭਾਰਤ ਵਿਚ ਹਨ। ਇਹਨਾਂ ਤੋਂ ਪੰਥ ਨੂੰ ਵਿਛੋੜਿਆ ਨਹੀਂ ਗਿਆ ਸਗੋਂ ਪੰਥ ਇਹਨਾਂ ਤੋਂ ਵਿਛੜ ਗਿਆ ਹੈ। ਪੰਥ ਨੇ ਇਹਨਾਂ ਦੇ ਦਰਸ਼ਨ ਦੀਦਾਰ ਅਤੇ ਸੇਵਾ ਸੰਭਾਲ ਨੂੰ ਵਿਸਾਰ ਦਿੱਤਾ ਹੈ। ਨਤੀਜੇ ਵਜੋਂ ਇਹ ਸਾਰੇ ਸਿੱਖੀ ਦੇ ਮਹਾਨ ਅਸਥਾਨਾਂ ਦੇ ਨਕਸ਼ੇ ਤੋਂ ਮਿਟ ਗਏ ਹਨ। ਦੇਖਿਆ ਜਾਵੇ ਤਾਂ ਗੁਰੂ ਦੀ ਕੁਰਕਸ਼ੇਤਰ, ਹਰਿਦੁਆਰ, ਮਥੁਰਾ, ਬਨਾਰਸ, ਗਯਾ, ਪਰਯਾਗ ਅਤੇ ਪੁਰੀ ਆਦਿ ਆਸਥਾਨਾਂ 'ਤੇ ਆਮਦ ਦਾ ਇਤਿਹਾਸਕ ਮਹੱਤਵ ਪੰਜਾ ਸਾਹਿਬ, ਨਾਨਕਝੀਰਾ ਅਤੇ ਮਨੀਕਰਨ ਸਾਹਿਬ ਨਾਲੋਂ ਕਿਤੇ ਵਡੇਰਾ ਹੈ। ਪਰ ਇਹਨਾਂ ਨਾਲ ਕਰਾਮਾਤਾਂ ਦੀਆਂ ਕਹਾਣੀਆਂ ਨਾ ਜੁੜੀਆਂ ਹੋਣ ਕਰਕੇ ਸਾਡੇ ਅੰਦਰ ਇਹਨਾਂ ਦੀ ਯਾਤਰਾ ਦੀ ਉਹ ਖਿੱਚ ਪੈਦਾ ਨਹੀਂ ਹੋਈ। ਗੁਰੂ ਨੇ ਸ਼ਬਦ ਨੂੰ ਕਰਾਮਾਤ ਮੰਨਿਆਂ ਹੈ ਅਤੇ ਇਹਨਾਂ ਅਸਥਾਨਾਂ 'ਤੇ ਜਾ ਕੇ ਉਹਨਾਂ ਸ਼ਬਦ ਦੀ ਕਰਾਮਾਤ ਵਰਤਾਈ। ਪਰ ਕੁਝ ਸਾਲ ਪਹਿਲਾਂ ਸੁਣਿਆਂ ਸੀ ਕਿ ਗੁਰੂ ਨਾਨਕ ਦੀ ਹਰਿਦੁਆਰ ਫੇਰੀ ਨਾਲ ਸਬੰਧਤ ਉਥੇ ਵੀ ਬਾਜ਼ਾਰ ਵਿਚ ਜੋ ਇਤਿਹਾਸਕ ਗੁਰਦੁਆਰਾ ਹੁੰਦਾ ਸੀ ਹੁਣ ਅਲੋਪ ਹੋ ਚੁੱਕਾ ਹੈ। ਦੂਸਰਾ ਅਤੇ ਵੱਡਾ ਕਾਰਨ ਇਹ ਹੈ ਕਿ ਪਿਛਲੇ ਕਾਫੀ ਸਮੇਂ ਤੋਂ ਪੰਥ ਦਾ ਗੱਡਾ ਹੱਕਣ ਵਾਲੇ ਸੱਜਣਾਂ ਦਾ ਧਿਆਨ ਪੰਜਾਬ, ਦਿੱਲੀ ਅਤੇ ਕੁਝ ਹੋਰ ਥਾਵਾਂ ਦੇ ਭਾਰੀ-ਭਰਕਮ ਗੋਲਕਾਂ ਵਾਲੇ ਗੁਰਧਾਮਾਂ 'ਤੇ ਕਬਜ਼ੇ ਕਰਨ ਵੱਲ ਹੀ ਰਿਹਾ ਹੈ। ਇਹਨਾਂ ਦੇ ਵਸੀਲਿਆਂ

ਨੂੰ ਮੁੱਖ ਤੌਰ 'ਤੇ ਚੌਧਰ ਪ੍ਰਾਪਤੀ ਦੀ ਭੁੱਖ ਪੂਰਤੀ ਲਈ ਵਰਤਿਆ ਜਾਣ ਲੱਗਾ। ਗੁਰੂ ਵਲੋਂ ਵਿਸ਼ਾਲ ਖੇਤਰ ਵਿਚ ਖਿਲਾਰੇ ਸ਼ਬਦ ਦੇ ਬੀਜਾਂ ਨਾਲ ਥਾਂ-ਥਾਂ ਉੱਗੀ ਸਿੱਖੀ ਦੀ ਫਸਲ ਵੱਲ ਧਿਆਨ ਨਹੀਂ ਦਿੱਤਾ ਗਿਆ। ਨਤੀਜੇ ਵਜੋਂ ਸੈਂਕੜੇ ਗੁਰਧਾਮਾਂ ਦੀ ਹੋਂਦ ਮਿਟਣ ਦੇ ਨਾਲ-ਨਾਲ ਕਰੋੜਾਂ ਨਾਨਕਪੰਥੀ ਲੋਕ ਪੰਥ ਦੀ ਬੁੱਕਲ ਵਿਚੋਂ ਕਿਰ ਗਏ। ਕੁਝ ਦਹਾਕਿਆਂ ਤੋਂ ਇਸ ਰਾਜਨੀਤੀ ਦਾ ਪਨ੍ਹਾ ਹੋਰ ਵੀ ਛੋਟਾ ਹੋ ਗਿਆ ਹੈ। ਇਹ ਰਾਜਨੀਤੀ ਮਾਇਆ ਹੂੰਝਣ ਲਈ ਚੌਧਰ ਅਤੇ ਚੌਧਰ ਹਥਿਆਉਣ ਲਈ ਮਾਇਆ ਦੀ ਘੁੰਮਣ ਘੇਰੀ ਵਿਚ ਫਸ ਗਈ ਹੈ। ਇਸ ਦੀ ਹਾਲਤ ਉਸ ਕੁੱਤੇ ਵਰਗੀ ਹੋ ਗਈ ਹੈ ਜੋ ਆਪਣੀ ਪੂਛ ਦੇ ਸਿਰੇ ਤੇ ਆਪਣੇ ਦੰਦਾਂ ਨਾਲ ਖਾਜ ਕਰਨ ਦੇ ਲਾਲਚ ਵਿਚ ਇੱਕੋ ਥਾਵੇਂ ਘੁੰਮੀਂ ਜਾਂਦਾ ਹੈ, ਘੁਮੇਰ ਖਾ ਕੇ ਡਿੱਗਦਾ ਹੈ, ਉੱਠ ਕੇ ਫਿਰ ਓਹੀ ਕੁਛ ਕਰਨ ਲੱਗਦਾ ਹੈ, ਆਸ ਪਾਸ ਦੀ ਸੁੱਧ-ਬੁੱਧ ਨਹੀਂ ਰਹਿੰਦੀ। ਅਜਿਹੀ ਸਥਿਤੀ ਨੂੰ ਪ੍ਰਾਪਤ ਚੌਧਰੀਆਂ ਬਾਰੇ ਤੀਜੇ ਪਾਤਸ਼ਾਹ ਦਾ ਕਥਨ ਹੈ:

ਮਾਇਆਧਾਰੀ ਅਤਿ ਅੰਨਾ ਬੋਲਾ॥
ਸਬਦੁ ਨ ਸੁਣਈ ਬਹੁ ਰੋਲ ਘਚੋਲਾ॥ (313, ਮ. 3)

ਇਸ ਰੋਲ ਘਚੋਲੇ ਦੇ ਆਲਮ ਵਿਚ ਗੁਰੂ ਨੂੰ ਨਿਸ਼ਕਾਮ ਭਾਵ ਨਾਲ ਪਿਆਰ ਕਰਨ ਵਾਲੇ ਅਤੇ ਗੁਰੂ ਦੇ ਬਚਨਾਂ ਦਾ ਸਮਾਜਕ ਮਹੱਤਵ ਸਮਝਣ ਵਾਲਿਆਂ ਦੀ ਵੀ ਘਾਟ ਨਹੀਂ ਹੈ। ਜੋ ਲੋਕ ਮਹਿਸੂਸ ਕਰਦੇ ਹਨ ਕਿ ਮਾਨਵ ਕਲਿਆਣ ਲਈ ਗੁਰੂ ਗਰੰਥ ਸਾਹਿਬ ਦੇ ਸੰਦੇਸ਼ ਨੂੰ ਪ੍ਰਚਾਰਿਆ ਪ੍ਰਸਾਰਿਆ ਜਾਣਾ ਚਾਹੀਦਾ ਹੈ ਉਹਨਾਂ ਨੂੰ ਇਹਨਾਂ ਅਸਥਾਨਾਂ ਦੀ ਪੁਨਰ ਸੁਰਜੀਤੀ ਕਰਕੇ ਇਹਨਾਂ ਨੂੰ ਉਸ ਵਿਚਾਰਧਾਰਾ ਦੇ ਅਧੁਨਿਕ ਪ੍ਰਚਾਰ ਕੇਂਦਰਾਂ ਵਜੋਂ ਸਥਾਪਤ ਕਰਨ ਲਈ ਸਿਰ ਜੋੜਨੇ ਚਾਹੀਦੇ ਹਨ ਜਿਸ ਵਿਚਾਰਧਾਰਾ ਦੇ ਪ੍ਰਚਾਰ ਲਈ ਗੁਰੂ ਸਾਹਿਬ ਇਹਨਾਂ ਥਾਵਾਂ 'ਤੇ ਪੈਦਲ ਲੰਮੀਆਂ ਵਾਟਾਂ ਮਾਰ ਕੇ ਪਹੁੰਚੇ। ਬਾਬੇ ਨੇ ਜਿਥੇ ਵੀ ਜਾ ਕੇ ਲੋਕ ਕਲਿਆਣ ਹਿੱਤ ਜੋ ਗੱਲਾਂ ਕੀਤੀਆਂ ਉਹ ਗੱਲਾਂ ਉਥੇ ਅਸਰਦਾਰ ਢੰਗ ਨਾਲ ਚਲਦੀਆਂ ਰਹਿਣੀਆਂ ਚਾਹੀਦੀਆਂ ਹਨ।

Laser typeset at Mantej Graphics, Amritsar
And printed at Magic International Pvt. Ltd., Greater Noida



ਭਾਗ 4 A

ਅਨੁਛੇਦ 51 A

# ਮੌਲਿਕ ਕਰਤੱਵ

## ਭਾਰਤੀ ਨਾਗਰਿਕ ਦੇ ਮੌਲਿਕ ਕਰਤੱਵ :

ੳ) ਸੰਵਿਧਾਨ ਦੀ ਪਾਲਣਾ ਕਰਨਾ ਅਤੇ ਇਸਦੇ ਆਦਰਸ਼ਾਂ, ਇਸ ਦੀਆਂ ਸੰਸਥਾਵਾਂ, ਰਾਸ਼ਟਰੀ ਝੰਡੇ ਅਤੇ ਰਾਸ਼ਟਰੀ ਗੀਤ ਸਨਮਾਨ ਕਰਨਾ।

ਅ) ਉਨ੍ਹਾਂ ਸਾਰੇ ਆਦਰਸ਼ਾਂ ਦਾ ਆਦਰ ਤੇ ਪਾਲਣਾ ਕਰਨਾ ਜਿਨ੍ਹਾਂ ਆਦਰਸ਼ਾਂ ਨੇ ਸੁਤੰਤਰਤਾ ਲਈ ਕੀਤੇ ਸਾਡੇ ਰਾਸ਼ਟਰੀ ਸੰਘਰਸ਼ ਨੂੰ ਉਤਸ਼ਾਹਿਤ ਕੀਤਾ।

ੲ) ਭਾਰਤ ਦੀ ਪ੍ਰਭੂਸੱਤਾ, ਏਕਤਾ ਤੇ ਅਖੰਡਤਾ ਦਾ ਸਮਰਥਨ ਅਤੇ ਰੱਖਿਆ ਕਰਨੀ।

ਸ) ਦੇਸ਼ ਦੀ ਰੱਖਿਆ ਅਤੇ ਲੋੜ ਪੈਣ 'ਤੇ ਰਾਸ਼ਟਰ ਦੀ ਸੇਵਾ ਕਰਨੀ।

ਹ) ਧਾਰਮਿਕ, ਭਾਸ਼ਾਈ, ਖੇਤਰੀ ਤੇ ਵਰਗੀ ਭਿੰਨਤਾਵਾਂ ਤੋਂ ਉਪਰ ਉੱਠ ਕੇ ਭਾਰਤ ਦੇ ਸਾਰੇ ਲੋਕਾਂ ਵਿਚ ਸੁਮੇਲਤਾ ਦੇ ਸਾਂਝੇ ਯਤਨ ਕਰਨੇ ਅਤੇ ਇਸਤਰੀਆਂ ਦੇ ਗੌਰਵ ਦੀ ਨਿਰਦਾਰੀ ਕਰਨ ਵਾਲੀਆਂ ਪ੍ਰਥਾਵਾਂ ਦਾ ਤਿਆਗਣਾ।

ਕ) ਸੰਯੁਕਤ, ਸਭਿਆਚਾਰ ਦੇ ਸ਼ਾਨਦਾਰ ਵਿਰਸੇ ਦਾ ਆਦਰ ਕਰੇ ਅਤੇ ਉਸਨੂੰ ਕਾਇਮ ਰੱਖਣਾ।

ਖ) ਜੰਗਲ, ਝੀਲਾਂ, ਦਰਿਆਵਾਂ ਅਤੇ ਜੰਗਲੀ ਜੀਵਨ ਸਮੇਤ ਕੁਦਰਤੀ ਵਾਤਾਵਰਣ ਦੀ ਰੱਖਿਆ ਤੇ ਸੁਧਾਰ ਕਰਨਾ ਅਤੇ ਜੀਵ ਜੰਤੂਆਂ ਉਪਰ ਦਇਆ ਕਰਨੀ।

ਗ) ਵਿਗਿਆਨਕ ਸੁਭਾਅ, ਮਾਨਵਵਾਦ ਅਤੇ ਜਾਂਚ ਕਰਨ ਤੇ ਸੁਧਾਰ ਕਰਨ ਦੀ ਭਾਵਨਾ ਵਿਕਸਿਤ ਕਰਨੀ।

ਘ) ਜਨਤਕ ਸੰਪਤੀ ਦੀ ਰੱਖਿਆ ਕਰੇ ਅਤੇ ਹਿੰਸਾ ਨੂੰ ਤਿਆਗਣ ਦਾ ਪ੍ਰਣ ਕਰਨਾ।

ਙ) ਵਿਅਕਤੀਗਤ ਤੇ ਸਮੂਹਿਕ ਗਤੀਵਿਧੀਆਂ ਦੇ ਹਰੇਕ ਖੇਤਰ ਵਿਚ ਉਤਮਤਾ ਪ੍ਰਾਪਤ ਕਰਨ ਦਾ ਯਤਨ ਕਰਨਾ ਤਾਂ ਜੋ ਰਾਸ਼ਟਰ ਪ੍ਰਾਪਤੀਆਂ ਦੇ ਉਚੇਰੇ ਪੱਧਰਾਂ ਵੱਲ ਵਧਦਾ ਰਹੇ।

ਚ) 6 ਤੋਂ 14 ਸਾਲ ਦੀ ਉਮਰ ਬੱਚਿਆਂ ਨੂੰ ਮਾਪਿਆਂ ਜਾਂ ਸਰਪ੍ਰਸਤਾਂ ਵਲੋਂ ਸਿੱਖਿਆ ਦੇ ਮੌਕੇ ਪ੍ਰਦਾਨ ਕਰਨਾ।

ਜਸਵੰਤ ਸਿੰਘ ਜ਼ਫ਼ਰ ਬੁੱਧ ਵਿਵੇਕ ਨਾਲ ਵਰੋਸਾਇਆ ਹੋਇਆ ਕਵੀ ਅਤੇ ਚਿੰਤਕ ਹੈ। ਉਹ ਬਹੁਤ ਪ੍ਰਤਿਭਾਸ਼ਾਲੀ, ਬਾਰੀਕਬੀਨ ਤੇ ਸੰਵੇਦਨਸ਼ੀਲ ਦਾਨਿਸ਼ਵਰ ਹੈ। ਕਵਿਤਾ ਅਤੇ ਵਾਰਤਕ ਦੋਹਾਂ ਖੇਤਰਾਂ ਵਿਚ ਉਸਦੀ ਵਿਲੱਖਣਤਾ ਸਰਵ-ਪ੍ਰਵਾਨਿਤ ਹੈ। ਬੰਦਿਆਂ ਦੇ ਕਰਮਾਂ, ਕਥਨਾਂ ਤੇ ਸੋਚਾਂ ਨੂੰ ਪਰਖਣ ਲਈ ਉਹ ਮੁੱਖ ਤੌਰ 'ਤੇ ਗੁਰਬਾਣੀ ਤੋਂ ਚਾਨਣ ਲੈਂਦਾ ਹੈ। 'ਅਸੀਂ ਨਾਨਕ ਦੇ ਕੀ ਲਗਦੇ ਹਾਂ' ਇਹ ਸਿਰਫ਼ ਉਸਦੀ ਕਵਿਤਾ ਜਾਂ ਕਿਤਾਬ ਦਾ ਨਾਮ ਨਹੀਂ ਹੈ, ਉਸ ਦੀ ਸਮੁੱਚੀ ਸੋਚ ਦਾ ਧੁਰਾ ਹੈ। ਦੋ ਸਾਹਾਂ ਵਿਚਕਾਰ, ਅਸੀਂ ਨਾਨਕ ਦੇ ਕੀ ਲਗਦੇ ਹਾਂ, ਇਹ ਬੰਦਾ ਕੀ ਹੁੰਦਾ ਹੈ, ਪਿਆਰੇ ਆਓ ਘਰੇ ਕਾਵਿ ਪੁਸਤਕਾਂ ਸਦਕਾਂ ਉਸ ਦਾ ਸ਼ੁਮਾਰ ਸਮਕਾਲੀ ਕਵੀਆਂ ਦੀ ਪਹਿਲੀ ਸਫ਼ ਵਿਚ ਹੁੰਦਾ ਹੈ। ਉਸ ਦੀਆਂ ਵਾਰਤਕ ਪੁਸਤਕਾਂ ਸਿਖੁ ਸੁ ਖੋਜਿ ਲਹੈ, ਮੈਨੂੰ ਇਉਂ ਲੱਗਿਆ, ਭਗਤੁ ਸਤਿਗੁਰੂ ਹਮਾਰਾ, ਨਾਨਕ ਏਵੇ ਜਾਣੀਐ ਅਤੇ ਚਮੇਲੀ ਦੇ ਫੁੱਲ ਪੰਜਾਬੀ ਪਾਠਕਾਂ ਵਿਚ ਬਹੁਤ ਮਕਬੂਲ ਹੋਈਆਂ ਹਨ। ਗੁਰਬਾਣੀ ਦੀ ਲੋਏ ਗੁਰਮਤਿ ਵਿਚਾਰਧਾਰਾ ਦੇ ਮਾਰਗ ਨੂੰ ਦੇਖਣ ਅਤੇ ਦਰਸਾਉਣ ਦੀ ਸੁਹਿਰਦ ਕੋਸ਼ਿਸ਼ ਉਸ ਦੀ ਕਵਿਤਾ ਅਤੇ ਵਾਰਤਕ ਦਾ ਵੱਡਾ ਸਰੋਕਾਰ ਹੈ। ਉਸਦੀ ਲੇਖਣੀ ਨਵੀਆਂ ਸੋਚਾਂ, ਨਵੀਆਂ ਧਾਰਨਾਵਾਂ, ਸੱਜਰੀਆਂ ਭਾਵਨਾਵਾਂ ਅਤੇ ਭਵਿੱਖ ਲਈ ਉੱਦਮਾਂ ਦੀ ਪ੍ਰੇਰਣਾ ਜਗਾਉਂਦੀ ਹੈ। ਇਸ ਪੁਸਤਕ ਦੇ ਰੂਪ 'ਚ ਜ਼ਫ਼ਰ ਹੁਣਾਂ ਦੀ ਵਾਰਤਕ ਦਾ ਚੋਣਵਾਂ ਖ਼ੂਬਸੂਰਤ ਗੁਲਦਸਤਾ ਪਾਠਕਾਂ ਲਈ ਹਾਜ਼ਰ ਹੈ।

—ਸੁਰਜੀਤ ਪਾਤਰ

₹ 180.00
ISBN 935743843-2
24251128
Babe Bolde (Punjabi)

nbt.india
एकः सूते सकलम्
ਨੈਸ਼ਨਲ ਬੁੱਕ ਟਰੱਸਟ, ਇੰਡੀਆ